Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
Immigration
Real Estate
Commercial Law
Affidavit
Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit punjabipost.ca/epaper | Vol 21* Issue 49 | Friday, March 11, 2022 | Tel: 905-793-2202 | Fax: 905-793-2282 | news@punjabipost.ca ਤੁਸੀਂ 'ਪੰਜਾਬੀ ਪੋਸਟ' Onlineਰੋਜ਼ਾਨਾ ਪੜ੍ਹ ਸਕਦੇ ਹੋ

## ਯੂਕਰੇਨ ਉੱਤੇ ਨੋ ਫਲਾਈ ਜ਼ੋਨ ਬਣਾਉਣ ਦੀ ਜ਼ੈਲੈਂਸਕੀ ਦੀ ਮੰਗ ਟਰੂਡੋ ਨੇ ਠੁਕਰਾਈ



ਓਟਵਾ, 10 ਮਾਰਚ (ਪੋਸਟ ਬਿਊਰੋ) : ਯੂਕਰੇਨ ਦੇ ਉੱਤੇ ਨੋ ਫਲਾਈ ਜ਼ੋਨ ਬਣਾਉਣ ਦੀ ਰਾਸ਼ਟਰਪਤੀ ਵੋਲੋਦੀਮੀਰ ਜ਼ੈਲੈਂਸਕੀ ਦੀ ਮੰਗ ਨੂੰ ਮੰਨਣ ਤੋਂ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਇਨਕਾਰ ਕਰ ਦਿੱਤਾ ਗਿਆ। ਟਰੂਡੋ ਨੇ ਆਖਿਆ ਕਿ ਉਨ੍ਹਾਂ ਨੂੰ ਅਜਿਹਾ ਇਸ ਲਈ ਕਰਨਾ ਪਿਆ ਕਿਉਂਕਿ ਇਸ ਤਰ੍ਹਾਂ ਦੇ ਫੈਸਲੇ ਨਾਲ ਰੂਸੀ ਸੈਨਾਂਵਾਂ ਨੇ ਹੋਰ ਤੈਸ਼ ਵਿੱਚ ਆ ਕੇ ਹਮਲੇ ਤੇਜ਼ ਕਰ ਦੇਣੇ ਸਨ। ਟਰੂਡੋ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਕਿ ਜ਼ੈਲੈਂਸਕੀ ਨੇ ਵੀਰਵਾਰ ਨੂੰ ਇੱਕ ਫੋਨ ਕਾਲ ਦੌਰਾਨ ਉਨ੍ਹਾਂ ਨੂੰ ਸਿੱਧੇ ਤੌਰ ਉੱਤੇ ਇਹ ਆਖਿਆ ਸੀ ਕਿ ਯੂਕਰੇਨ ਦੇ ਉੱਤੇ ਨੋ ਫਲਾਈ ਜ਼ੋਨ ਬਣਾ ਦਿੱਤੀ ਜਾਵੇ। ਟਰੂਡੋ ਨੇ ਆਖਿਆ ਕਿ ਉਨ੍ਹਾਂ ਨੂੰ ਜ਼ੈਲੈਂਸਕੀ ਨੂੰ ਮਨ੍ਹਾਂ ਕਰਦਿਆਂ ਹੋਇਆਂ ਚੰਗਾ ਨਹੀਂ ਲੱਗਿਆ। ਉਨ੍ਹਾਂ ਆਖਿਆ ਕਿ ਅਸੀਂ ਨਾਟੋ ਨੂੰ ਸਿੱਧੇ ਤੌਰ ਉੱਤੇ ਇਸ ਲੜਾਈ ਵਿੱਚ ਨਹੀਂ ਝੋਕ ਸਕਦੇ ਤੇ ਨਾ ਹੀ ਨਾਟੋ ਦੇ ਜਹਾਜ਼ਾਂ ਨੂੰ ਯੂਕਰੇਨ ਉੱਤੇ ਭੇਜ ਕੇ ਰੂਸੀ ਜਹਾਜ਼ਾਂ ਨੂੰ ਫੁੰਡ ਸਕਦੇ ਹਾਂ।

ਉਨ੍ਹਾਂ ਆਖਿਆ ਕਿ ਇਸ ਸਥਿਤੀ ਵਿੱਚ ਜੋ ਜ਼ਰੂਰੀ ਬਣ ਸਕਦਾ ਹੈ ਅਸੀਂ ਸਾਰਾ ਕੁੱਝ ਕਰ ਰਹੇ ਹਾਂ ਪਰ ਜ਼ੈਲੈਂਸਕੀ ਦੀ ਇਹ ਮੰਗ ਨਹੀਂ ਮੰਨੀ ਜਾ ਸਕਦੀ। ਰੂਸ ਦੇ ਹਮਲੇ ਤੋਂ ਬਾਅਦ ਤੋਂ ਹੀ ਜ਼ੈਲੈਂਸਕੀ ਇਹ ਮੰਗ ਕਰਦੇ ਆ ਰਹੇ ਹਨ ਪਰ ਪੱਛਮੀ ਆਗੂਆਂ ਦਾ ਮੰਨਣਾ ਹੈ ਕਿ ਅਜਿਹਾ ਕਰਨ ਨਾਲ ਪੂਰੇ ਯੂਰਪ ਵਿੱਚ ਜੰਗ ਛਿੜ ਜਾਵੇਗੀ ਤੇ ਸਾਰਿਆਂ ਲਈ ਹੀ ਇਹ ਚੰਗੀ ਗੱਲ ਨਹੀਂ ਹੋਵੇਗੀ।

ਪੱਛਮੀ ਮੁਲਕਾਂ ਵੱਲੋਂ ਇਸ ਤਰ੍ਹਾਂ ਦੀਆਂ ਪਾਬੰਦੀਆਂ 1991 ਦੀ ਖਾੜੀ ਦੀ ਜੰਗ, 1993-95 ਦਰਮਿਆਨ ਬੋਸਨੀਆ ਅਤੇ ਹਰਜ਼ੇਗੋਵੀਨਾ ਵਿੱਚ ਘਰੇਲੂ ਜੰਗ ਦੌਰਾਨ ਤੇ 2011 ਵਿੱਚ ਲਿਬੀਆ ਦੀ ਘਰੇਲੂ ਜੰਗ ਦੌਰਾਨ ਲਾਈਆਂ ਗਈਆਂ ਸਨ।

## ਪੰਜਾਬ ਵਿੱਚ ਆਪ ਪਾਰਟੀ ਨੇ 117 ਵਿੱਚੋਂ 92 ਸੀਟਾਂ ਦੀ ਜਿੱਤ ਨਾਲ ਝਾੜੂ ਫੇਰਿਆ

* ਕਾਂਗਰਸੀ 18, ਅਕਾਲੀਆਂ ਦੀ 3, ਭਾਜਪਾ ਦੇ ਦੋ, ਬਸਪਾ ਦੀ 1 ਸੀਟ ਆਈ
* ਮੁੱਖ ਮੰਤਰੀ ਚਰਨਜੀਤ ਚੰਨੀ ਚਮਕੌਰ ਸਾਹਿਬ ਤੇ ਭਦੌੜ ਦੋਵੇਂ ਥਾਂ ਹਾਰ ਗਏ
* ਸਿਆਸਤ ਦਾ ਬਾਬਾ ਬੋਹੜ ਵੱਡਾ ਬਾਦਲ ਹਨੇਰੀ ਅੱਗੇ ਨਹੀਂ ਟਿਕ ਸਕਿਆ
* ਆਪ ਪਾਰਟੀ ਦੇ 11 ਉਮੀਦਵਾਰ 50 ਹਜ਼ਾਰ ਤੋਂ ਵੱਧ ਫ਼ਰਕ ਨਾਲ ਜਿੱਤੇ
* 12 ਮਹਿਲਾ ਉਮੀਦਵਾਰ ਵਿਧਾਨ ਸਭਾ ਵਿੱਚ ਪੁੱਜੀਆਂ



ਚੰਡੀਗੜ੍ਹ, 10 ਮਾਰਚ, (ਪੋਸਟ ਬਿਊਰੋ)- ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਦੇ ਅੱਜ ਦਸ ਮਾਰਚ ਨੂੰ ਆਏ ਨਤੀਜਆਂ ਵਿੱਚ ਆਮ ਆਦਮੀ ਪਾਰਟੀ ਨੂੰ ਪੂਰਨ ਬਹੁਮਤ ਦੇ ਬਜਾਏ ਅਣਕਿਆਸਿਆ ਬਹੁਮੱਤ ਮਿਲਿਆ ਹੈ। ਪਾਰਟੀ ਨੇ ਇਸ ਰਾਜ ਦੀਆਂ ਕੁੱਲ 117 ਵਿੱਚੋਂ 92 ਸੀਟਾਂ ਜਿੱਤਲਈਆਂ ਅਤੇ ਇਸ ਦੇ ਮੁੱਖ ਮੰਤਰੀ ਅਹੁਦੇ ਲਈ ਉਮੀਦਵਾਰ ਭਗਵੰਤ ਮਾਨ ਆਪਣੀ ਸੰਗਰੂਰ ਜ਼ਿਲੇ ਦੀ ਧੂਰੀ ਸੀਟ ਤੋਂ ਬਹੁਤ ਵੱਡੇ ਫਰਕ ਨਾਲ ਜਿੱਤ ਗਏ ਹਨ।

ਇਸ ਚੋਣ ਵਿੱਚ ਪੰਜਾਬ ਵਿੱਚ ਰਾਜ ਕਰਦੀ ਕਾਂਗਰਸ ਪਾਰਟੀ ਅਤੇ ਲੰਮਾ ਸਮਾ ਰਾਜ ਕਰ ਚੁੱਕੇ ਅਕਾਲੀ ਦਲ ਦੇ ਬਹੁਤ ਸਾਰੇ ਵੱਡੇ ਲੀਡਰ ਹਾਰ ਗਏ ਹਨ। ਪੰਜਾਬ ਦੇ ਮੰਤਰੀ ਰਾਣਾ ਗੁਰਜੀਤ ਸਿੰਘ ਕਪੂਰਥਲਾ ਹਲਕੇ ਤੋਂ ਤੇ ਉਨ੍ਹਾਂ ਦਾ ਪੁੱਤਰ ਆਜ਼ਾਦ ਉਮੀਦਵਾਰ ਵਜੋਂਜਿੱਤਗਿਆ ਹੈ, ਪਰ ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਦੋ ਹਲਕਿਆਂ ਚਮਕੌਰ ਸਾਹਿਬ ਅਤੇ ਭਦੌੜ ਤੋਂ ਚੋਣ ਲੜੀ ਸੀ ਤੇ ਉਹ ਇਨ੍ਹਾਂ ਦੋਵਾਂਥਾਂਵਾਂ ਤੋਂ ਹਾਰ ਗਏ ਹਨ।ਕਾਂਗਰਸ ਦੇ ਪੰਜਾਬ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਆਪਣੇ ਅੰਮ੍ਰਿਤਸਰ ਪੂਰਬੀਹਲਕੇ ਤੋਂ ਚੋਣ ਹਾਰ ਗਏ ਹਨ ਤੇ ਬਜ਼ੁਰਗ ਅਕਾਲੀ ਆਗੂ ਤੇ ਪੰਜਾਬ ਦੇ ਪੰਜ ਵਾਰੀ ਦੇਮੁੱਖ ਮੰਤਰੀ ਰਹਿ ਚੁੱਕੇ 'ਸਿਆਸਤ ਦੇ ਬਾਬਾ ਬੋਹੜ' ਮੰਨੇ ਜਾਂਦੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਆਪਣੇ ਲੰਬੀ ਦੇ ਰਿਵਾਇਤੀ ਹਲਕੇ ਤੋਂ ਚੋਣ ਹਾਰ ਗਏ ਹਨ। ਉਨ੍ਹਾਂ ਨੂੰ ਆਮ ਆਦਮੀ ਪਾਰਟੀਦੇ ਗੁਰਮੀਤ ਸਿੰਘ ਖੁੱਡੀਆਂ ਨੇ 11396 ਵੋਟਾਂ ਦੇ ਫਰਕ ਨਾਲ ਹਰਾਇਆ ਹੈ।

ਕਾਂਗਰਸ ਲਈ ਸਭ ਤੋਂ ਵੱਡੀ ਸੱਟ ਇਹ ਸੀ ਕਿ ਦਲਿਤ ਵੋਟਾਂ ਦੀ ਖਿੱਚ ਦੀ ਆਸ ਰੱਖਦੇ ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੋ ਸੀਟਾਂ ਸ੍ਰੀ ਚਮਕੌਰ ਸਾਹਿਬ ਅਤੇ ਭਦੌੜ ਚੋਣ ਲੜੇ ਸਨ ਅਤੇ ਦੋਵਾਂ ਸੀਟਾਂ ਤੋਂ ਹਾਰ ਗਏ ਹਨ। ਉਨ੍ਹਾਂ ਨੂੰ ਦੋਵਾਂ ਸੀਟਾਂ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਨੇ ਹਰਾਇਆ ਹੈ। ਚਮਕੌਰ ਸਾਹਿਬ ਵਿੱਚਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੂੰ 62148 ਵੋਟਾਂ ਮਿਲੀਆਂ ਅਤੇ ਆਮ ਆਦਮੀ ਪਾਰਟੀ ਦੇ ਉਮੀਦਵਾਰ ਚਰਨਜੀਤ ਸਿੰਘ ਚੰਨੀ ਨੂੰ 70,248 ਵੋਟਾਂ ਮਿਲੀਆਂ ਅਤੇ ਉਸ ਨੂੰ 7833 ਵੋਟਾਂ ਦੇ ਫਰਕ ਨਾਲ ਹਰਾ ਦਿੱਤਾ ਹੈ। ਬਸਪਾ ਦੇ ਹਰਮੋਹਨ ਸਿੰਘ ਸਾਬਕਾ ਐੱਸ ਐੱਸ ਪੀ ਨੂੰ ਮਸਾਂ 3802 ਵੋਟਾਂ ਮਿਲੀਆਂ ਤੇ ਤੀਸਰੇ ਥਾਂ ਰਹੇ ਹਨ। ਭਾਜਪਾ ਦੇ ਦਰਸ਼ਨ ਸਿੰਘ ਸ਼ਿਵਜੋਤ ਨੂੰ ਮਸਾਂ2514 ਵੋਟਾਂ ਮਿਲੀਆਂ।ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੂੰ ਭਦੌੜ ਸੀਟ ਤੋਂ 26409 ਵੋਟਾਂ ਮਿਲੀਆਂ, ਜਦ ਕਿ ਆਮ ਆਦਮੀ ਪਾਰਟੀ ਦੇ ਉਮੀਦਵਾਰ ਲਾਭ ਸਿੰਘ ਉੱਗੋਕੇ ਨੂੰ 63967 ਵੋਟਾਂ ਪਈਆਂ ਅਤੇ ਲਾਭ ਸਿੰਘ ਨੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੂੰ 37,558 ਵੋਟਾਂ ਦੇ ਵੱਡੇ ਫਰਕ ਨਾਲ ਹਰਾ ਦਿੱਤਾ। ਅਕਾਲੀ ਦਲ ਦਾ ਸਤਨਾਮ ਸਿੰਘ 21183 ਵੋਟਾਂ ਨਾਲ ਤੀਜੇ ਨੰਬਰ ਉੱਤੇਰਿਹਾ ਅਤੇ ਮੁੱਖ ਮੰਤਰੀ ਦੀ ਦੋਵੇਂ ਥਾਂ  ਹਾਰ ਨਾਲ ਕਾਂਗਰਸ ਵਿੱਚ ਕਾਫ਼ੀ ਮਾਯੂਸੀ ਹੈ।

...ਬਾਕੀ ਪੰਨਾ 5 'ਤੇ

### ਅੰਦਰ ਇਹ ਵੀ ਪੜ੍ਹੋ

ਕੰਜ਼ਰਵੇਟਿਵ ਲੀਡਰਸ਼ਿਪ ਦੌੜ ਵਿੱਚ ਹਿੱਸਾ ਲੈਣ ਦਾ ਐਲਾਨ ਜਲਦ ਕਰ ਸਕਦੇ ਹਨ ਪੈਟ੍ਰਿਕ ਬ੍ਰਾਊਨ



ਪੰਨਾ 03

ਪੀਅਰਸਨ ਇੰਟਰਨੈਸ਼ਨਲ ਏਅਰਪੋਰਟ ਖ਼ਤਮ ਨਹੀਂ ਕਰੇਗਾ ਮਾਸਕ ਸਬੰਧੀ ਪਾਬੰਦੀਆਂ



ਪੰਨਾ 06

MOTEL FOR SALE ON HWY 7
IN THE MIDDLE OF TORONTO AND OTTAWA
$1,275,000
Excellent Cash Flow And Low Vacancy Rate
Low Operating Costs
Many Recent Upgrades To Rooms
New Security Camera System
Plan Approved For Additional Unit
RAJ HANDA BROKER OF RECORD
DIR: 647-546-5228
OFF: 905-457-4588
SAVE MAX GLOBAL REALTY
RAJ@SAVEMAXGLOBALREALTY.COM

ROYAL STAR Realty Inc. Brokerage
Off: 905-793-1111
Fax: 905-793-1455
RESIDENTIAL | COMMERCIAL | INVESTMENT
Serving you from one of the Largest Offices in GTA !
GURVIR DHILLON
Sales Representative
Dir: 647-409-1302
170 Steelwell Rd., Unit 200, Brampton, ON L6T 5T3
gaggi04@hotmail.com | www.royalstarrealty.com

NOW HIRING !!!
ALLKIND INSURANCE
Life Insurance
Critical illness Ins
Travel & Visitor Ins
RESP & TFSA & RRSP
Super Visa Insurance
Mortgage Insurance
Disability Insurance
Funeral Insurance
SIMRAN SAINI
416.994.7272
www.allkindinsurance.com

Locations
Woodbridge
Mississauga
Scarborough
YES! Immigration
Yes we can...
Celebrating 16 Years
16 ਸਾਲਾਂ ਤੋਂ ਤੋਹਾਡੀ ਸੇਵਾ ਵਿਚ
ਇੰਮਿਗਰੇਸ਼ਨ ਸੇਵਾਵਾਂ
10-20% Discount
iccrc
Raj Narang
Ritu Narang
ਕੇਨੇਡਾ ਦੇ ਵੀਜ਼ਾ ਵਾਸਤੇ ਅਜੱ ਹੀ ਸੰਪਰਕ ਕਰੋ:
(416)740-6969
(647)616-1020

SUPER VISA INSURANCE EXPERTS
7003 Steeles Ave. W, Unit 10, Etobicoke, ON, M9W 0A2
gill@punjabinsurance.ca | topinsuranceservices.ca
Punjab Insurance Inc
RANJIT GILL
Insurance Advisor
416-724-5000
Disability Insurance
Mortgage Insurance
Life Insurance
Visitor & Travel Insurance
RESP(Education Plan)
Critical Illness Insurance

HELPING YOU PLAN TODAY...FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
www.ufsinsurance.com
JATINDERBIR S BAJWA
Insurance Broker
Dir:647-928-4990
# 25-831 Bovaird Dr. W. Brampton, ON L6X0T9 | www.ufsinsurance.com

INSURANCE
Home
Business
Life Insurance
Auto
Trucking
Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5N 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat
Axael InsuranceBrokers Ltd.
1332 Khalsa Dr, Unit # 11, Mississauga, ON L5S 0A2

Dubai Jewellers
10% additional discount on gold and upto 50% on diamond.
ਨਵੇਂ ਬਣੇ ਪਲਾਜ਼ਾ ਦੇ ਵਿਚ
2700 Northpark Drive
Unit #19, Brampton
Ontario L6S 0E9
North Park & Airport Major Intersection
Gift Prize with Every Purchase
* Repair at no extra cost
* Appraisal Certificate
* Buy, Sell, Trade
Tuesday to Sunday (12-8)
(Monday Closed)
Dubai Jewellers
Raj & Gulshan
Mob: 416-465-1200
www.dubaijewellers.ca
info@dubaijewellers.ca

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu
Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

CN Forklift Training Center
Counterbalance All Types
Walkie pallet Low Lift
Electric Motor Narrow Aisle Reach
Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan
Certified Instructor

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
Residential, Commercial
KSG Pest Control Inc.
www.ksgpestcontrol.ca
ksgpestcontrol@gmail.com
Amarjeet Singh Gill
Certified & Licenced Exterminator

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ ?
ਗਾਰਨਿਸ਼ਮੈਂਟ?
ਬੈਂਕ ਵਲੋਂ ਪੈਸੇ ਦੀ ਮੰਗ ?
ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available
1888 864 3131
Jasbir Singh Hundal
Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

MANN LAW FIRM
Real Estate Law
Wills & Estates
Power of Attorney
Business Law
Family Law
Civil Litigation
Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

Law Office of Aman Sharma
Real Estate - Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6
Brampton, ON, L6P 3W4
Aman Sharma
Open Saturday
Providing excellent quality legal services to our clients

KELLEY LAW OFFICE
Immigration
Family Law
Corporate
Real Estate
Business Closing
Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
1200 Derry Road E, #15, Mississauga, ON L5T 0B3
Shinder Kelley
905-362-0755

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Avon Financial Inc.
Brokerage Lic. 12538
Cell: 416-841-4218 Tel: 905-216-5563
Harpreet Singh Goraya
Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

Royal Pest Control
Residential Commercial Industrial
Specialist in Bedbugs Service
All Pest Control :
Mouse & Rats
Cockroaches
Spiders & Fleas
Carpenter Ants
Bedbugs
Silver Fish
Wasps
Racoons
Call : PARESH PATEL
416 938 4598




LIGHT SPEED Logistics Inc.

# Now Hiring

## Owner Operators

| | |
|---|---|
| US TEAM | $2.09 |
| US SINGLE | $1.94 |
| ONTARIO/QUEBEC TO MIDWEST | $2.24 |
| CANADIAN TEAM | $1.89 |
| CANADIAN SINGLE | $1.74 |
| (AB-BC) (BC-AB) | $2.29 |

## Company Drivers

| | |
|---|---|
| US TEAM | $0.86 |
| US SINGLE | $0.62 |
| CANADIAN TEAM | $0.66 |
| CANADIAN SINGLE | $0.50 |
| ON/QC TEAM TO MID-WEST | $0.96 |
| ON/QC SINGLE TO MID-WEST | $0.72 |
| (AB-BC) (BC-AB) TEAM | $0.81 |
| (AB-BC) (BC-AB) SINGLE | $0.65 |

* Conditions Apply

Call us or Drop in!

JAGGI DHILLON : 403-542-4258
GURBIR SARAN : 416-768-5441
1-800-397-6009 (Press Option 3)
122 Carmek Blvd, Rocky View AB T1X 1X1

safedrivers@lslinc.com www.lslinc.com

# EXCLUSIVE OFFER!

## GET A $15 IN-STORE CREDIT

*WITH NEW ACTIVATION ON A $25/MO DATA, TALK, & TEXT PLAN OR HIGHER

chatr™ AUTHORIZED DEALER

1 Promenade Circle | Thornhill, ON | 647-274-3808
2456 Lake Shore Blvd West | Etobicoke, ON | 416-259-3654
379 Main St. North | Brampton, ON | 905-451-0379

See in-store for details. Offer available March 6th - 31st, 2022 and subject to change without notice. *Only applicable with new activation on a $25/mo Data, Talk & Text plan or higher. In-store credit cannot be applied to top-ups, bill payments, SIM cards, vouchers or redeemed for cash and has no cash value. Visit chatrmobile.com/plans for more details. Taxes are extra and while quantities last. ™ Trademarks used under license ©2022

# ਜੀਨ ਚਾਰੈਸਟ ਵੀ ਕੰਜ਼ਰਵੇਟਿਵ ਪਾਰਟੀ ਦੀ ਲੀਡਰਸ਼ਿਪ ਦੌੜ ਵਿਚ ਨਿੱਤਰਣ ਦੀ ਕਰ ਰਹੇ ਹਨ ਤਿਆਰੀ

ਓਟਵਾ, 10 ਮਾਰਚ (ਪੋਸਟ ਬਿਊਰੋ) : 10 ਸਤੰਬਰ ਨੂੰ ਕੈਨੇਡਾ ਦੀ ਕੰਜ਼ਰਵੇਟਿਵ ਪਾਰਟੀ ਵੱਲੋਂ ਆਪਣੇ ਆਗੂ ਦੀ ਚੋਣ ਕੀਤੀ ਜਾਵੇਗੀ। ਪਾਰਟੀ ਦੇ ਸੰਭਾਵੀ ਉਮੀਦਵਾਰਾਂ ਤੇ ਉਨ੍ਹਾਂ ਦੀਆਂ ਟੀਮਾਂ ਲਈ ਕਮਰ ਕੱਸਣ ਦਾ ਸਮਾਂ ਆ ਗਿਆ ਹੈ।

ਇਸ ਲੀਡਰਸ਼ਿਪ ਮੁਕਾਬਲੇ ਵਿੱਚ ਹਿੱਸਾ ਲੈਣ ਵਾਲਿਆਂ ਲਈ ਇਸ ਪਿੜ ਵਿੱਚ ਨਿੱਤਰਣ ਵਾਸਤੇ 19 ਅਪਰੈਲ ਤੱਕ ਦਾ ਤੇ ਮੈਂਬਰਸ਼ਿਪ ਜੋੜਨ ਲਈ 3 ਜੂਨ ਤੱਕ ਦਾ ਸਮਾਂ ਹੈ। ਹੁਣ ਤੱਕ ਸਿਰਫ ਇੱਕ ਉਮੀਦਵਾਰ ਹੀ ਚੋਣ ਪਿੜ ਵਿੱਚ ਨਿੱਤਰੇ ਹਨ। ਓਟਵਾ ਏਰੀਆ ਤੋਂ ਐਮਪੀ 42 ਸਾਲਾਂ ਦੇ ਪਿਏਰ ਪੌਲੀਏਵਰ ਨੇ ਲੱਗਭਗ ਇੱਕ ਮਹੀਨੇ ਪਹਿਲਾਂ ਹੀ ਇਸ ਦੌੜ ਵਿੱਚ ਹਿੱਸਾ ਲੈਣ ਦਾ ਆਪਣਾ ਇਰਾਦਾ ਸਪਸ਼ਟ ਕਰ ਦਿੱਤਾ ਸੀ। ਉਨ੍ਹਾਂ ਵੱਲੋਂ ਫੰਡਰੇਜ਼ਿੰਗ ਵੀ



ਸ਼ੁਰੂ ਕੀਤੀ ਜਾ ਚੁੱਕੀ ਹੈ ਤੇ ਉਨ੍ਹਾਂ ਨੇ ਕਈ ਹੋਰ ਈਵੈਂਟ ਵੀ ਕਰਵਾਉਣੇ ਸ਼ੁਰੂ ਕਰ ਦਿੱਤੇ ਹਨ। ਉਨ੍ਹਾਂ ਵੱਲੋਂ ਫੈਡਰਲ ਕਾਰਬਨ ਟੈਕਸ ਰੱਦ ਕਰਨ ਦਾ ਤਹੱਈਆ ਵੀ ਪ੍ਰਗਟਾਇਆ ਗਿਆ ਹੈ। ਉਨ੍ਹਾਂ ਤੋਂ ਇਲਾਵਾ ਵੀਰਵਾਰ ਨੂੰ ਜੀਨ ਚਾਰੈਸਟ ਦੇ ਕੈਲਗਰੀ ਤੋਂ ਇਸ ਲੀਡਰਸ਼ਿਪ ਦੌੜ ਵਿੱਚ ਸ਼ਾਮਲ ਹੋਣ ਦੀਆਂ ਵੀ ਕਨਸੋਆਂ ਹਨ। ਕਿਊਬਿਕ ਦੇ ਸਾਬਕਾ ਪ੍ਰੀਮੀਅਰ ਚਾਰੈਸਟ ਨੇ 1990ਵਿਆਂ ਦੇ ਮੱਧ ਵਿੱਚ ਫੈਡਰਲ ਪ੍ਰੋਗਰੈਸਿਵ ਕੰਜ਼ਰਵੇਟਿਵਾਂ ਦੀ ਅਗਵਾਈ ਕੀਤੀ ਸੀ ਤੇ ਪਿੱਛੇ ਜਿਹੇ ਉਨ੍ਹਾਂ ਓਟਵਾ ਵਿੱਚ ਐਮਪੀਜ਼ ਤੇ ਸੈਨੇਟਰਜ਼ ਦੀ ਰਿਸੈਪਸ਼ਨ ਦਾ ਆਯੋਜਨ ਵੀ ਕੀਤਾ ਸੀ। ਉਨ੍ਹਾਂ ਵੱਲੋਂ ਇਨ੍ਹਾਂ ਸਾਰੇ ਐਮਪੀਜ਼ ਤੇ ਸੈਨੇਟਰਜ਼ ਨਾਲ ਇੱਕਲੇ ਇੱਕਲੇ ਵੀ ਮੁਲਾਕਾਤ ਕੀਤੀ ਗਈ ਸੀ। ਉਨ੍ਹਾਂ ਉਸ ਸਮੇਂ ਇਹ ਆਖਿਆ ਸੀ ਕਿ ਉਹ ਇਸ ਬਾਰੇ ਆਖਰੀ ਫੈਸਲਾ ਲੈਣ ਤੋਂ ਪਹਿਲਾਂ ਨਿਯਮ ਵੇਖਣਾ ਚਾਹੁੰਦੇ ਹਨ।

ਲੀਡਰਸ਼ਿਪ ਦੇ ਇਸ ਮੁਕਾਬਲੇ ਵਿੱਚ ਹਿੱਸਾ ਲੈਣ ਬਾਰੇ ਜਿਹੜੇ ਆਗੂ ਵਿਚਾਰ ਕਰ ਰਹੇ ਹਨ ਉਨ੍ਹਾਂ ਵਿੱਚ ਓਨਟਾਰੀਓ ਤੋਂ ਐਮਪੀ ਲੈਸਲਿਨ ਲੁਈਸ, ਪੈਰੀ ਸਾਊਂਡ-ਮਸਕੋਕਾ ਤੋਂ ਦੋਵਾਰੀ ਐਮਪੀ ਰਹਿ ਚੁੱਕੇ ਸਕੌਟ ਐਚਿਸਨ, ਅਰੋਰਾ-ਓਕ ਰਿੱਜ ਰਿਚਮੰਡ ਹਿੱਲ ਤੋਂ ਸਾਬਕਾ ਐਮਪੀ ਲਿਓਨਾ ਐਲੈਸਲੇਵ, ਬਰੈਂਪਟਨ ਦੇ ਮੇਅਰ ਤੇ ਓਨਟਾਰੀਓ ਪ੍ਰੋਗਰੈਸਿਵ ਕੰਜ਼ਰਵੇਟਿਵ ਪਾਰਟੀ ਦੇ ਸਾਬਕਾ ਆਗੂ ਪੈਟ੍ਰਿਕ ਬ੍ਰਾਊਨ, ਪ੍ਰੀਮੀਅਰ ਡੱਗ ਫੋਰਡ ਵੱਲੋਂ ਪਿਛਲੇ ਸਾਲ ਕਾਕਸ ਵਿੱਚੋਂ ਕੱਢੇ ਗਏ ਤੇ ਇਸ ਸਮੇਂ ਆਜ਼ਾਦ ਐਮਪੀਪੀ ਰੋਮਨ ਬੇਬਰ, ਸਾਬਕਾ ਪ੍ਰਧਾਨ ਮੰਤਰੀ ਸਟੀਫਨ ਹਾਰਪਰ ਦੀ ਸਰਕਾਰ ਵਿੱਚ ਕੈਬਨਿਟ ਮੰਤਰੀ ਰਹੇ ਪੀਟਰ ਮੈਕੇਅ, ਓਨਟਾਰੀਓ ਤੋਂ ਐਮਪੀ ਮਾਈਕਲ ਚੌਂਗ ਸ਼ਾਮਲ ਹਨ।

ਇਸ ਦੌੜ ਵਿੱਚ ਹਿੱਸਾ ਨਾ ਲੈਣ ਦਾ ਮਨ ਬਣਾ ਚੁੱਕੇ ਆਗੂਆਂ ਵਿੱਚ ਤਾਸ਼ਾ ਖੈਰੀਦਿਨ, ਰੋਨਾ ਐਂਬਰੋਸ, ਬ੍ਰੈਡ ਵਾਲ, ਓਨਟਾਰੀਓ ਦੇ ਪ੍ਰੀਮੀਅਰ ਡੱਗ ਫੋਰਡ ਤੇ ਅਲਬਰਟਾ ਦੇ ਪ੍ਰੀਮੀਅਰ ਜੇਸਨ ਕੇਨੀ ਸ਼ਾਮਲ ਹਨ।

# ਓਨਟਾਰੀਓ ਵਿੱਚ ਮਾਸਕ ਪਾਉਣ, ਸਿੰਪਟਮ ਸਕਰੀਨਿੰਗ ਤੇ ਸੈਲਫ ਆਈਸੋਲੇਸ਼ਨ ਨੂੰ ਜਲਦ ਆਖਿਆ ਜਾਵੇਗਾ ਅਲਵਿਦਾ

ਓਨਟਾਰੀਓ, 10 ਮਾਰਚ (ਪੋਸਟ ਬਿਊਰੋ) : 21 ਮਾਰਚ ਤੋਂ ਓਨਟਾਰੀਓ ਵਿੱਚ ਮਾਸਕ ਦੀ ਵਰਤੋਂ ਦੀ ਪਾਬੰਦੀ ਖ਼ਤਮ ਕਰ ਦਿੱਤੀ ਜਾਵੇਗੀ। ਇਸ ਦੇ ਨਾਲ ਹੀ ਓਨਟਾਰੀਓ ਵਿੱਚ ਕੋਵਿਡ-19 ਦੇ ਲੱਛਣਾਂ ਵਾਲੇ ਲੋਕਾਂ ਲਈ ਸੈਲਫ ਆਈਸੋਲੇਸ਼ਨ ਜਾਂ ਸਿੰਪਟਮ ਸਕਰੀਨਿੰਗ ਦੀ ਸ਼ਰਤ ਵੀ ਖ਼ਤਮ ਕਰ ਦਿੱਤੀ ਜਾਵੇਗੀ। ਅਪਰੈਲ ਦੇ ਅੰਤ ਤੱਕ ਮਹਾਂਮਾਰੀ ਸਬੰਧੀ ਸਾਰੇ ਐਮਰਜੰਸੀ ਪ੍ਰਬੰਧ ਵੀ ਖ਼ਤਮ ਕਰਨ ਦੀ ਸੰਭਾਵਨਾ ਹੈ।

ਓਨਟਾਰੀਓ 21 ਮਾਰਚ ਤੱਕ ਬਹੁਤੀਆਂ ਇੰਡੋਰ ਸੈਟਿੰਗਜ਼ ਤੇ ਸਕੂਲਾਂ ਵਿੱਚ ਮਾਸਕ ਪਾਉਣ ਦੇ ਨਿਯਮ ਨੂੰ ਖ਼ਤਮ ਕਰਨ ਜਾ ਰਿਹਾ ਹੈ। ਪਰ ਪਬਲਿਕ ਟਰਾਂਜ਼ਿਟ ਦੀ ਵਰਤੋਂ ਕਰਨ ਵਾਲਿਆਂ, ਹਸਪਤਾਲਾਂ ਵਿੱਚ ਭਰਤੀ ਮਰੀਜ਼ਾਂ, ਰੈਜ਼ੀਡੈਂਟਸ, ਵਿਜ਼ੀਟਰਜ਼ ਤੇ ਸਟਾਫ, ਕੇਅਰ ਸੈਟਿੰਗਜ਼, ਜੇਲ੍ਹਾਂ ਤੇ ਲਾਂਗ ਟਰਮ ਕੇਅਰ ਸਿਸਟਮ ਵਿੱਚ ਮਾਸਕ ਪਾਉਣ ਦੀ ਪਾਬੰਦੀ 27 ਅਪਰੈਲ ਤੱਕ ਜਾਰੀ ਰਹੇਗੀ। ਬੁੱਧਵਾਰ ਨੂੰ ਓਨਟਾਰੀਓ ਦੇ ਚੀਫ ਮੈਡੀਕਲ ਆਫੀਸਰ ਡਾ• ਕੀਰਨ ਮੂਰ ਨੇ ਆਖਿਆ ਕਿ ਮਾਸਕ ਹਟਾਉਣ ਦਾ ਮਤਲਬ



ਇਹ ਨਹੀਂ ਹੈ ਕਿ ਖਤਰਾ ਟਲ ਚੁੱਕਿਆ ਹੈ। ਕੋਵਿਡ-19 ਅਜੇ ਵੀ ਇੱਕ ਤੋਂ ਦੂਜੇ ਵਿਅਕਤੀ ਵਿੱਚ ਫੈਲ ਰਿਹਾ ਹੈ ਤੇ ਮਾਸਕ ਤੁਹਾਡੀ ਹਿਫਾਜ਼ਤ ਕਰ ਸਕਦੇ ਹਨ ਤੇ ਤੁਹਾਡੇ ਆਲੇ ਦੁਆਲੇ ਵਾਲੇ ਲੋਕਾਂ ਨੂੰ ਇਨਫੈਕਟ ਹੋਣ ਤੋਂ ਬਚਾਅ ਸਕਦੇ ਹਨ।

ਮਾਪਿਆਂ ਵੱਲੋਂ ਆਪਣੇ ਬੱਚਿਆਂ ਨੂੰ ਸਕੂਲ ਛੱਡਣ ਤੋਂ ਪਹਿਲਾਂ ਕੀਤੀ ਜਾਣ ਵਾਲੀ ਰੋਜ਼ਾਨਾ ਸਿੰਪਟਮ ਸਕਰੀਨਿੰਗ ਦੀ ਸ਼ਰਤ ਵੀ 21 ਮਾਰਚ ਤੋਂ ਖ਼ਤਮ ਹੋਣ ਜਾ ਰਹੀ ਹੈ। ਸਿਹਤ ਮੰਤਰਾਲੇ ਨੇ ਆਖਿਆ ਕਿ ਇਸ ਦੇ ਬਾਵਜੂਦ ਪੀਪੀਈ ਦੀ ਸਪਲਾਈ ਤੇ ਰੈਪਿਡ ਐਂਟੀਜਨ ਟੈਸਟ ਸਕੂਲਾਂ ਨੂੰ ਮੁਹੱਈਆ ਕਰਵਾਏ ਜਾਂਦੇ ਰਹਿਣਗੇ। ਬ੍ਰੈਂਟਫੋਰਡ ਵਿੱਚ ਜਦੋਂ ਪ੍ਰੀਮੀਅਰ ਡੱਗ ਫੋਰਡ ਨੂੰ ਇਨ੍ਹਾਂ ਤਬਦੀਲੀਆਂ ਬਾਰੇ ਪੁੱਛਿਆ ਗਿਆ ਤਾਂ ਉਨ੍ਹਾਂ ਆਖਿਆ ਕਿ ਇਹ ਓਨਟਾਰੀਓ ਦੇ ਲੋਕਾਂ ਉੱਤੇ ਹੀ ਨਿਰਭਰ ਕਰੇਗਾ ਜੇ ਉਹ ਮਾਸਕ ਲਾ ਕੇ ਰੱਖਣਾ ਚਾਹੁੰਦੇ ਹਨ ਤਾਂ ਉਹ ਅਜਿਹਾ ਕਰ ਸਕਦੇ ਹਨ ਜੇ ਮਾਸਕ ਨਹੀਂ ਲਾਉਣਾ ਚਾਹੁੰਦੇ ਤਾਂ ਨਾ ਲਾਉਣ, ਉਨ੍ਹਾਂ ਦੀ ਮਰਜ਼ੀ ਹੋਵੇਗੀ।

ਇਸ ਦੌਰਾਨ ਯੂਐਚਐਨ ਇਨਫੈਕਸ਼ੀਅਸ ਡਜ਼ੀਜ਼ ਮਾਹਿਰ ਡਾ•ਇਸਾਕ ਬੋਗੋਚ ਨੇ ਆਖਿਆ ਕਿ ਮਾਸਕ ਸਬੰਧੀ ਨਿਯਮ ਹਟਾਉਣ ਦਾ ਐਲਾਨ ਕਰਨਾ ਜਲਦਬਾਜ਼ੀ ਵਾਲਾ ਫੈਸਲਾ ਹੈ। ਬੋਗੋਚ ਦੇ ਕੁਲੀਗ ਡਾ. ਅਬਦੂ ਸ਼ਾਰਕਵੇਅ ਨੇ ਵੀ ਆਖਿਆ ਕਿ ਅਜਿਹਾ ਨਾ ਹੋਵੇ ਕਿ ਪ੍ਰੋਵਿੰਸ ਨੂੰ ਆਪਣੇ ਇਸ ਫੈਸਲੇ ਉੱਤੇ ਪਛਤਾਉਣਾ ਪਵੇ। ਓਨਟਾਰੀਓ ਦੇ ਲਿਬਰਲ ਆਗੂ ਸਟੀਵਨ ਡੈਲ ਡੂਕਾ ਨੇ ਬੁੱਧਵਾਰ ਨੂੰ ਬਿਆਨ ਜਾਰੀ ਕਰਕੇ ਆਖਿਆ ਕਿ ਸਕੂਲਾਂ ਵਿੱਚ ਮਾਸਕ ਹਟਾਉਣ ਦੇ ਫੈਸਲੇ ਬਾਰੇ ਉਹ ਪ੍ਰੋਵਿੰਸ ਨੂੰ ਆਪਣਾ ਫੈਸਲਾ ਮੁੜ ਵਿਚਾਰਨ ਲਈ ਆਖਣਗੇ। ਬੱਚਿਆਂ ਦੇ ਹਸਪਤਾਲਾਂ ਦੇ ਆਗੂਆਂ ਤੇ ਡਾਕਟਰਾਂ ਦੇ "ਦ ਚਿਲਡਰਨ ਹੈਲਥ ਕੋਲੀਸ਼ਨ ਵੱਲੋਂ" ਵੀ ਇਹੋ ਆਖਿਆ ਜਾ ਰਿਹਾ ਹੈ।

## ਸੰਭਾਵੀ ਖਤਰੇ ਕਾਰਨ ਬਰੈਂਪਟਨ ਦਾ ਸਕੂਲ ਕੀਤਾ ਗਿਆ ਬੰਦ, ਪੰਜ ਗ੍ਰਿਫਤਾਰ



ਬਰੈਂਪਟਨ, 10 ਮਾਰਚ (ਪੋਸਟ ਬਿਊਰੋ) : ਬਰੈਂਪਟਨ ਦੇ ਇੱਕ ਸਕੂਲ ਨੂੰ ਸੰਭਾਵੀ ਖਤਰੇ ਨੂੰ ਵੇਖਦਿਆਂ ਹੋਇਆਂ ਬੰਦ ਕਰ ਦਿੱਤਾ ਗਿਆ ਤੇ ਪੀਲ ਪੁਲਿਸ ਵੱਲੋਂ ਪੰਜ ਨੌਜਵਾਨਾਂ ਨੂੰ ਗ੍ਰਿਫਤਾਰ ਕੀਤੇ ਜਾਣ ਦੀ ਪੁਸ਼ਟੀ ਕੀਤੀ ਗਈ ਹੈ। ਮਾਮਲੇ ਦੀ ਜਾਂਚ ਅਜੇ ਵੀ ਜਾਰੀ ਹੈ।

ਸੋਮਵਾਰ ਨੂੰ ਜਾਂਚਕਾਰਾਂ ਨੂੰ ਦੁਪਹਿਰੇ 2:30 ਵਜੇ ਤੋਂ ਪਹਿਲਾਂ ਸੈਂਡਲਵੁੱਡ ਪਾਰਕਵੇਅ ਵੈਸਟ ਨੇੜੇ ਚਿੰਗੁਆਕਸੇ ਰੋਡ ਉੱਤੇ ਫਲੈਚਰਜ਼ ਮੀਡੋਅ ਸੈਕੰਡਰੀ ਸਕੂਲ ਸੱਦਿਆ ਗਿਆ। ਸਕੂਲ ਨੂੰ ਪਹਿਲਾਂ ਬੰਦ ਕਰ ਦਿੱਤਾ ਗਿਆ ਸੀ ਪਰ ਬਾਅਦ ਵਿੱਚ ਲਾਕਡਾਊਨ ਹਟਾ ਦਿੱਤਾ ਗਿਆ।

ਅਜੇ ਤੱਕ ਕਿਸੇ ਵਿਅਕਤੀ ਖਿਲਾਫ ਚਾਰਜਿਜ਼ ਨਹੀਂ ਲਾਏ ਗਏ ਹਨ। ਖਤਰਾ ਕਿਹੋ ਜਿਹਾ ਸੀ ਇਸ ਬਾਰੇ ਵੀ ਕੋਈ ਜਾਣਕਾਰੀ ਹਾਸਲ ਨਹੀਂ ਹੋਈ ਹੈ ਤੇ ਨਾ ਹੀ ਕਿਸੇ ਦੇ ਜ਼ਖ਼ਮੀ ਹੋਣ ਦੀ ਹੀ ਕੋਈ ਖਬਰ ਹੈ।

## ਨਿਊਮਾਰਕਿਟ ਦੇ ਤਿੰਨ ਸਕੂਲਾਂ ਉੱਤੇ ਬਲੈਕ ਲੋਕਾਂ ਤੇ ਯਹੂਦੀ ਵਿਰੋਧੀ ਗ੍ਰੈਫਿਟੀ ਮਿਲੀ

ਟੋਰਾਂਟੋ, 10 ਮਾਰਚ (ਪੋਸਟ ਬਿਊਰੋ) : ਨਿਊਮਾਰਕਿਟ ਦੇ ਤਿੰਨ ਸਕੂਲਾਂ ਉੱਤੇ ਬਲੈਕ ਲੋਕਾਂ ਤੇ ਯਹੂਦੀ ਵਿਰੋਧੀ ਗ੍ਰੈਫਿਟੀ ਪਾਈ ਗਈ। ਇਸ ਦੌਰਾਨ ਨਫਰਤ ਨਾਲ ਭਰੀ ਸ਼ਬਦਾਵਲੀ ਦੀ ਵਰਤੋਂ ਕੀਤੀ ਗਈ ਸੀ।

ਇੱਕ ਨਿਊਜ਼ ਰਲੀਜ਼ ਵਿੱਚ ਫਰੈਂਡਜ਼ ਆਫ ਸਾਇਮਨ ਵਿਜ਼ੈਂਥਲ ਸੈਂਟਰ ਦੇ ਸਟਾਫ ਨੇ ਆਖਿਆ ਕਿ ਉਨ੍ਹਾਂ ਨੂੰ ਯੌਰਕ ਰੀਜਨ ਡਿਸਟ੍ਰਿਕਟ ਸਕੂਲ ਬੋਰਡ (ਵਾਈ ਆਰ ਡੀ ਐਸ ਬੀ) ਵੱਲੋਂ ਇੱਕ ਪੱਤਰ ਪ੍ਰਾਪਤ ਹੋਇਆ ਜਿਸ ਵਿੱਚ ਲਿਖਿਆ ਸੀ ਕਿ ਦੋ ਹਾਈ ਸਕੂਲਾਂ ਦੇ ਬਾਥਰੂਮ ਵਿੱਚ ਸਵਾਸਤਿਕ ਦੇ ਨਿਸ਼ਾਨ ਤੇ ਐਨ-ਸ਼ਬਦ ਲਿਖੇ ਮਿਲੇ।

ਯੌਰਕ ਰੀਜਨਲ ਪੁਲਿਸ ਵੱਲੋਂ ਕੀਤੀ ਗਈ ਜਾਂਚ



ਤੋਂ ਸਾਹਮਣੇ ਆਇਆ ਕਿ ਜਿਨ੍ਹਾਂ ਸਕੂਲਾਂ ਦੀ ਇਸ ਪੱਤਰ ਵਿੱਚ ਗੱਲ ਕੀਤੀ ਗਈ ਸੀ ਉਹ ਨਿਊਮਾਰਕਿਟ ਹਾਈ ਸਕੂਲ ਤੇ ਹੁਰੌਨ ਹਾਈਟਸ ਸੈਕੰਡਰੀ ਸਕੂਲ ਸਨ। ਇਨ੍ਹਾਂ ਤੋਂ ਇਲਾਵਾ ਐਲੀਮੈਂਟਰੀ ਸਕੂਲ ਗਲੈਨ ਸੇਡਾਰ ਪਬਲਿਕ ਸਕੂਲ ਦੇ ਦਰਵਾਜ਼ੇ ਉੱਤੇ ਹੱਥ ਨਾਲ ਬਣਾਇਆ ਗਿਆ ਸਵਾਸਤਿਕ ਵੀ ਮਿਲਿਆ। ਫਰੈਂਡਜ਼ ਆਫ ਸਾਇਮਨ ਵਿਜ਼ੈਂਥਲ ਸੈਂਟਰ ਦੇ ਪ੍ਰੈਜ਼ੀਡੈਂਟ ਤੇ ਸੀਈਓ ਨੇ ਲਿਖਿਆ ਕਿ ਇਸ ਤਰ੍ਹਾਂ ਦੀਆਂ ਨਿੱਤ ਦਿਨ ਵੱਧ ਰਹੀਆਂ ਘਟਨਾਵਾਂ ਕਾਰਨ ਸਾਰੇ ਵਿਦਿਆਰਥੀਆਂ ਤੇ ਸਟਾਫ ਲਈ ਮਾਹੌਲ ਕਾਫੀ ਗੰਧਲਾ ਹੋ ਗਿਆ ਹੈ ਤੇ ਸਿੱਖਿਆ ਨਾਲ ਸਬੰਧਤ ਆਗੂਆਂ ਨੂੰ ਇਸ ਮਾਮਲੇ ਨੂੰ ਤਰਜੀਹੀ ਤੌਰ ਉੱਤੇ ਹੱਲ ਕਰਨਾ ਚਾਹੀਦਾ ਹੈ।

ਉਨ੍ਹਾਂ ਮੰਗ ਕੀਤੀ ਕਿ ਅਜਿਹੀਆਂ ਹਰਕਤਾਂ ਕਰਨ ਵਾਲਿਆਂ ਦੀ ਪਛਾਣ ਕਰਕੇ ਉਨ੍ਹਾਂ ਨੂੰ ਸਜ਼ਾ ਦਿੱਤੀ ਜਾਣੀ ਚਾਹੀਦੀ ਹੈ। ਇਸ ਤੋਂ ਪਹਿਲਾਂ ਟੋਰਾਂਟੋ ਡਿਸਟ੍ਰਿਕਟ ਸਕੂਲ ਬੋਰਡ (ਟੀ ਡੀ ਐਸ ਬੀ) ਦੇ ਕੁੱਝ ਸਕੂਲਾਂ ਵਿੱਚ ਵੀ ਪਿਛਲੇ ਹਫਤਿਆਂ ਵਿੱਚ ਇਸ ਤਰ੍ਹਾਂ ਦੀਆਂ ਘਟਨਾਵਾਂ ਵਾਪਰ ਚੁੱਕੀਆਂ ਹਨ। ਟੋਰਾਂਟੋ ਪੁਲਿਸ ਚੀਫ ਨੇ ਸਵੀਕਾਰਿਆ ਕਿ ਇਸ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

## 21 ਮਾਰਚ ਤੋਂ ਸਕੂਲਾਂ ਤੇ ਜਨਤਕ ਥਾਂਵਾਂ ਤੋਂ ਮਾਸਕ ਪਾਉਣ ਦਾ ਨਿਯਮ ਹੋਵੇਗਾ ਖ਼ਤਮ!

ਓਨਟਾਰੀਓ, 10 ਮਾਰਚ (ਪੋਸਟ ਬਿਊਰੋ) : 21 ਮਾਰਚ ਤੋਂ ਓਨਟਾਰੀਓ ਦੇ ਸਕੂਲਾਂ ਅਤੇ ਜਨਤਕ ਥਾਂਵਾਂ ਉੱਤੇ ਮਾਸਕ ਪਾਉਣ ਦਾ ਨਿਯਮ ਖ਼ਤਮ ਕਰ ਦਿੱਤਾ ਜਾਵੇਗਾ। ਇਹ ਜਾਣਕਾਰੀ ਕਈ ਸਰੋਤਾਂ ਵੱਲੋਂ ਦਿੱਤੀ ਗਈ। ਜਾਣਕਾਰ ਸੂਤਰਾਂ ਨੇ ਦੱਸਿਆ ਕਿ ਪ੍ਰੋਵਿੰਸ ਵੱਲੋਂ ਹਸਪਤਾਲਾਂ, ਕੇਅਰ ਸੈਟਿੰਗਜ਼ ਤੇ ਲਾਂਗ ਟਰਮ ਕੇਅਰ ਹੋਮਜ਼ ਨੂੰ ਛੱਡ ਕੇ 21 ਮਾਰਚ ਤੋਂ ਸਾਰੀਆਂ ਥਾਂਵਾਂ ਉੱਤੇ ਮਾਸਕ ਪਾਉਣ ਦੀ ਸ਼ਰਤ ਖ਼ਤਮ ਕਰ ਦਿੱਤੀ ਜਾਵੇਗੀ। ਪਰ ਇਸ ਤਰੀਕ ਤੋਂ ਬਾਅਦ ਵੀ ਪਬਲਿਕ ਟਰਾਂਜ਼ਿਟ ਦੇ ਯੂਜ਼ਰਜ਼ ਨੂੰ ਮਾਸਕ ਪਾਉਣੇ ਹੋਣਗੇ। ਓਨਟਾਰੀਓ ਦੇ ਚੀਫ ਮੈਡੀਕਲ ਆਫੀਸਰ ਡਾ. ਕੀਰਨ ਮੂਰ ਵੱਲੋਂ ਕੋਵਿਡ-19 ਮਹਾਂਮਾਰੀ ਬਾਰੇ ਬੁੱਧਵਾਰ ਨੂੰ ਸਵੇਰੇ 11:00 ਵਜੇ ਅਪਡੇਟ ਮੁਹੱਈਆ ਕਰਵਾਈ ਜਾਵੇਗੀ। ਉਨ੍ਹਾਂ ਨੂੰ ਅਜੇ ਵੀ ਇਹ ਫੈਸਲਾ ਕਰਨਾ ਹੋਵੇਗਾ ਕਿ ਪੋਸਟ ਸੈਕੰਡਰੀ ਇੰਸਟੀਚਿਊਸ਼ਨਜ਼ ਤੇ ਹੈਲਥ ਕੇਅਰ ਸੈਕਟਰਜ਼ ਲਈ ਕੋਵਿਡ-19 ਵੈਕਸੀਨ ਵਾਲਾ ਨਿਯਮ ਕਦੋਂ ਤੱਕ ਜਾਰੀ ਰਹੇਗਾ।

## ਕੰਜ਼ਰਵੇਟਿਵ ਲੀਡਰਸ਼ਿਪ ਦੌੜ ਵਿੱਚ ਹਿੱਸਾ ਲੈਣ ਦਾ ਐਲਾਨ ਜਲਦ ਕਰ ਸਕਦੇ ਹਨ ਪੈਟ੍ਰਿਕ ਬ੍ਰਾਊਨ

ਬਰੈਂਪਟਨ, 10 ਮਾਰਚ (ਪੋਸਟ ਬਿਊਰੋ) : ਅਜਿਹਾ ਲੱਗ ਰਿਹਾ ਹੈ ਕਿ ਬਰੈਂਪਟਨ ਦੇ ਮੇਅਰ ਪੈਟ੍ਰਿਕ ਬ੍ਰਾਊਨ ਵੀ ਕੰਜ਼ਰਵੇਟਿਵ ਪਾਰਟੀ ਦੀ ਲੀਡਰਸ਼ਿਪ ਦੌੜ ਵਿੱਚ ਜਲਦ ਕੁੱਦਣ ਵਾਲੇ ਹਨ। ਲਗਾਏ ਜਾ ਰਹੇ ਕਿਆਫਿਆਂ ਅਨੁਸਾਰ



ਐਤਵਾਰ ਸਵੇਰ ਨੂੰ ਉਹ ਇਸ ਬਾਰੇ ਐਲਾਨ ਕਰ ਸਕਦੇ ਹਨ।

ਬ੍ਰਾਊਨ ਵੱਲੋਂ ਇਹ ਸੰਕੇਤ ਵੀ ਦਿੱਤਾ ਗਿਆ ਹੈ ਕਿ ਪਾਰਟੀ ਦੀ ਲੀਡਰਸ਼ਿਪ ਲਈ ਇਲੈਕਸ਼ਨ ਆਰਗੇਨਾਈਜ਼ਿੰਗ ਕਮੇਟੀ ਵੱਲੋਂ ਜਿਨ੍ਹਾਂ ਨਿਯਮਾਂ ਦਾ ਐਲਾਨ ਕੀਤਾ ਗਿਆ ਹੈ ਉਨ੍ਹਾਂ ਤੋਂ ਉਹ ਖੁਸ਼ ਹਨ। ਪਾਰਟੀ ਨੇ ਆਖਿਆ ਹੈ ਕਿ ਉਮੀਦਵਾਰ 19 ਅਪਰੈਲ ਤੱਕ ਇਸ ਦੌੜ ਵਿੱਚ ਸ਼ਾਮਲ ਹੋ ਸਕਦੇ ਹਨ ਤੇ 3 ਜੂਨ ਤੱਕ ਉਹ ਮੈਂਬਰਸ਼ਿਪ ਸਬੰਧੀ ਅਰਜ਼ੀਆਂ ਜਮ੍ਹਾਂ ਕਰਵਾ ਸਕਦੇ ਹਨ। ਪਾਰਟੀ ਦੇ ਨਵੇਂ ਆਗੂ ਦਾ ਐਲਾਨ 10 ਸਤੰਬਰ ਨੂੰ ਕੀਤਾ ਜਾਵੇਗਾ।

ਸਾਬਕਾ ਕੰਜ਼ਰਵੇਟਿਵ ਐਮਪੀ ਬ੍ਰਾਊਨ 2015 ਤੋਂ 2018 ਤੱਕ ਓਨਟਾਰੀਓ ਪ੍ਰੋਗਰੈਸਿਵ ਕੰਜ਼ਰਵੇਟਿਵਜ਼ ਦੀ ਅਗਵਾਈ ਕਰ ਚੁੱਕੇ ਹਨ ਤੇ ਫਿਰ ਜਿਨਸੀ ਸ਼ੋਸ਼ਣ ਦਾ ਦੋਸ਼ ਲੱਗਣ ਤੋਂ ਬਾਅਦ ਉਨ੍ਹਾਂ ਆਪਣਾ ਅਹੁਦਾ ਛੱਡ ਦਿੱਤਾ ਸੀ। ਪਰ ਇਨ੍ਹਾਂ ਜਿਨਸੀ ਸ਼ੋਸ਼ਣ ਦੇ ਦੋਸ਼ਾਂ ਤੋਂ ਬ੍ਰਾਊਨ ਵੱਲੋਂ ਇਨਕਾਰ ਕੀਤਾ ਜਾਂਦਾ ਰਿਹਾ ਹੈ। ਉਸ ਸਾਲ ਦੇ ਅੰਤ ਵਿੱਚ ਉਹ ਬਰੈਂਪਟਨ ਦੇ ਮੇਅਰ ਚੁਣੇ ਗਏ।

ਇਸ ਦੌਰਾਨ ਕਿਊਬਿਕ ਦੇ ਸਾਬਕਾ ਪ੍ਰੀਮੀਅਰ ਜੀਨ ਚਾਰੈਸਟ ਵੱਲੋਂ ਵੀਰਵਾਰ ਰਾਤ ਨੂੰ ਕੈਲਗਰੀ ਵਿੱਚ ਰਸਮੀ ਤੌਰ ਉੱਤੇ ਆਪਣੀ ਲੀਡਰਸ਼ਿਪ ਕੈਂਪੇਨ ਸ਼ੁਰੂ ਕਰਨ ਦੀ ਸੰਭਾਵਨਾ ਸੀ। ਇਸ ਤੋਂ ਪਹਿਲਾਂ ਪਿਏਰ ਪੌਲੀਏਵਰ, ਓਨਟਾਰੀਓ ਤੋਂ ਐਮਪੀ ਲੈਸਲਿਨ ਲੁਈਸ ਤੇ ਓਨਟਾਰੀਓ ਤੋਂ ਆਜ਼ਾਦ ਐਮਪੀਪੀ ਰੋਮਨ ਬੇਬਰ ਕੰਜ਼ਰਵੇਟਿਵ ਲੀਡਰਸ਼ਿਪ ਦੌੜ ਵਿੱਚ ਸ਼ਾਮਲ ਹੋ ਚੁੱਕੇ ਹਨ।

# ਟਰੂਡੋ ਵੱਲੋਂ 10 ਰੂਸੀ ਆਗੂਆਂ 'ਤੇ ਨਵੀਆਂ ਪਾਬੰਦੀਆਂ ਲਾਉਣ ਦਾ ਐਲਾਨ

ਲੰਡਨ, 10 ਮਾਰਚ (ਪੋਸਟ ਬਿਊਰੋ) : ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਵੱਲੋਂ ਯੂਕਰੇਨ ਉੱਤੇ ਕੀਤੇ ਗਏ ਹਮਲੇ ਦੇ ਮੱਦੇਨਜ਼ਰ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ 10 ਰੂਸੀ ਸਿਆਸੀ ਤੇ ਕਾਰੋਬਾਰੀ ਆਗੂਆਂ ਉੱਤੇ ਨਵੀਆਂ ਪਾਬੰਦੀਆਂ ਲਾਉਣ ਦਾ ਐਲਾਨ ਕੀਤਾ ਗਿਆ।

ਟਰੂਡੋ ਨੇ ਆਖਿਆ ਕਿ ਜਿਨ੍ਹਾਂ 10 ਵਿਅਕਤੀਆਂ ਉੱਤੇ ਪਾਬੰਦੀਆਂ ਲਾਈਆਂ ਗਈਆਂ ਹਨ ਉਨ੍ਹਾਂ ਦੀ ਪਛਾਣ ਪੁਤਿਨ ਤੇ ਮੁੱਖ ਵਿਰੋਧੀ, ਜਿਸ ਨੂੰ ਰੂਸ ਦੀ ਜੇਲ੍ਹ ਵਿੱਚ ਬੰਦ ਕਰਕੇ ਰੱਖਿਆ ਗਿਆ ਹੈ, ਅਲੈਗਜ਼ੇਈ ਨਵਾਲਨੀ ਵੱਲੋਂ ਕੀਤੀ ਗਈ। ਪ੍ਰਧਾਨ ਮੰਤਰੀ ਨੇ ਇਨ੍ਹਾਂ ਪਾਬੰਦੀਆਂ ਦਾ ਐਲਾਨ ਲੰਡਨ, ਇੰਗਲੈਂਡ ਵਿੱਚ ਇੱਕ ਨਿਊਜ਼ ਕਾਨਫਰੰਸ ਦੌਰਾਨ ਕੀਤਾ ਗਿਆ। ਇਸ ਨਿਊਜ਼ ਕਾਨਫਰੰਸ ਵਿੱਚ ਬ੍ਰਿਟੇਨ ਦੇ ਪ੍ਰਧਾਨ ਮੰਤਰੀ ਬੌਰਿਸ ਜੌਹਨਸਨ ਤੇ ਡੱਚ ਪ੍ਰਧਾਨ ਮੰਤਰੀ ਮਾਰਕ ਰੱਟ ਨੇ ਵੀ ਹਿੱਸਾ ਲਿਆ।

ਤਿੰਨਾਂ ਆਗੂਆਂ ਨੇ ਰੂਸ ਵੱਲੋਂ ਯੂਕਰੇਨ ਉੱਤੇ ਕੀਤੇ ਹਮਲੇ ਦੀ ਨਿਖੇਧੀ ਕੀਤੀ। ਇਸ ਦੌਰਾਨ ਕੈਨੇਡਾ, ਯੂਕੇ ਤੇ ਨੀਦਰਲੈਂਡਜ਼ ਨੇ ਨਵੇਂ ਗੱਠਜੋੜ ਦਾ ਐਲਾਨ ਕੀਤਾ ਜੋ ਕਿ ਯੂਕਰੇਨ ਨੂੰ ਸਥਿਰ ਤੇ ਲਗਾਤਾਰ ਮਦਦ ਮੁਹੱਈਆ ਕਰਵਾਏਗਾ। ਇਸ ਦੌਰਾਨ ਹਿੰਸਾ ਤੋਂ ਬਚਣ ਲਈ ਭੱਜ ਰਹੇ ਰਫਿਊਜੀਆ ਦੀ ਮਦਦ ਕਰਨ ਦਾ ਵੀ ਇਨ੍ਹਾਂ ਆਗੂਆਂ ਨੇ ਪ੍ਰਣ



ਕੀਤਾ। ਟਰੂਡੋ ਨੇ ਕੈਨੇਡੀਅਨ ਫੌਜ ਲਈ ਫੰਡਿੰਗ ਵਿੱਚ ਵਾਧਾ ਕਰਨ ਦਾ ਸੰਕੇਤ ਵੀ ਦਿੱਤਾ। ਉਨ੍ਹਾਂ ਇਹ ਵੀ ਆਖਿਆ ਕਿ ਇਸ ਲਈ ਉਚੇਚੇ ਤੌਰ ਉੱਤੇ ਬਜਟ ਵੀ ਆਵੇਗਾ।

ਪੇਪਰ ਡਲਿਵਰੀ ਵਾਸਤੇ ਕਾਮਿਆਂ ਦੀ ਜ਼ਰੂਰਤ
ਸੈਰ ਸਪਾਟੇ ਨਾਲ ਹੁਣ ਕਰੋ ਕਮਾਈ
Flyer Distribution
ਅਸੀਂ ਪੇਪਰਾਂ ਦੀ ਡਲੀਵਰੀ ਕਰਦੇ ਹਾਂ ਅਤੇ ਸਾਨੂੰ ਵੀਕਡੇਜ਼ ਵਾਸਤੇ ਬੰਦਿਆਂ ਦੀ ਜ਼ਰੂਰਤ ਹੈ ਜਿਨ੍ਹਾਂ ਨੇ ਪੇਪਰਾਂ ਦਾ ਕੰਮ ਕੀਤਾ ਹੋਵੇ ਉਨ੍ਹਾਂ ਨੂੰ ਪਹਿਲ ਦਿੱਤੀ ਜਾਵੇਗੀ।
ਮਾਰਕਟਿੰਗ ਲਈ ਤਜਰੇਬੇਕਾਰ ਪ੍ਰੋਫੈਸ਼ਨਲਜ ਦੀ ਤੁਰੰਤ ਲੋੜ ਹੈ, ਵਧੀਆ ਪੈਕੇਜ
ਰੈਕਸਡੇਲ, ਮਾਲਟਨ ਅਤੇ ਬਰੈਂਪਟਨ ਦੇ ਨਿਵਾਸੀ ਹੀ ਕਾਲ ਕਰਨ।
ਹੋਰ ਜਾਣਕਾਰੀ ਲਈ ਕਾਲ ਕਰੋ। 437-219-1502 647-208-7011

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd. #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400 416.677.0047

REXDALE BODY SHOP
USED CAR SALE
Specialization In:
★ All Kinds of Body Work
★ Auto Glass Windshield
★ Denting, Painting & Welding
SPECIAL PAINT JOB $779
RENTAL CAR PROVIDED
25 years of Canadian Experience
OPEN MON - SAT 9AM TO 7PM
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
CHEEMA
LOWEST PRICE IN TOWN
Towing Service Car Paint Starts $799* upto 100% Deductible Paid*
Call Rick or Manminder Cheema: 416.749.9596 / 416.951.6431
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

SherGill Law Firm
Barrister, Solicitor & Notary Public
Services:
★ Real Estate
★ Residential, Commercial & Franchise
★ Criminal Law
★ Family Law
★ Affidavit, Power Of Attorney & Notarization
★ Immigration Matters
Paramjit Singh Gill (MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

ukttc UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
➡ Automatic & Manual Trucks
1 on 1 Training
➡ Forklift Training
Forklift $79 Recertification
Counterbalance
Reach Truck
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979
OPEN 7 DAYS uktruck1@gmail.com
Jitpal Singh Deol 647-204-1936

# ਮਾਸਕ ਪਾਉਣਾ ਜਾਂ ਨਾ ਪਾਉਣਾ ਹੋਵੇਗੀ ਨਿੱਜੀ ਚੋਣ!



ਓਟਵਾ, 10 ਮਾਰਚ (ਪੋਸਟ ਬਿਊਰੋ) : ਥੋੜ੍ਹੀ ਜਿਹੀ ਸੁਰ ਬਦਲਦਿਆਂ ਕੈਨੇਡਾ ਦੇ ਉੱਘੇ ਪਬਲਿਕ ਹੈਲਥ ਅਧਿਕਾਰੀਆਂ ਵੱਲੋ ਇਹ ਆਖਿਆ ਜਾ ਰਿਹਾ ਹੈ ਕਿ ਹੁਣ ਜਦੋ ਕਈ ਪ੍ਰੋਵਿੰਸਾਂ ਵਿੱਚ ਪਾਬੰਦੀਆਂ ਘਟਾਈਆਂ ਜਾ ਰਹੀਆਂ ਹਨ ਅਜਿਹੇ ਵਿੱਚ ਮਾਸਕ ਪਾਉਣਾਂ ਜਾਂ ਨਾ ਪਾਉਣਾ ਨਿਜੀ ਚੋਣ ਹੋਵੇਗੀ।

ਡਿਪਟੀ ਚੀਫ ਪਬਲਿਕ ਹੈਲਥ ਆਫੀਸਰ ਡਾ. ਹੋਵਰਨ ਜੁ ਵੱਲੋਂ ਸ਼ੁੱਕਰਵਾਰ ਨੂੰ ਇੱਕ ਪ੍ਰੈੱਸ ਕਾਨਫਰੰਸ ਦੌਰਾਨ ਇਹ ਟਿੱਪਣੀਆਂ ਕੀਤੀਆਂ ਗਈਆਂ।ਉਨ੍ਹਾਂ ਆਖਿਆ ਕਿ ਭਾਵੇਂ ਮਾਸਕ ਪਾਉਣਾ ਜਾਂਚੀ ਪਰਖੀ ਪ੍ਰੈਕਟਿਸ ਹੈ ਪਰ ਦੇਸ਼ ਭਰ ਹੁਣ ਇਹ ਲਾਜ਼ਮੀ ਨਿਯਮ ਨਹੀਂ ਰਹਿ ਗਿਆ ਹੈ।ਪਰ ਕੋਈ ਵੀ ਵਿਅਕਤੀ ਜੇ ਮਾਸਕ ਪਾਉਂਦਾ ਹੈ ਤਾਂ ਇਹ ਉਸ ਦੀ ਆਪਣੀ ਚੋਣ ਹੋਵੇਗੀ।

ਓਨਟਾਰੀਓ ਵੱਲੋਂ ਮਾਰਚ ਦੇ ਅੰਤ ਤੱਕ ਮਾਸਕ ਸਬੰਧੀ ਇਸ ਨਿਯਮ ਨੂੰ ਖ਼ਤਮ ਕਰ ਦਿੱਤਾ ਜਾਵੇਗਾ ਜਦਕਿ ਸਸਕੈਚਵਨ ਤੇ ਅਲਬਰਟਾ ਵਿੱਚ ਮਾਸਕ ਪਾਉਣੇ ਪਹਿਲਾਂ ਹੀ ਬੰਦ ਕੀਤੇ ਜਾ ਚੁੱਕੇ ਹਨ। ਕਿਊਬਿਕ ਵੀ ਇਹ ਸੰਕੇਤ ਦੇ ਚੁੱਕਿਆ ਹੈ ਕਿ ਅਪਰੈਲ ਦੇ ਸ਼ੁਰੂ ਵਿੱਚ ਮਾਸਕ ਸਬੰਧੀ ਇਸ ਸ਼ਰਤ ਵਿੱਚ ਢਿੱਲ ਦਿੱਤੀ ਜਾਵੇਗੀ।ਇਸ ਦੌਰਾਨ ਡਾ. ਥੈਰੇਸਾ ਟੈਮ ਨੇ ਇਸ ਕਾਨਫਰੰਸ ਵਿੱਚ ਹੀ ਆਖਿਆ ਕਿ ਕੋਵਿਡ-19 ਅਜੇ ਵੀ ਪੂਰੀ ਤਰ੍ਹਾਂ ਖਤਮ ਨਹੀਂ ਹੋਇਆ ਹੈ ਪਰ ਪਿਛਲੇ ਹਫਤੇ ਨਾਲੋਂ ਕੋਵਿਡ-19 ਦੇ ਮਾਮਲੇ 4.5 ਫੀ ਸਦੀ ਘਟ ਗਏ ਹਨ।

ਉਨ੍ਹਾਂ ਇਹ ਚੇਤਾਵਨੀ ਵੀ ਦਿੱਤੀ ਕਿ ਪਬਲਿਕ ਹੈਲਥ ਮਾਪਦੰਡਾਂ ਵਿੱਚ ਢਿੱਲ ਦੇਣ ਨਾਲ ਕਈ ਥਾਂਵਾਂ ਉੱਤੇ ਮਾਮਲਿਆਂ ਵਿੱਚ ਵਾਧਾ ਵੀ ਵੇਖਣ ਨੂੰ ਮਿਲਿਆ ਹੈ ਤੇ ਆਉਣ ਵਾਲੇ ਹਫਤਿਆਂ ਵਿੱਚ ਹੋਰਨਾਂ ਥਾਂਵਾਂ ਉੱਤੇ ਵੀ ਇਹ ਵਾਧਾ ਵੇਖਣ ਨੂੰ ਮਿਲ ਸਕਦਾ ਹੈ।

# ਲੈਟਵੀਆ ਵਿੱਚ ਟਰੂਡੋ ਨੇ ਨਾਟੋ ਆਗੂਆਂ ਨਾਲ ਕੀਤੀ ਮੁਲਾਕਾਤ



ਰੀਗਾ,ਲੈਟਵੀਆ, 10 ਮਾਰਚ (ਪੋਸਟ ਬਿਊਰੋ) : ਰੂਸ ਦੇ ਨਾਲ ਲੱਗਦੇ ਤਿੰਨ ਬਾਲਟਿਕ ਦੇਸ਼ਾਂ ਦੇ ਆਗੂਆਂ ਨੂੰ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਆਖਿਆ ਕਿ ਉਹ ਯੂਕਰੇਨ ਖਿਲਾਫ ਜਾਰੀ ਕ੍ਰੈਮਲਿਨ ਦੀ ਜੰਗ ਵਿੱਚ ਹੀ ਉਨ੍ਹਾਂ ਦਾ ਸਾਥ ਨਹੀਂ ਦੇਣਗੇ ਸਗੋਂ ਇਨ੍ਹਾਂ ਦੇਸ਼ਾਂ ਉੱਤੇ ਕੀਤੇ ਜਾਣ ਵਾਲੇ ਸਾਈਬਰਅਟੈਕਸ ਖਿਲਾਫ ਵੀ ਕਾਰਵਾਈ ਕਰਨਗੇ।

ਆਪਣਾ ਲੈਟਵੀਆ ਦਾ ਦਰਾ ਸ਼ੁਰੂ ਕਰਨ ਸਮੇਂ ਮੰਗਲਵਾਰ ਨੂੰ ਰੀਗਾ ਵਿੱਚ ਗੱਲ ਕਰਦਿਆਂ ਟਰੂਡੋ ਨੇ ਆਖਿਆ ਕਿ ਰੂਸ ਵੱਲੋਂ ਸ਼ੁਰੂ ਕੀਤੀ ਗਈ ਇਸ ਚੁਣੌਤੀ ਦਾ ਸੱਭ ਤੋਂ ਪਹਿਲਾਂ ਸਾਹਮਣਾ ਇਨ੍ਹਾਂ ਦੇਸ਼ਾਂ ਨਾਲ ਹੀ ਹੋ ਰਿਹਾ ਹੈ। ਇਨ੍ਹਾਂ ਤਿੰਨ ਨਾਟੋ ਭਾਈਵਾਲ ਦੇਸ਼ਾਂ ਦੇ ਆਗੂਆਂ ਨਾਲ ਮੀਟਿੰਗ ਵਿੱਚ ਟਰੂਡੋ ਨੇ ਆਖਿਆ ਕਿ ਉਨ੍ਹਾਂ ਸੱਭਨਾਂ ਨੂੰ ਗਲਤ ਜਾਣਕਾਰੀ ਦਿੱਤੀ ਜਾ ਰਹੀ ਤੇ ਕੂੜ ਪ੍ਰਚਾਰ ਵੀ ਕੀਤਾ ਜਾ ਰਿਹਾ ਹੈ ਤੇ ਉਨ੍ਹਾਂ ਦੀਆਂ ਜਮਹੂਰੀ ਕਦਰਾਂ ਕੀਮਤਾਂ ਨੂੰ ਵੀ ਹੌਲੇ ਵਿੱਚ ਲਿਆ ਜਾ ਰਿਹਾ ਹੈ। ਲੈਟਵੀਆ ਦੇ ਪ੍ਰਧਾਨ ਮੰਤਰੀ ਕ੍ਰਿਸਜਾਨੀਸ ਕਾਰੀਨਜ਼ ਨਾਲ ਮੁਲਾਕਾਤ ਤੇ ਲਿਥੁਆਨੀਆਂ ਤੇ ਐਸਟੋਨੀਆ ਦੇ ਹਮਰੁਤਬਾ ਅਧਿਕਾਰੀਆਂ ਨਾਲ ਟੈਲੀਕਾਨਫਰੰਸ ਵਿੱਚ ਟਰੂਡੋ ਨੇ ਇਹ ਟਿੱਪਣੀਆਂ ਕੀਤੀਆਂ। ਇਸ ਮੀਟਿੰਗ ਵਿੱਚ ਟਰੂਡੋ ਨਾਲ ਰੱਖਿਆ ਮੰਤਰੀ ਅਨੀਤਾ ਆਨੰਦ ਵੀ ਜੁੜੀ। ਜ਼ਿਕਰਯੋਗ ਹੈ ਕਿ ਕੈਨੇਡਾ ਨਾਟੋ ਬੈਟਲਗਰੁੱਪ ਦੀ ਅਗਵਾਈ ਕਰਦਾ ਹੈ।

## ਗੱਡੀ ਵੱਲੋਂ ਟੱਕਰ ਮਾਰੇ ਜਾਣ ਕਾਰਨ ਇੱਕ ਵਿਅਕਤੀ ਦੀ ਹੋਈ ਮੌਤ



ਟੋਰਾਂਟੋ, 10 ਮਾਰਚ (ਪੋਸਟ ਬਿਊਰੋ) : ਐਤਵਾਰ ਨੂੰ ਡਾਊਨਟਾਊਨ ਵਿੱਚ ਇੱਕ ਗੱਡੀ ਵੱਲੋਂ ਟੱਕਰ ਮਾਰੇ ਜਾਣ ਕਾਰਨ ਇੱਕ ਵਿਅਕਤੀ ਦੀ ਮੌਤ ਹੋ ਗਈ। ਪੁਲਿਸ ਨੇ ਦੱਸਿਆ ਕਿ ਇਹ ਹਾਦਸਾ ਦੁਪਹਿਰੇ 3:30 ਵਜੇ ਡੰਡਸ ਸਟਰੀਟ ਈਸਟ ਤੇ ਬੱਡ ਸਟਰੀਟ, ਜੋ ਕਿ ਯੰਗ ਸਟਰੀਟ ਤੋਂ ਪੂਰਬ ਵੱਲ ਸਥਿਤ ਹੈ, ਉੱਤੇ ਵਾਪਰਿਆ।ਹਾਦਸੇ ਤੋਂ ਬਾਅਦ ਇਹ ਵਿਅਕਤੀ ਬਿਲਕੁਲ ਨਿਢਾਲ ਹਾਲਤ ਵਿੱਚ ਸੀ ਤੇ ਉਸ ਨੂੰ ਨੇੜਲੇ ਟਰੌਮਾ ਸੈਂਟਰ ਲਿਜਾਏ ਜਾਣ ਤੋਂ ਪਹਿਲਾਂ ਪੈਰਾਮੈਡਿਕਸ ਵੱਲੋਂ ਉਸ ਦੀ ਜਾਣ ਬਚਾਉਣ ਦੀ ਵੀ ਹਰ ਸੰਭਵ ਕੋਸ਼ਿਸ਼ ਕੀਤੀ ਗਈ। ਬਾਅਦ ਵਿੱਚ ਪੁਲਿਸ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਕਿ ਜ਼ਖ਼ਮਾਂ ਦੀ ਤਾਬ ਨਾ ਸਹਾਰਦਿਆਂ ਹੋਇਆਂ ਉਹ ਦਮ ਤੋੜ ਗਿਆ। ਮਾਮਲੇ ਦੀ ਜਾਂਚ ਲਈ ਗੱਡੀ ਦਾ ਡਰਾਈਵਰ ਮੌਕੇ ਉੱਤੇ ਹੀ ਬਣਿਆ ਰਿਹਾ ਤੇ ਉਸ ਵੱਲੋਂ ਪੁਲਿਸ ਜਾਂਚ ਵਿੱਚ ਮਦਦ ਵੀ ਕੀਤੀ ਗਈ।

# ਚਾਈਲਡ ਕੇਅਰ ਡੀਲ ਬਾਰੇ ਫੈਡਰਲ ਸਰਕਾਰ ਨਾਲ ਗੱਲਬਾਤ ਦੇ ਅਗਲੇ ਪੜਾਅ ਵਿੱਚ ਦਾਖਲ ਹੋਇਆ ਓਨਟਾਰੀਓ



ਓਨਟਾਰੀਓ, 10 ਮਾਰਚ (ਪੋਸਟ ਬਿਊਰੋ): ਓਨਟਾਰੀਓ ਸਰਕਾਰ ਪ੍ਰੋਵਿੰਸ ਵਿੱਚ ਚਾਈਲਡਕੇਅਰ ਦੀ ਕੌਸਟ ਘਟਾਉਣ ਲਈ ਫੈਡਰਲ ਸਰਕਾਰ ਨਾਲ ਗੱਲਬਾਤ ਦੇ ਅਗਲੇ ਪੜਾਅ ਵਿੱਚ ਦਾਖਲ ਹੋ ਗਈ ਹੈ।ਇਸ ਫਾਈਲ ਦੇ ਇਨਚਾਰਜ ਫੈਡਰਲ ਮੰਤਰੀ ਦੇ ਬੁਲਾਰੇ ਵੱਲੋਂ ਇਹ ਜਾਣਕਾਰੀ ਦਿੱਤੀ ਗਈ।

ਫੈਡਰਲ ਸਰਕਾਰ ਨੇ ਓਨਟਾਰੀਓ ਨੂੰ ਸਾਲ 2022 ਦੇ ਅੰਤ ਤੱਕ ਚਾਈਲਡ ਕੇਅਰ ਦੀ ਔਸਤ ਕੀਮਤ ਘਟਾਉਣ ਲਈ 10.2 ਬਿਲੀਅਨ ਡਾਲਰ ਦੇ ਫੰਡ ਦੇਣ ਦੀ ਪੇਸ਼ਕਸ਼ ਕੀਤੀ ਸੀ। ਫੈਡਰਲ ਸਰਕਾਰ 2026 ਤੱਕ ਚਾਈਲਡ ਕੇਅਰ ਉੱਤੇ ਹੋਣ ਵਾਲਾ ਖਰਚਾ 10 ਡਾਲਰ ਪ੍ਰਤੀ ਦਿਨ ਤੱਕ ਲਿਆਉਣਾ ਚਾਹੁੰਦੀ ਹੈ।

ਪਰ ਅਜੇ ਤੱਕ ਫੋਰਡ ਸਰਕਾਰ ਫੈਡਰਲ ਸਰਕਾਰ ਨਾਲ ਕਿਸੇ ਤਰ੍ਹਾਂ ਦੀ ਡੀਲ ਉੱਤੇ ਪਹੁੰਚਣ ਵਿੱਚ ਅਸਫਲ ਰਹੀ ਹੈ। ਅਜਿਹਾ ਕਰਨ ਕਾਰਨ ਸਿਰਫ ਓਨਟਾਰੀਓ ਹੀ ਅਜਿਹਾ ਪ੍ਰੋਵਿੰਸ ਬਚਿਆ ਹੈ ਜਿਸ ਨੇ ਫੈਡਰਲ ਸਰਕਾਰ ਨਾਲ 30 ਬਿਲੀਅਨ ਡਾਲਰ ਦਾ ਇਹ ਸਮਝੌਤਾ ਸਿਰੇ ਨਹੀਂ ਚੜ੍ਹਾਇਆ। ਫੈਮਿਲੀਜ਼, ਚਿਲਡਰਨ ਤੇ ਸੋਸ਼ਲ ਡਿਵੈਲਪਮੈਂਟ ਸਬੰਧੀ ਫੈਡਰਲ ਮੰਤਰੀ ਕਰੀਨਾ ਗੋਲਡ ਦੇ ਤਰਜ਼ਮਾਨ ਨੇ ਆਖਿਆ ਕਿ ਪਿਛਲੇ ਹਫਤੇ ਓਨਟਾਰੀਓ ਸਰਕਾਰ ਵੱਲੋਂ ਇਨ੍ਹਾਂ ਫੰਡਾਂ ਨੂੰ ਖਰਚ ਕਰਨ ਸਬੰਧੀ ਐਕਸ਼ਨ ਪਲੈਨ ਦਾ ਪਹਿਲਾ ਖਰੜਾ ਜਮ੍ਹਾਂ ਕਰਵਾਇਆ ਗਿਆ ਹੈ। ਇਸ ਨਾਲ ਇਸ ਮੁੱਦੇ ਉੱਤੇ ਗੱਲਬਾਤ ਅਗਲੇ ਪੜਾਅ ਵਿੱਚ ਲਿਜਾਣ ਵਿੱਚ ਮਦਦ ਮਿਲੇਗੀ।

## ਖ਼ੂਬਸੂਰਤੀ ਤੋਂ ਪ੍ਰੇਸ਼ਾਨ ਮਕਾਨ ਮਾਲਕ ਨੇ ਦੂਸਰੇ ਦਿਨ ਘਰੋਂ ਕੱਢਿਆ

ਸਾਓ ਪਾਉਲੋ, 10 ਮਾਰਚ (ਪੋਸਟ ਬਿਊਰੋ)- ਬਰਾਜ਼ੀਲ ਦੀ ਐਡਲਟ ਮਾਡਲ ਸੂਜੀ ਕਾਰਟੇਜ ਦਾ ਕਹਿਣਾ ਹੈ ਕਿ ਉਸ ਨੇ ਪਿਛਲੇ ਦਿਨੀਂ ਸਾਓ ਪਾਉਲੋ ਸ਼ਹਿਰ ਵਿੱਚ ਇੱਕ ਅਪਾਰਟਮੈਂਟ ਕਿਰਾਏ ਉਤੇ ਲਿਆ ਸੀ, ਪਰ ਉਸ ਦੇ ਮਕਾਨ-ਮਾਲਕ ਨੇ ਉਸ ਨੂੰ ਦੂਸਰੇ ਹੀ ਦਿਨ ਘਰੋਂ ਕੱਢ ਦਿੱਤਾ। ਕਾਰਨ ਸੀ ਸੂਜੀ ਦੀ ਖ਼ੂਬਸੂਰਤੀ ਅਤੇ ਉਸ ਦੇ ਜਿਮ ਦੇ ਕੱਪੜੇ। ਸੂਜੀ ਨੇ ਇਹ ਘਰ ਰੈਂਟਲ ਸਾਈਟ ਏਅਰ ਬੀ ਐਨ ਬੀ ਦੇ ਜ਼ਰੀਏ ਲਿਆ ਸੀ ਅਤੇ ਉਹ ਇਸ ਕੰਪਨੀ ਉੱਤੇ ਕੇਸ ਕਰਨ ਦੀ ਸੋਚ ਰਹੀ ਹੈ। ਸੂਜੀ ਨੇ ਕਿਹਾ ਕਿ ਇਹ ਘਟਨਾ ਉਸ ਦੇ ਲਈ ਬੁਰੇ ਸੁਫਨੇ ਵਾਂਗ ਹੈ। ਉਨ੍ਹਾਂ ਨੇ ਆਪਣੇ ਮਾਤਾ-ਪਿਤਾ ਨੂੰ ਮਿਲਣ ਦੀ ਆਸ ਲੈ ਕੇ ਅਪਾਰਟਮੈਂਟ ਕਿਰਾਏ ਉਤੇ ਲਿਆ ਸੀ, ਪਰ ਅੱਜਕੱਲ੍ਹ ਉਹ ਬੇਹੱਦ ਨਿਰਾਸ਼ ਹੈ। ਖਬਰ ਮੁਤਾਬਕ ਘਰ ਦੇ ਮਕਾਨ ਮਾਲਕ ਨੂੰ ਸੂਜੀ ਦੇ ਕੱਪੜਿਆਂ ਬਾਰੇ ਸ਼ਿਕਾਇਤ ਸੀ। ਮਕਾਨ ਮਾਲਕ ਨੇ ਦੂਸਰੇ ਹੀ ਦਿਨ ਜਿਮ ਵਾਲੇ ਉਸ ਦੇ ਕੱਪੜੇ ਦੇਖਣ ਦੇ ਬਾਅਦ ਘਰ ਛੱਡਣ ਲਈ ਕਹਿ ਦਿੱਤਾ ਸੀ। ਇਸ ਦੇ ਬਾਅਦ ਮਾਡਲ ਨੂੰ ਰੈਂਟਲ ਕੰਪਨੀ ਵੱਲੋਂ ਵੀ ਮਿਲੇ ਈ-ਮੇਲ ਵਿੱਚ ਕਿਹਾ ਗਿਆ ਕਿ ਉਨ੍ਹਾਂ ਦੀ ਬੁਕਿੰਗ ਰੱਦ ਕਰ ਦਿੱਤੀ ਗਈ ਹੈ। ਸੂਜੀ ਦਾ ਦੋਸ਼ ਹੈ ਕਿ ਉਸ ਦਾ ਕੁਝ ਸਾਮਾਨ ਵੀ ਕੂੜੇਦਾਨ ਵਿੱਚ ਸੁੱਟ ਦਿੱਤਾ ਗਿਆ।

## ਮਹਿਲਾ ਤੇ ਬੱਚਿਆਂ ਨੂੰ ਜ਼ਖ਼ਮੀ ਕਰਨ ਵਾਲੇ ਵਿਅਕਤੀ ਉੱਤੇ ਕਤਲ ਕਰਨ ਦੀ ਕੋਸ਼ਿਸ਼ ਕਰਨ ਦੇ ਲੱਗੇ ਚਾਰਜਿਜ਼




ਮਿਸੀਸਾਗਾ, 10 ਮਾਰਚ (ਪੋਸਟ ਬਿਊਰੋ) :ਮਿਸੀਸਾਗਾ ਦੇ ਘਰ ਵਿੱਚ ਇੱਕ ਮਹਿਲਾ ਤੇ ਦੋ ਬੱਚਿਆਂ ਨੂੰ ਜ਼ਖ਼ਮੀ ਕਰਨ ਦੇ ਸਬੰਧ ਵਿੱਚ ਇੱਕ ਵਿਅਕਤੀ ਨੂੰ ਕਈ ਚਾਰਜਿਜ਼ ਦਾ ਸਾਹਮਣਾ ਕਰਨਾ ਪੈ ਰਿਹਾ ਹੈ।ਉਸ ਖਿਲਾਫ ਕਤਲ ਕਰਨ ਦੀ ਕੋਸ਼ਿਸ਼ ਕਰਨ ਦਾ ਦੋਸ਼ ਵੀ ਲਗਾਇਆ ਗਿਆ ਹੈ।

ਸੋਮਵਾਰ ਨੂੰ ਘਰੇਲੂ ਵਿਵਾਦ ਦੀਆਂ ਰਿਪੋਰਟਾਂ ਮਿਲਣ ਤੋਂ ਬਾਅਦ ਪੀਲ ਰੀਜਨਲ ਪੁਲਿਸ ਸਵੇਰੇ 10:00 ਵਜੇ ਸਾਊਥੈਂਪਟਨ ਡਰਾਈਵ ਤੇ ਐਗਲਿੰਟਨ ਐਵਨਿਊ ਵੈਸਟ ਸਥਿਤ ਘਰ ਪਹੁੰਚੀ। ਪੁਲਿਸ ਨੂੰ ਘਰ ਦੇ ਬਾਹਰ ਇੱਕ ਮਹਿਲਾ ਜ਼ਖ਼ਮੀ ਹਾਲਤ ਵਿੱਚ ਮਿਲੀ। ਉਸ ਨੂੰ ਗੰਭੀਰ ਜ਼ਖ਼ਮੀ ਹਾਲਤ ਵਿੱਚ ਟਰੌਮਾ ਸੈਂਟਰ ਲਿਜਾਇਆ ਗਿਆ। ਇਸੇ ਘਰ ਵਿੱਚੋਂ ਇੱਕ 11 ਸਾਲਾ ਬੱਚੇ ਨੂੰ ਵੀ ਗੰਭੀਰ ਜ਼ਖ਼ਮੀ ਹਾਲਤ ਵਿੱਚ ਟਰੌਮਾ ਸੈਂਟਰ ਲਿਜਾਇਆ ਗਿਆ, ਉਸ ਦੀ ਹਾਲਤ ਸਥਿਰ ਦੱਸੀ ਜਾਂਦੀ ਹੈ। ਪੁਲਿਸ ਨੇ ਦੱਸਿਆ ਕਿ ਉਸ ਘਰ ਵਿੱਚੋਂ ਇੱਕ ਦੋ ਸਾਲ ਦਾ ਹੋਰ ਨਿੱਕਾ ਬੱਚਾ ਵੀ ਮਿਲਿਆ ਪਰ ਉਸ ਨੂੰ ਕੋਈ ਸੱਟ ਫੇਟ ਲੱਗੀ ਨਹੀਂ ਦੱਸੀ ਜਾਂਦੀ।

ਮੌਕੇ ਉੱਤੇ ਪਹੁੰਚੀ ਪੁਲਿਸ ਵੱਲੋਂ ਘਰ ਵਿੱਚ ਮੌਜੂਦ ਵਿਅਕਤੀ, ਜੋ ਕਿ ਪੂਰੀ ਤੈਸ਼ ਵਿੱਚ ਸੀ, ਨਾਲ ਗੱਲ ਕੀਤੀ ਗਈ ਪਰ ਇਸ ਦੌਰਾਨ ਇੱਕ ਪੁਲਿਸ ਅਧਿਕਾਰੀ ਵੱਲੋਂ ਗੋਲੀ ਚਲਾ ਦਿੱਤੀ ਗਈ। ਪੀਲ ਪੁਲਿਸ ਨੇ ਦੱਸਿਆ ਕਿ ਮਿਸੀਸਾਗਾ ਦੇ 47 ਸਾਲਾ ਵਿਅਕਤੀ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ ਤੇ ਗੰਭੀਰ ਜ਼ਖ਼ਮੀ ਹਾਲਤ ਵਿੱਚ ਉਸ ਨੂੰ ਟਰੌਮਾ ਸੈਂਟਰ ਲਿਜਾਇਆ ਗਿਆ।

ਮੰਗਲਵਾਰ ਨੂੰ ਇਸ ਵਿਅਕਤੀ ਉੱਤੇ ਕਤਲ ਕਰਨ ਦੀ ਕੋਸ਼ਿਸ਼ ਕਰਨ ਤੇ ਗੁੱਸੇ ਨਾਲ ਹਮਲਾ ਕਰਨ ਦੇ ਤਿੰਨ ਮਾਮਲੇ ਦਰਜ ਕੀਤੇ ਗਏ। ਇਨ੍ਹਾਂ ਤੋਂ ਇਲਾਵਾ ਵੀ ਉਸ ਉੱਤੇ ਕਈ ਮਾਮਲੇ ਦਰਜ ਕੀਤੇ ਗਏ। ਇਨਵੈਸਟੀਗੇਟਿਵ ਤੇ ਐਮਰਜੰਸੀ ਸਰਵਿਸਿਜ਼ ਦੇ ਡਿਪਟੀ ਚੀਫ ਨਿੱਕ ਮਿਲੀਨੋਵਿਚ ਨੇ ਇੱਕ ਨਿਊਜ਼ ਰਲੀਜ਼ ਵਿੱਚ ਆਖਿਆ ਕਿ ਇਸ ਘਟਨਾ ਦਾ ਜਿਊਂਦੇ ਬਚੇ ਲੋਕਾਂ ਤੇ ਇਸ ਸੱਭ ਕਾਸੇ ਨੂੰ ਵੇਖਣ ਵਾਲਿਆਂ ਉੱਤੇ ਮਾੜਾ ਅਸਰ ਪਿਆ ਹੈ।

# ਫੈਡਰਲ ਕਾਰਬਨ ਟੈਕਸ ਵਿੱਚ ਕੀਤੇ ਜਾਣ ਵਾਲੇ ਵਾਧੇ ਨੂੰ ਰੱਦ ਕਰਨ ਦੀ ਪੈਟ੍ਰਿਕ ਬ੍ਰਾਊਨ ਨੇ ਕੀਤੀ ਮੰਗ



ਬਰੈਂਪਟਨ, 10 ਮਾਰਚ (ਪੋਸਟ ਬਿਊਰੋ) : ਬਰੈਂਪਟਨ ਦੇ ਮੇਅਰ ਪੈਟ੍ਰਿਕ ਬ੍ਰਾਊਨ ਵੱਲੋਂ ਆਪਣੀ ਹਫਤਾਵਾਰੀ ਨਿਊਜ਼ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਫੈਡਰਲ ਕਾਰਬਨ ਟੈਕਸ ਵਿੱਚ ਵਾਧੇ ਨੂੰ ਰੱਦ ਕਰਨ ਦੀ ਮੰਗ ਕੀਤੀ ਗਈ।

ਇਸ ਕਾਨਫਰੰਸ ਵਿੱਚ ਉਨ੍ਹਾਂ ਆਖਿਆ ਕਿ ਇਹ ਸਾਰੇ ਹੀ ਜਾਣਦੇ ਹਨ ਕਿ ਕੋਵਿਡ-19 ਹੈਲਥ ਮਹਾਂਮਾਰੀ ਤੋਂ ਕਿਤੇ ਜ਼ਿਆਦਾ ਹੈ। ਇਹ ਸਾਡੇ ਰੈਜ਼ੀਡੈਂਟਸ ਤੇ ਨਿੱਕੇ ਕਾਰੋਬਾਰੀਆਂ ਲਈ ਆਰਥਿਕ ਤਬਾਹੀ ਵੀ ਲੈ ਕੇ ਆਈ। ਮਹਾਂਮਾਰੀ ਦੌਰਾਨ ਅਸੀਂ ਮਿਊਂਸਪਲ ਟੈਕਸ ਤੱਕ ਉੱਤੇ ਰੋਕ ਲਾ ਦਿੱਤੀ। ਮਹਿੰਗਾਈ, ਸਰਕਾਰੀ ਨੀਤੀਆਂ ਤੇ ਸਪਲਾਈ ਕਾਰਨ ਐਨਰਜੀ ਦੀਆਂ ਕੀਮਤਾਂ ਵਿੱਚ ਹੋਏ ਰਿਕਾਰਡ ਵਾਧੇ ਨਾਲ ਆਮ ਲੋਕਾਂ ਦੀ ਚਿੰਤਾ ਕਾਫੀ ਵੱਧ ਸਕਦੀ ਹੈ।

ਬ੍ਰਾਊਨ ਨੇ ਆਖਿਆ ਕਿ ਉਹ ਪਹਿਲੀ ਅਪਰੈਲ, 2022 ਤੋਂ ਲਾਏ ਜਾਣ ਵਾਲੇ ਕਾਰਬਨ ਟੈਕਸ ਨੂੰ ਰੱਦ ਕਰਨ ਦੀ ਫੈਡਰਲ ਸਰਕਾਰ ਤੋਂ ਮੰਗ ਕਰਦੇ ਹਨ।ਉਨ੍ਹਾਂ ਆਖਿਆ ਕਿ ਹੁਣ ਆਮ ਲੋਕਾਂ ਉੱਤੇ ਨਵਾਂ ਬੋਝ ਪਾਉਣ ਦਾ ਸਮਾਂ ਨਹੀਂ ਹੈ।ਬਰੈਂਪਟਨ ਵਿੱਚ ਕੁੱਝ ਲੋਕ ਆਪਣੀਆਂ ਗੱਡੀਆਂ ਵਿੱਚ ਤੇਲ ਪੁਆ ਸਕਦੇ ਹਨ ਜਾਂ ਫਿਰ ਆਪਣੇ ਘਰਾਂ ਦੇ ਹੀਟਿੰਗ ਬਿੱਲ ਦੇ ਸਕਦੇ ਹਨ। ਇਨ੍ਹਾਂ ਆਮ ਲੋਕਾਂ ਨੂੰ ਇਹ ਕੰਮ ਕਰਨ, ਕਿਰਾਇਆ ਦੇਣ ਜਾਂ ਗਰੌਸਰੀ ਖਰੀਦਣ ਵਿੱਚ ਵੀ ਚੋਣ ਕਰਨੀ ਪੈ ਰਹੀ ਹੈ।

ਕੱਲ੍ਹ ਨੂੰ ਗ੍ਰੇਟਰ ਟੋਰਾਂਟੋ ਏਰੀਆ ਵਿੱਚ ਗੈਸ ਦੀਆਂ ਕੀਮਤਾਂ 1•68 ਡਾਲਰ ਤੱਕ ਪਹੁੰਚ ਜਾਣਗੀਆਂ। ਐਫੋਰਡੇਬਲ ਐਨਰਜੀ ਦੇ ਪ੍ਰੈਜ਼ੀਡੈਂਟ ਤੇ ਸਾਬਕਾ ਲਿਬਰਲ ਐਮਪੀ ਡੈਨ ਮੈਕਟੀਗ ਨੇ ਆਖਿਆ ਕਿ ਇਸ ਵਿੱਚ ਕੋਈ ਅਤਿਕਥਨੀ ਨਹੀਂ ਹੈ ਕਿ ਗੈਸ ਦੀਆਂ ਕੀਮਤਾਂ ਜੀਟੀਏ ਵਿੱਚ ਜਲਦ ਹੀ 1•90 ਪ੍ਰਤੀ ਲੀਟਰ ਤੱਕ ਵੀ ਪਹੁੰਚਣ ਵਾਲੀਆਂ ਹਨ। ਅੱਜ ਤੋਂ ਇੱਕ ਮਹੀਨੇ ਬਾਅਦ ਕੈਨੇਡਾ ਸਰਕਾਰ ਕਾਰਬਨ ਟੈਕਸ ਲਾ ਕੇ ਚੀਜ਼ਾਂ ਨੂੰ ਹੋਰ ਮਹਿੰਗਾ ਕਰਨ ਵਾਲੀ ਹੈ। ਮਹਾਂਮਾਰੀ ਦੌਰਾਨ ਫੈਡਰਲ ਕਾਰਬਨ ਟੈਕਸ ਗੈਸੋਲੀਨ ਉੱਤੇ ਪਹਿਲੀ ਅਪਰੈਲ, 2022 ਤੋਂ 11 ਸੈਂਟ ਪ੍ਰਤੀ ਲੀਟਰ ਤੱਕ ਵੱਧ ਜਾਵੇਗਾ।

ਉਨ੍ਹਾਂ ਆਖਿਆ ਕਿ ਇਸ ਲਈ ਇਸ ਸਮੇਂ ਪਹਿਲਾਂ ਤੋਂ ਹੀ ਮਹਿੰਗਾਈ ਦੀ ਮਾਰ ਸਹਿ ਰਹੀ ਜਨਤਾ ਉੱਤੇ ਕਿਸੇ ਵੀ ਤਰ੍ਹਾਂ ਦਾ ਬੋਝ ਨਹੀਂ ਪਾਇਆ ਜਾਣਾ ਚਾਹੀਦਾ ਤੇ ਇਸ ਕਾਰਬਨ ਟੈਕਸ ਨੂੰ ਰੱਦ ਕਰ ਦੇਣਾ ਚਾਹੀਦਾ ਹੈ।

# ਯੂਕਰੇਨ ਨੂੰ ਹਵਾਈ ਜਹਾਜ਼ ਦੇਣ ਵਾਲੀ ਪੋਲੈਂਡ ਦੀ ਤਜਵੀਜ਼ ਅਮਰੀਕਾ ਵੱਲੋਂ ਰੱਦ




## * ਜਰਮਨੀ ਤੋਂ ਲੜਾਕੂ ਜਹਾਜ਼ ਦੇਣ ਨਾਲ ਨਾਟੋ ਨੂੰ ਖ਼ਤਰਾ ਦੱਸਿਆ

ਵਾਰਸਾ, 10 ਮਾਰਚ, (ਪੋਸਟ ਬਿਊਰੋ)-ਅਮਰੀਕਾ ਨੇ ਯੂਕਰੇਨ ਨੂੰ ਮਿਗ-29 ਜੰਗੀ ਹਵਾਈ ਜਹਾਜ਼ ਦੇਣ ਦੀ ਪੋਲੈਂਡ ਦੀ ਤਜਵੀਜ਼ ਗ਼ੈਰ ਵਿਹਾਰਕ ਦੱਸ ਕੇ ਰੱਦ ਕਰ ਦਿੱਤੀ ਤੇ ਕਿਹਾ ਹੈ ਕਿ ਇਸ ਨਾਲ ਨਾਟੋ ਦੇ ਮੈਂਬਰ ਦੇਸ਼ਾਂ ਨੂੰ ਖ਼ਤਰਾ ਪੈਦਾ ਹੋ ਸਕਦਾ ਹੈ। ਇਸ ਦੌਰਾਨ ਯੂਕਰੇਨ ਦੇ ਰਾਸ਼ਟਰਪਤੀ ਵਲੋਦੋਮੀਰ ਜ਼ੇਲੈਂਸਕੀ ਨੇ ਫਿਰ ਜੰਗੀ ਜਹਾਜ਼ ਦੇਣ ਦੀ ਮੰਗ ਕੀਤੀ ਤੇ ਕਿਹਾ ਹੈ ਕਿ ਉਨ੍ਹਾਂ ਦਾ ਦੇਸ਼ ਰੂਸ ਦੇ ਸਾਹਮਣੇ ਆਤਮ ਸਮੱਰਪਣ ਨਹੀਂ ਕਰੇਗਾ।

ਯੂਕਰੇਨ ਦੇ ਗੁਆਂਢੀ ਨਾਟੋ ਮੈਂਬਰ ਦੇਸ਼ ਪੋਲੈਂਡ ਨੇ ਕਿਹਾ ਸੀ ਕਿ ਉਹ ਰੂਸਦੇ ਬਣਾਏ ਆਪਣੇ 28 ਮਿਗ-29 ਹਵਾਈ ਜਹਾਜ਼ ਯੂਕਰੇਨ ਨੂੰ ਦੇ ਸਕਦਾ ਹੈ ਤੇਯੂਕਰੇਨ ਦੇ ਪਾਇਲਟ ਇਨ੍ਹਾਂ ਰੂਸੀ ਜਹਾਜ਼ਾਂ ਨੂੰ ਚਲਾਉਣ ਲਈ ਟਰੇਂਡ ਹਨ, ਪਰ ਪੋਲੈਂਡ ਇਹ ਜਹਾਜ਼ ਜਰਮਨੀ ਵਿੱਚ ਅਮਰੀਕਾ ਦੇ ਫ਼ੌਜੀ ਅੱਡੇ ਉੱਤੇ ਪੁਚਾਵੇਗਾ, ਓਥੋਂ ਇਹ ਯੂਕਰੇਨ ਨੂੰ ਦਿੱਤੇ ਜਾਣ। ਇਨ੍ਹਾਂ ਜਹਾਜ਼ਾਂ ਬਦਲੇ ਪੋਲੈਂਡ ਨੇ ਅਮਰੀਕਾ ਤੋਂ ਐੱਫ-16 ਜੰਗੀ ਜਹਾਜ਼ ਮੰਗੇ ਸਨ।ਯੂਕਰੇਨ ਦੇ ਰਾਸ਼ਟਰਪਤੀ ਜ਼ੇਲੈਂਸਕੀ ਦੀ ਮੰਗ ਉੱਤੇ ਪੋਲੈਂਡ ਨੇ ਇਹ ਤਜਵੀਜ਼ ਰੱਖੀਸੀ।ਰੂਸ ਨਾਲਜੰਗਦੇ ਦੌਰਾਨਯੂਕਰੇਨੀ ਹਵਾਈ ਫ਼ੌਜ ਦੇ ਵੱਡੀ ਗਿਣਤੀਜਹਾਜ਼ ਨਸ਼ਟ ਹੋ ਜਾਣ ਕਾਰਨ ਜ਼ੇਲੈਂਸਕੀ ਨੇ ਅਮਰੀਕਾ ਤੇ ਪੱਛਮੀ ਦੇਸ਼ਾਂ ਤੋਂ ਇਹ ਮੰਗ ਕੀਤੀ ਹੈ। ਪੋਲੈਂਡ ਤੋਂ ਯੂਕਰੇਨ ਨੂੰ ਜੰਗੀ ਜਹਾਜ਼ ਦੇਣ ਦੀ ਸਿਫ਼ਾਰਸ਼ ਜਿਥੇ ਅਮਰੀਕਾ ਨੇ ਕੀਤੀ ਸੀ, ਓਥੇ ਰੂਸ ਨੇ ਅਜਿਹਾ ਕੋਈ ਕਦਮ ਚੁੱਕਣ ਉੱਤੇ ਖੇਤਰੀ ਦੇਸ਼ਾਂ ਨੂੰ ਮਾੜੇ ਨਤੀਜਿਆਂ ਦੀ ਚਿਤਾਵਨੀ ਦਿੱਤੀ ਸੀ। ਅਮਰੀਕਾ ਦੀ ਗੱਲ ਮੰਨ ਕੇ ਪੋਲੈਂਡ ਰੂਸ ਨੂੰ ਨਾਰਾਜ਼ ਨਹੀਂ ਕਰਨਾ ਚਾਹੁੰਦਾ, ਇਸ ਲਈ ਉਸ ਨੇ ਜਰਮਨੀ ਦੇ ਅਮਰੀਕੀ ਅੱਡੇ ਉੱਤੇ ਜਹਾਜ਼ ਦੇਣ ਦੀ ਗੱਲ ਕਹੀ ਤੇਇਸ ਤੋਂ ਬਾਅਦ ਜਹਾਜ਼ ਯੂਕਰੇਨ ਨੂੰ ਦੇਣ ਦੀ ਜ਼ਿੰਮੇਵਾਰੀ ਅਮਰੀਕਾ ਦੀ ਸੀ। ਅਮਰੀਕੀ ਰੱਖਿਆ ਮੰਤਰਾਲੇ ਦੇ ਬੁਲਾਰੇ ਜਾਨ ਕਿਰਬੀ ਨੇ ਕਿਹਾ ਕਿ ਪੋਲੈਂਡ ਦੀ ਇਸ ਤਜਵੀਜ਼ ਦੇ ਅੱਗੇ ਵਧਣ ਨਾਲ ਨਾਟੋ ਦੇ ਦੇਸ਼ ਖ਼ਤਰੇ ਵਿੱਚ ਪੈ ਜਾਣਗੇ।

ਕੱਲ੍ਹ ਮੰਗਲਵਾਰ ਬ੍ਰਿਟਿਸ਼ ਰੱਖਿਆ ਮੰਤਰੀ ਬੇਨ ਵੈਲੇਸ ਨੇ ਕਿਹਾ ਸੀ ਕਿ ਪੋਲੈਂਡ ਜੇ ਇਹ ਹਵਾਈ ਜਹਾਜ਼ ਸਿੱਧਾ ਯੂਕਰੇਨ ਨੂੰ ਦਿੰਦਾ ਹੈ ਤਾਂ ਉਸ ਤੋਂ ਬਣੀ ਸਥਿਤੀ ਵਿੱਚਬ੍ਰਿਟੇਨ ਉਸ ਨਾਲ ਖੜਾ ਹੋਵੇਗਾ ਤੇ ਪੋਲੈਂਡ ਨੂੰ ਮਾੜੇ ਨਤੀਜਿਆਂ ਦੀ ਚਿੰਤਾ ਕਰਨ ਦੀ ਲੋੜ ਨਹੀਂ। ਇਸ ਦੌਰਾਨ ਰੂਸ ਤੋਂ ਅਸੰਤੁਸ਼ਟ ਦੇਸ਼ ਕੋਸੋਵੋ ਨੇ ਯੂਕਰੇਨ ਨੂੰ ਜੰਗੀ ਜਹਾਜ਼ ਦੇਣ ਲਈ ਆਪਣੀ ਧਰਤੀ ਦੀ ਵਰਤੋਂ ਕੀਤੇ ਜਾਣ ਦੀ ਪੇਸ਼ਕਸ਼ ਕੀਤੀ ਹੈ।ਰੂਸ ਦੀ ਨਾਰਾਜ਼ਗੀ ਦੀ ਪ੍ਰਵਾਹ ਨਾ ਕਰਦੇ ਹੋਏ ਅਮਰੀਕਾ ਨੇ ਕੋਸੋਵੋ ਨੂੰ ਆਜ਼ਾਦ ਦੇਸ਼ ਵਜੋਂ ਮਾਨਤਾ ਦਿੱਤੀ ਹੋਈ ਹੈ।

# ਜ਼ੇਲੈਂਸਕੀ ਨੇ ਨਾਟੋ ਦੀ ਮੈਂਬਰੀ ਲੈਣ ਤੋਂ ਮੂੰਹ ਮੋੜਿਆ

## * ਜਿਹੜੇ ਰੂਸ ਤੋਂ ਡਰੀ ਜਾਂਦੇ ਨੇ, ਉਨ੍ਹਾਂ ਦਾ ਮੈਂਬਰ ਕੀ ਬਣਨੈ : ਜ਼ੇਲੈਂਸਕੀ



ਕੀਵ, 10 ਮਾਰਚ, (ਪੋਸਟ ਬਿਊਰੋ)- ਯੂਕਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜ਼ੇਲੈਂਸਕੀ ਨੇ ਕਿਹਾ ਕਿ ਉਹ ਆਪਣੇ ਦੇਸ਼ ਦੇ ਲਈ ਨਾਟੋ ਦੀ ਮੈਂਬਰੀ ਦੀ ਮੰਗ ਨਹੀਂ ਕਰਦਾ, ਇਹ ਨਾਜ਼ੁਕ ਮੁੱਦਾ ਹੈ, ਜੋ ਰੂਸ ਦੇ ਆਪਣੇਪੱਛਮੀ ਗੁਆਂਢੀ ਉੱਤੇ ਹਮਲਾ ਕਰਨ ਦੇ ਦੱਸੇ ਗਏ ਕਾਰਨਾਂ ਵਿੱਚੋਂ ਇੱਕ ਸੀ।

ਸਮਝਿਆ ਜਾਂਦਾ ਹੈ ਕਿ ਰੂਸ ਨੂੰ ਠੰਢਾ ਕਰਨ ਦੇ ਉਦੇਸ਼ ਨਾਲ ਇੱਕ ਹੋਰ ਸਪੱਸ਼ਟ ਪੇਸ਼ਕਸ਼ਵਿੱਚ ਜ਼ੇਲੈਂਸਕੀ ਨੇ ਕਿਹਾ ਹੈ ਕਿ ਉਹ ਦੋ ਵੱਖ-ਵੱਖ ਰੂਸ ਪੱਖੀ ਖੇਤਰਾਂ ਦੀ ਸਥਿਤੀ ਉੱਤੇ ਸਮਝੌਤਾ ਕਰਨ ਨੂੰ ਤਿਆਰ ਹੈ, ਜਿਨ੍ਹਾਂ ਨੂੰ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੇ 24 ਫਰਵਰੀ ਨੂੰ ਜੰਗ ਸ਼ੁਰੂ ਕਰਨ ਤੋਂ ਪਹਿਲਾਂ ਆਜ਼ਾਦ ਦੇਸ਼ਦੀ ਮਾਨਤਾ ਦਿੱਤੀ ਸੀ। ਇੱਕ ਖਬਰ ਏਜੰਸੀ ਨਾਲ ਇੰਟਰਵਿਊ ਵਿੱਚ ਜ਼ੇਲੇਨਸਕੀ ਨੇ ਕਿਹਾ, 'ਮੈਂ ਇਸ ਸਵਾਲ ਦੇ ਬਾਰੇ ਬਹੁਤ ਸਮਾਂ ਪਹਿਲਾਂ ਇਹ ਸਮਝ ਲਿਆ ਸੀ ਕਿ ਯੂਕਰੇਨ ਨੂੰ ਸਵੀਕਾਰ ਕਰਨ ਲਈਨਾਟੋ ਤਿਆਰ ਨਹੀਂ।'

ਨਾਟੋ ਦੀ ਮੈਂਬਰੀ ਦਾ ਹਵਾਲਾ ਦਿੰਦੇ ਹੋਏ ਜ਼ੇਲੈਂਸਕੀ ਨੇ ਇੱਕ ਦੁਭਾਸ਼ੀਏ ਰਾਹੀਂਸਾਫ ਕਿਹਾ ਕਿ ਉਹ ਉਸ ਦੇਸ਼ ਦਾ ਰਾਸ਼ਟਰਪਤੀ ਨਹੀਂ ਬਣਨਾ ਚਾਹੁੰਦਾ, ਜੋ ਆਪਣੇ ਗੋਡਿਆਂ ਉੱਤੇਖੜੋ ਕੇ ਕੁਝ ਭੀਖ ਮੰਗਦਾ ਹੈ।'ਰੂਸ ਲੰਬੇ ਸਮੇਂ ਤੋਂ ਯੂਕਰੇਨ ਦੀ ਨਾਟੋ ਮੈਂਬਰੀ ਦੇ ਵਿਚਾਰ ਦੇ ਖਿਲਾਫ ਚੱਲਦਾ ਹੈ। ਨਾਰਥ ਐਟਲਾਂਟਿਕ ਸੰਧੀ ਸੰਗਠਨ, (ਨਾਟੋ) ਯੂਰਪ ਵਿੱਚ ਪੁਰਾਣੇ ਸੋਵੀਅਤ ਯੂਨੀਅਨ(ਯੂ ਐੱਸ ਐੱਸ ਆਰ) ਦੇ ਦਬਦਬੇ ਨੂੰ ਰੋਕਣ ਲਈ ਸੀਤ-ਯੁੱਧ ਦੇ ਵਕਤ ਬਣਾਇਆ ਗਿਆ ਸੀ ਅਤੇਯੂ ਐੱਸ ਐੱਸ ਆਰਦੇ ਟੁੱਟਣ ਤੋਂ ਬਾਅਦ ਸਾਬਕਾ ਸੋਵੀਅਤ ਗਰੁੱਪਾਂ ਨੂੰ ਗਲੇ ਲਾਉਣ ਲਈ ਗੱਠਜੋੜ ਨੇ ਪੂਰਬ ਵੱਲ ਹੋਰ ਵਿਸਥਾਰ ਕਰਨਾ ਜਾਰੀ ਰੱਖਿਆ ਸੀ।ਯੂਕਰੇਨ ਉੱਤੇ ਹਮਲੇ ਦਾ ਆਦੇਸ਼ ਦੇ ਕੇ ਦੁਨੀਆ ਨੂੰ ਹੈਰਾਨ ਕਰ ਦੇਣ ਤੋਂ ਕੁਝ ਸਮਾਂ ਪਹਿਲਾਂ ਰੂਸੀ ਰਾਸ਼ਟਰਪਤੀਵਲਾਦੀਮੀਰ ਪੁਤਿਨ ਨੇ ਪੂਰਬੀ ਯੂਕਰੇਨਵਿੱਚਰੂਸ ਪੱਖੀ ਵਿਵਾਦਗ੍ਰਸਤ ਦੋਵੱਖਵਾਦੀ ਖੇਤਰਾਂ ਲੁਹਾਂਸਕ ਅਤੇ ਡੋਨੇਤਸਕ ਨੂੰ 'ਦੇਸ਼' ਵਜੋਂ ਮਾਨਤਾ ਦੇਦਿੱਤੀ ਸੀ। ਇਹ ਦੋਵੇਂ ਦੇਸ਼ ਸਾਲ 2014 ਤੋਂ ਕੀਵ ਨਾਲ ਜੰਗ ਵਿੱਚਉਲਝਦੇ ਚਲੇ ਆ ਰਹੇ ਹਨ।





TAX & ACCOUNTING

TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX

Harcharan S. Grover
Chartered Accountant



ਸਾਨੂੰ ਕਾਲ ਕਰੋ ਤੇ ਆਪਣਾ ਟੈਕਸ ਬਚਾਓ

Call for Professional Advice
905.247.0193
info@grovercpa.ca

GroVerCPA Professional Corporation

214-7895 Tranmere Drive, Mississauga ON L5S 1V9

# ਪੰਜਾਬ ਵਿੱਚ ਆਪ ਪਾਰਟੀ ਨੇ 117 ਵਿੱਚੋਂ 92 ਸੀਟਾਂ ਦੀ ਜਿੱਤ ਨਾਲ ਝਾੜੂ ਫੇਰਿਆ

...ਪੰਨਾ 1 ਦਾ ਬਾਕੀ

ਵਿਧਾਨ ਸਭਾ ਚੋਣਾਂ ਵਿਚ ਆਮ ਆਦਮੀ ਪਾਰਟੀ ਦਾ ਝਾੜੂ ਏਦਾਂ ਫਿਰਿਆ ਕਿ ਉਸ ਦੇ ਗਿਆਰਾਂ ਉਮੀਦਵਾਰਾਂ ਨੇ ਪੰਜਾਹ ਹਜ਼ਾਰ ਤੋਂ ਵੱਧ ਵੋਟਾਂ ਨਾਲ ਸੀਟਾਂ ਜਿੱਤੀਆਂ। ਸਾਫ ਹੈ ਕਿ ਰਾਜ ਦੇ ਲੋਕ ਰਵਾਇਤੀ ਪਾਰਟੀਆਂ ਦੀਆਂ ਨੀਤੀਆਂ ਤੋਂ ਅੱਕ ਚੁੱਕੇ ਸਨ ਤੇ ਬਦਲ ਚਾਹੁੰਦੇ ਸਨ। ਸੁਨਾਮ ਤੋਂ ਆਮ ਆਦਮੀ ਪਾਰਟੀ ਦੇ ਅਮਨ ਅਰੋੜਾ 75277 ਵੋਟਾਂ ਦੇ ਸਭ ਤੋਂ ਵੱਡੇ ਫਰਕ ਨਾਲ ਜੇਤੂ ਰਹੇ ਤੇ ਬਠਿੰਡਾ ਤੋਂ ਇਸ ਪਾਰਟੀ ਦੇ ਜਗਰੂਪ ਸਿੰਘਗਿੱਲ ਨੇ ਦੂਸਰੇ ਵੱਡੇ ਫਰਕ 63581 ਵੋਟਾਂ ਵੱਧ ਲੈ ਕੇ ਪੰਜਾਬ ਦੇ ਖਜ਼ਾਨਾ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੂੰ ਹਰਾਇਆ।ਮਾਨਸਾ ਤੋਂ ਆਮ ਆਦਮੀ ਪਾਰਟੀ ਦੇ ਡਾ. ਵਿਜੇ ਸਿੰਗਲਾ 63323 ਵੋਟਾਂ ਦੇ ਫਰਕ ਨਾਲ ਅਤੇ ਧੂਰੀ ਤੋਂ ਆਮ ਆਦਮੀ ਪਾਰਟੀ ਵੱਲੋਂ ਮੁੱਖ ਮੰਤਰੀ ਅਹੁਦੇ ਲਈ ਉਮੀਦਵਾਰ ਭਗਵੰਤ ਮਾਨ ਨੇ 58206 ਵੋਟਾਂ ਦੇ ਫਰਕ ਨਾਲ ਸੀਟ ਜਿੱਤੀ। ਲੁਧਿਆਣਾ ਜ਼ਿਲੇ ਦੇ ਹਲਕਾ ਗਿੱਲ ਤੋਂ ਆਮ ਆਦਮੀ ਪਾਰਟੀਦੇ ਜੀਵਨ ਸਿੰਘ 57644 ਵੋਟਾਂ ਦੇ ਫਰਕ ਨਾਲਅਤੇਪ-ਟਿਆਲਾ ਦੇਹਾਤੀ ਤੋਂ ਆਮ ਆਦਮੀ ਪਾਰਟੀ ਦੇ ਡਾ. ਬਲਵੀਰ ਸਿੰਘ 53474 ਵੋਟਾਂ ਨਾਲ ਜੇਤੂ ਰਹੇ।ਨਾਭਾ ਤੋਂ ਆਮ ਆਦਮੀ ਪਾਰਟੀਦੇ ਗੁਰਦੇਵ ਸਿੰਘ ਦੇਵ ਮਾਨ ਨੇ 52600 ਵੋਟਾਂ ਦੇ ਫਰਕ ਨਾਲ ਅਤੇ ਬੁਢਲਾਡਾ ਤੋਂ ਇਸੇ ਪਾਰਟੀ ਦੇ ਪ੍ਰਿੰਸੀਪਲੇ ਬੁਧਰਾਮ 51691 ਵੋਟਾਂ ਨਾਲ ਸੀਟ ਜਿੱਤ ਲਈ ਹੈ। ਸ਼ੁਤਰਾਣਾ ਤੋਂਆਮ ਆਦਮੀ ਪਾਰਟੀ ਦੇ ਕੁਲਵੰਤ ਸਿੰਘ ਬਾਜ਼ੀਗਰ 51554 ਵੋਟਾਂ ਦੇ ਫਰਕਨਾਲ ਤੇ ਦਿੜ੍ਹਬਾ ਤੋਂ ਏਸੇ ਪਾਰਟੀ ਦੇ ਹਰਪਾਲ ਸਿੰਘ ਚੀਮਾ 50655 ਵੋਟਾਂ ਨਾਲ ਜੇਤੂ ਰਹੇ, ਜਦ ਕਿ ਭੁੱਚੋ ਮੰਡੀ ਹਲਕੇ ਤੋਂ ਆਮ ਆਦਮੀ ਪਾਰਟੀਦੇ ਜਗਸੀਰ ਸਿੰਘ 50212 ਵੋਟਾਂ ਦੇ ਫਰਕ ਨਾਲ ਸੀਟ ਜਿੱਤ ਲਈ ਹੈ।

ਇਸ ਵਾਰੀ ਪੰਜਾਬ ਵਿਧਾਨ ਸਭਾ ਲਈ ਇੱਕ ਦਰਜਨ ਮਹਿਲਾ ਉਮੀਦਵਾਰ ਕਾਮਯਾਬ ਹੋਈਆਂ ਹਨ, ਜਿਨ੍ਹਾਂ ਵਿੱਚ ਤਿੰਨ ਵਿਧਾਇਕਾਂ ਨੂੰ ਮੁੜ ਕੇ ਸਦਨ ਵਿੱਚ ਜਾਣਾ ਨਸੀਬ ਹੋਇਆ ਤੇ ਸੱਤ ਪਹਿਲੀ ਵਾਰ ਵਿਧਾਇਕ ਬਣੀਆਂ ਹਨ। ਸਭ ਤੋਂ ਵੱਧ ਆਮ ਆਦਮੀ ਪਾਰਟੀਦੀਆਂ ਦਸ ਉਮੀਦਵਾਰ ਜੇਤੂ ਰਹੀਆਂ ਹਨ, ਅਕਾਲੀ ਦਲ ਅਤੇ ਕਾਂਗਰਸ ਦੀ ਇੱਕ-ਇੱਕ ਉਮੀਦਵਾਰ ਨੇ ਜਿੱਤ ਕੇ ਪਾਰਟੀ ਦੀ ਲਾਜ ਬਚਾਈ ਹੈ। ਦੀਨਾ ਨਗਰ ਤੋਂ ਕਾਂਗਰਸ ਉਮੀਦਵਾਰਤੇ ਮੰਤਰੀ ਅਰੁਣਾ ਚੌਧਰੀ ਫਿਰਚੋਣ ਜਿੱਤ ਗਏ ਹਨ। ਅਕਾਲੀ ਦਲ ਦੀ ਮਜੀਠਾ ਤੋਂ ਉਮੀਦਵਾਰ ਗਨੀਵ ਕੌਰ ਇੱਕੋ ਮਹਿਲਾ ਵਿਧਾਇਕ ਚੁਣੀ ਗਈ ਹੈ। ਆਮ ਆਦਮੀ ਪਾਰਟੀ ਵੱਲੋਂ ਜਗਰਾਓ ਤੋਂ ਸਰਬਜੀਤ ਕੌਰ ਮਾਣੂਕੇ ਅਤੇ ਤਲਵੰਡੀ ਸਾਬੋ ਤੋਂ ਪ੍ਰੋ. ਬਲਜਿੰਦਰ ਕੌਰ ਲਗਾਤਾਰ ਦੂਸਰੀ ਵਾਰ ਵਿਧਾਇਕ ਬਣੀਆਂ ਹਨ, ਜਦ ਕਿ ਅੰਮ੍ਰਿਤਸਰ ਪੂਰਬੀ ਤੋਂ ਡਾਕਟਰ ਜੀਵਨਜੋਤ ਕੌਰ, ਮੋਗਾ ਤੋਂ ਡਾਕਟਰ ਅਮਨਦੀਪ ਕੌਰ ਅਰੋੜਾ, ਰਾਜਪੁਰਾ ਤੋਂ ਇਸ ਪਾਰਟੀ ਦੀ ਖਜ਼ਾਨਚੀ ਨੀਨਾ ਮਿੱਤਲ, ਸੰਗਰੂਰ ਤੋਂ ਨਰਿੰਦਰ ਭਰਾਜ, ਨਕੋਦਰ ਤੋਂ ਡਾਕਟਰ ਇੰਦਰਜੀਤ ਕੌਰ ਮਾਨ, ਮਲੋਟ ਤੋਂ ਡਾ. ਬਲਜੀਤ ਕੌਰ ਤੇ ਖਰੜ ਤੋਂ ਅਨਮੋਲ ਗਗਨ ਮਾਨ ਨੇ ਚੋਣ ਜਿੱਤੀ ਹੈ। ਵਿਧਾਨ ਸਭਾ ਲਈ ਕੁੱਲ 1304 ਉਮੀਦਵਾਰਾਂਵਿੱਚੋਂ 93 ਔਰਤਾਂ ਸਨ। ਹੈਰਾਨੀ ਦੀ ਗੱਲ ਹੈ ਕਿ ਅਮਰੀਕਾ ਦੇ ਨਾਗਰਿਕ ਰਹਿ ਚੁੱਕੇ ਜਸਵੀਰ ਸਿੰਘ ਰਾਜਾ ਨੇ ਹਲਕਾ ਉੜਮੁੜ ਤੋਂ ਆਮ ਆਦਮੀ ਪਾਰਟੀ ਦੀ ਟਿਕਟ ਉੱਤੇਜਿੱਤ ਪ੍ਰਾਪਤ ਕੀਤੀ ਹੈ। ਉਨ੍ਹਾਂ ਦਾ ਪਰਿਵਾਰ ਅਮਰੀਕਾ ਵਿੱਚ ਟਰਾਂਸਪੋਰਟ ਕਾਰੋਬਾਰੀ ਹੈ। ਉਸ ਨੇ 2017 ਦੀਆਂ ਚੋਣਾਂ ਵਿੱਚ ਇਸੇ ਹਲਕੇ ਤੋਂ ਏਸੇ ਵੱਲੋਂ ਚੋਣ ਲੜੀ ਤੇ ਤੀਜੇ ਥਾਂ ਰਹੇ ਸਨ। ਇਸ ਵਾਰ ਉਨ੍ਹਾਂ ਨੇ ਕਾਂਗਰਸ ਦੇ ਕਾਰਜਕਾਰੀ ਪ੍ਰਧਾਨ ਤੇ ਮੰਤਰੀ ਸੰਗਤ ਸਿੰਘ ਗਿਲਜ਼ੀਆਂ ਨੂੰ 4190 ਵੋਟਾਂ ਨਾਲ ਹਰਾਇਆ ਹੈ।

## ਅੱਜ ਨਾਮਾ

ਗਿਣਤੀ ਵੋਟਾਂ ਦੀ ਹੋਈ ਜਦ ਅੱਜ ਪੂਰੀ,
ਮਾਂਜਾ ਮਾਰ ਗਈ ਪਾਰਟੀ ਆਪ ਮਿੱਤਰ।
ਪੈ ਗਈ ਮਾਰ ਆ ਡਾਢੀ ਅਕਾਲੀਆਂ ਨੂੰ,
ਹਾਰਿਆ ਪੁੱਤ ਤੇ ਨਾਲ ਹੈ ਬਾਪ ਮਿੱਤਰ।
ਪੂਰੀ ਪਾਰਟੀ ਦੀ ਲੱਗ ਗਈ ਤਹਿ ਜਾਪੇ,
ਬੈਠਾ ਜੜ੍ਹੀਂ ਕੋਈ ਜਾਪਦਾ ਪਾਪ ਮਿੱਤਰ।
ਰੁੜ੍ਹ ਗਏ ਨਾਲ ਹਨ ਜਾਪਦੇ ਯਾਰ ਬੇਲੀ,
ਘਰੀਂ ਬੈਠ ਗਏ ਜੀ ਚੁੱਪ-ਚਾਪ ਮਿੱਤਰ।
ਚੰਨੀ-ਸਿੱਧੂ ਕੋਈ ਸੁੱਕਾ ਨਾ ਰਿਹਾ ਦਿੱਸੇ,
ਲੱਗੀ ਸਾਰਿਆਂ ਦੀ ਲੱਗਦੀ ਕੰਡ ਮਿੱਤਰ।
ਸ਼ਾਹ ਮੁਹੰਮਦਾ ਨਹੀਂ ਇਹ ਭੁੱਲ ਸਕਣੀ,
ਕੀਤੀ ਵੋਟਰ ਨੇ ਜਿੰਦਾਂ ਦੀ ਝੰਡ ਮਿੱਤਰ।

**ਤੀਸ ਮਾਰ ਖਾਂ**

## ਸ੍ਰੀ ਚਮਕੌਰ ਸਾਹਿਬ ਅਤੇ ਭਦੌੜ ਦੋਵੇਂ ਸੀਟਾਂ ਹਾਰ ਗਿਆ ਮੁੱਖ ਮੰਤਰੀ ਚੰਨੀ



ਸ੍ਰੀ ਚਮਕੌਰ ਸਾਹਿਬ, 10 ਮਾਰਚ, (ਪੋਸਟ ਬਿਊਰੋ)- ਪੰਜਾਬ ਵਿਧਾਨ ਸਭਾ ਚੋਣਾਂ ਦੇ ਨਤੀਜਿਆਂ ਵਿੱਚ ਕਾਂਗਰਸ ਪਾਰਟੀ ਬੁਰੀ ਤਰ੍ਹਾਂ ਪਛੜ ਗਈ ਅਤੇ ਇਸ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੋਵੇਂ ਸੀਟਾਂ ਭਦੌੜ ਅਤੇ ਸ੍ਰੀ ਚਮਕੌਰ ਸਾਹਿਬ ਤੋਂ ਹਾਰ ਗਏ ਹਨ। ਇਨ੍ਹਾਂ ਦੋਵੇਂ ਸੀਟਾਂ ਤੋਂ ਆਮ ਆਦਮੀ ਪਾਰਟੀ ਨੇ ਜਿੱਤ ਹਾਸਲ ਕੀਤੀ ਹੈ।

ਸ੍ਰੀ ਚਮਕੌਰ ਸਾਹਿਬ ਵਿਖੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੂੰ 62306 ਵੋਟਾਂ ਮਿਲੀਆਂ ਅਤੇ ਆਮ ਆਦਮੀ ਪਾਰਟੀ ਦੇ ਚਰਨਜੀਤ ਸਿੰਘ ਚੰਨੀ ਨੂੰ 70248 ਵੋਟਾਂ ਮਿਲੀਆਂ ਅਤੇ ਉਨ੍ਹਾਂ ਨੇ 7942 ਵੋਟਾਂ ਨਾਲ ਮੁੱਖ ਮੰਤਰੀ ਨੂੰ ਹਰਾ ਦਿੱਤਾ ਹੈ। ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੂੰ ਭਦੌੜ ਸੀਟ ਤੋਂ ਵੀ ਕਰਾਰੀ ਹਾਰ ਮਿਲੀ।ਓਥੇ ਚਰਨਜੀਤ ਸਿੰਘ ਚੰਨੀ ਨੂੰ 26409 ਵੋਟਾਂ ਮਿਲੀਆਂ ਤੇ ਆਮ ਆਦਮੀ ਪਾਰਟੀ ਦੇ ਉਮੀਦਵਾਰ ਲਾਭ ਸਿੰਘ ਉੱਗੋਕੇ ਨੂੰ 63967 ਵੋਟਾਂ ਮਿਲੀਆਂ ਅਤੇ ਉਸ ਨੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੂੰ 37,558ਵੋਟਾਂ ਦੇ ਵੱਡੇ ਫਰਕ ਨਾਲ ਹਰਾਇਆ ਹੈ। ਅਕਾਲੀ ਦਲ ਦੇ ਸਤਨਾਮ ਸਿੰਘ ਸਿਫਰ 21183 ਵੋਟਾਂ ਮਿਲੀਆਂ ਹਨ।

ਪਟਿਆਲਾ ਵਿੱਚ ਇਸ ਵਾਰ ਆਮ ਆਦਮੀ ਪਾਰਟੀ ਦੇ ਉਮੀਦਵਾਰ ਅਜੀਤਪਾਲ ਸਿੰਘ ਕੋਹਲੀ ਨੇ ਸਾਬਕਾ ਮੁੱਖ ਮੰਤਰੀ ਅਮਰਿੰਦਰ ਸਿੰਘ ਨੂੰ 19,873 ਦੇ ਵੱਡੇ ਫਰਕ ਹਰਾਇਆ ਤਾਂ ਹਰ ਕੋਈ ਦੰਗ ਰਹਿ ਗਿਆ। ਕੈਪਟਨ ਅਮਰਿੰਦਰ ਸਿੰਘ ਨੂੰ 28231 ਵੋਟਾਂ ਮਿਲੀਆਂ, ਜਦਕਿ ਆਮ ਆਦਮੀ ਪਾਰਟੀ ਦੇ ਅਜੀਤਪਾਲ ਸਿੰਘ ਕੋਹਲੀ ਨੂੰ 48104 ਰਿਕਾਰਡ ਵੋਟਾਂ ਪਈਆਂ। ਅਕਾਲੀ ਦਲ ਦੇ ਹਰਪਾਲ ਜੁਨੇਜਾ ਤੀਜੇ ਅਤੇ ਕਾਂਗਰਸ ਦੇ ਵਿਸ਼ਨੂੰ ਸ਼ਰਮਾ ਚੌਥੇ ਨੰਬਰ ਉੱਤੇ ਰਹੇ।

## ਹਾਰਨ ਪਿੱਛੋਂ ਕੈਪਟਨ ਅਮਰਿੰਦਰ ਸਿੰਘ ਵੀ ਭਗਵੰਤ ਮਾਨ ਨੂੰ ਵਧਾਈ ਦੇਣ ਲੱਗਾ

ਪਟਿਆਲਾ, 10 ਮਾਰਚ, (ਪੋਸਟ ਬਿਊਰੋ)- ਪੰਜਾਬ ਵਿਧਾਨ ਸਭਾ ਚੋਣਾਂ ਵਿੱਚ ਹਾਰ ਪਿੱਛੋਂ ਕੈਪਟਨ ਅਮਰਿੰਦਰ ਸਿੰਘ ਦਾ ਬਿਆਨ ਆਇਆ ਹੈ।ਉਨ੍ਹਾ ਟਵੀਟ ਕਰ ਕੇ ਕਿਹਾ ਕਿ 'ਮੈਂ ਲੋਕਾਂ ਦਾ ਫ਼ੈਸਲਾ ਪੂਰੀ ਨਿਮਰਤਾ ਨਾਲ ਪ੍ਰਵਾਨ ਕਰਦਾ ਹਾਂ। ਲੋਕਤੰਤਰ ਦੀ ਜਿੱਤ ਹੋਈ ਹੈ। ਪੰਜਾਬੀਆਂ ਨੇ ਭੇਦ-ਭਾਵ ਅਤੇ ਜਾਤ-ਪਾਤ ਤੋਂ ਉੱਪਰ ਉੱਠ ਕੇ ਵੋਟਾਂ ਪਾ ਕੇ ਪੰਜਾਬੀਅਤ ਦੀ ਅਸਲੀ ਭਾਵਨਾ ਦਿਖਾਈ ਹੈ। ਆਮ ਆਦਮੀ ਪਾਰਟੀ ਅਤੇ ਭਗਵੰਤ ਮਾਨ ਵਧਾਈ ਦੇ ਹੱਕਦਾਰ ਹਨ।'

ਵਰਨਣ ਯੋਗ ਹੈ ਕਿ ਪਟਿਆਲਾ ਸ਼ਹਿਰੀ ਹਲਕੇ ਦੇ ਵੋਟਰਾਂ ਨੇ ਇਸ ਸੀਟ ਤੋਂ ਲਗਾਤਾਰ ਚਾਰ ਵਾਰ ਵਿਧਾਨ ਸਭਾ ਚੋਣਾਂ ਜਿੱਤ ਚੁੱਕੇ ਕੈਪਟਨ ਅਮਰਿੰਦਰ ਸਿੰਘ ਨੂੰ ਬੁਰੀ ਤਰ੍ਹਾਂ ਹਰਾਇਆ ਹੈ। ਕੈਪਟਨ ਅਮਰਿੰਦਰ ਸਿੰਘ ਇਸ ਹਲਕੇ ਵਿੱਚੋਂ ਸਾਲ 2002, 2007, 2012 ਅਤੇ 2017 ਵਿਚ ਲਗਾਤਾਰ ਜਿੱਤਦੇ ਰਹੇ ਹਨ। ਇਸ ਵਾਰ ਏਥੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਅਜੀਤਪਾਲ ਸਿੰਘ ਕੋਹਲੀ ਨੇ ਕੈਪਟਨ ਅਮਰਿੰਦਰ ਸਿੰਘ ਨੂੰ 19,697 ਦੇ ਵੱਡੇ ਫਰਕ ਨਾਲ ਮਾਤ ਦਿੱਤੀ ਹੈ। ਕੈਪਟਨ ਅਮਰਿੰਦਰ ਸਿੰਘ ਨੂੰ 28231 ਵੋਟਾਂ ਮਿਲੀਆਂ ਹਨ ਅਤੇ ਆਮ ਆਦਮੀ ਪਾਰਟੀ ਦੇ ਅਜੀਤਪਾਲ ਕੋਹਲੀ ਨੂੰ 48104 ਵੋਟਾਂ ਮਿਲੀਆਂ। ਅਕਾਲੀ ਦਲ ਦੇ ਹਰਪਾਲ ਜੁਨੇਜਾ ਤੀਜੇ ਅਤੇ ਕਾਂਗਰਸ ਦੇ ਵਿਸ਼ਨੂੰ ਸ਼ਰਮਾ ਚੌਥੇ ਥਾਂ ਰਹੇ।

## ਪੰਜਾਬ ਵਿੱਚ ਹੂੰਝਾ ਫੇਰਨ ਪਿੱਛੋਂ ਆਪ ਪਾਰਟੀ ਹਿਮਾਚਲ ਤੇ ਗੁਜਰਾਤ ਉੱਤੇ ਫੋਕਸ ਕਰੇਗੀ

ਨਵੀਂ ਦਿੱਲੀ, 10 ਮਾਰਚ, (ਪੋਸਟ ਬਿਊਰੋ)- ਪੰਜਾਬ ਵਿਧਾਨ ਸਭਾ ਚੋਣਾਂ ਵਿੱਚ ਆਮ ਆਦਮੀ ਪਾਰਟੀ ਦੀ ਹੂੰਝਾ ਫੇਰਨ ਵਾਲੀ ਸਫਲਤਾ ਤੋਂ ਬਾਅਦ ਦਿੱਲੀ ਤੋਂ ਇਸ ਪਾਰਟੀ ਵੱਲੋਂ ਕਈ ਉਚੇਚੇ ਸੰਕੇਤ ਮਿਲ ਰਹੇ ਹਨ, ਜਿਨ੍ਹਾਂ ਵਿੱਚੋਂ ਇੱਕ ਇਹ ਹੈ ਕਿ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਅੱਗੇ ਤੋਂ ਭਾਰਤ ਦੀ ਕੌਮੀ ਪੱਧਰ ਦੀ ਰਾਜਨੀਤੀ ਵੱਲ ਪੂਰਾ ਧਿਆਨ ਦੇਣਗੇ ਤੇ ਪੰਜਾਬ ਨੂੰ ਪੜੁੱਲ ਬਣਾ ਕੇ ਉਹ ਅਗਲੇ ਕਈ ਵੱਡੇ ਕੰਮ ਕਰ ਸਕਦੇ ਹਨ। ਇਹ ਸੰਭਾਵਨਾ ਵੇਖੀ ਜਾ ਰਹੀ ਹੈ ਕਿ ਕੇਜਰੀਵਾਲ ਮੁੱਖ ਮੰਤਰੀ ਦਾ ਅਹੁਦਾ ਆਪਣੇ ਸਾਥੀ ਮੁਨੀਸ਼ ਸਿਸੋਦੀਆ ਨੂੰ ਦੇ ਕੇ ਭਾਰਤ ਦੀ ਕੌਮੀ ਰਾਜਨੀਤੀ ਵਿੱਚ ਖੁਦ ਨੂੰ ਸਥਾਪਤ ਕਰਨ ਦੀ ਭਵਿੱਖ ਦੀ ਯੋਜਨਾ ਉੱਤੇ ਕੰਮ ਕਰ ਸਕਦੇ ਹਨ। ਮਿਲੀ ਜਾਣਕਾਰੀ ਅਨੁਸਾਰ ਇਸ ਵੇਲੇ ਆਮ ਆਦਮੀ ਪਾਰਟੀ ਕਈ ਰਾਜਾਂ ਵਿੱਚ ਇਸ ਸੋਚ ਹੇਠ ਕੰਮ ਸ਼ੁਰੂ ਕਰ ਚੁੱਕੀ ਹੈ, ਜਿਨ੍ਹਾਂ ਵਿੱਚਮੁੱਖਤੌਰ ਉੱਤੇ ਗੁਜਰਾਤ, ਹਰਿਆਣਾ, ਹਿਮਾਚਲ ਪ੍ਰਦੇਸ਼ ਤੇ ਤੇਲੰਗਾਨਾ ਸ਼ਾਮਲ ਹਨ। ਇਨ੍ਹਾਂ ਵਿੱਚੋਂ ਹਿਮਾਚਲ ਪ੍ਰਦੇਸ਼ ਅਤੇ ਗੁਜਰਾਤ ਵਿੱਚ ਇਸ ਸਾਲ ਦਸੰਬਰ ਤੱਕ ਚੋਣਾਂ ਹੋਣਗੀਆਂ, ਜਿਨ੍ਹਾਂ ਲਈ ਤਿਆਰੀ ਸ਼ੁਰੂ ਹੋ ਚੁੱਕੀ ਹੈ।ਪੰਜਾਬ ਤੇ ਚਾਰ ਹੋਰਰਾਜਾਂ ਵਿੱਚ ਚੋਣਾਂ ਪਿੱਛੋਂ ਇਨ੍ਹਾਂ 2 ਰਾਜਾਂ ਉੱਤੇ ਫੋਕਸ ਹੋਵੇਗਾ।

ਗੁਜਰਾਤ ਵਿੱਚ ਆਮ ਆਦਮੀ ਪਾਰਟੀ ਵੱਲੋਂ ਸਰਗਰਮੀ ਵਧਾਉਣ ਨਾਲ ਉਸ ਰਾਜ ਦੇ ਸੂਰਤ ਵਿੱਚ ਨਗਰ ਨਿਗਮ ਚੋਣਾਂ ਵਿੱਚ ਬਿਹਤਰੀਨ ਨਤੀਜੇ ਮਿਲੇ ਸਨ, ਜਿਸ ਤੋਂ ਬਾਅਦ ਪਾਰਟੀ ਅਗਲੀਆਂ ਗੁਜਰਾਤ ਵਿਧਾਨ ਸਭਾ ਚੋਣਾਂ ਦੇ ਲਈ ਪੂਰੀ ਤਰ੍ਹਾਂ ਉਤਸ਼ਾਹਿਤ ਹੈ।ਮੁੱਖ ਮੰਤਰੀ ਅਰਵਿੰਦ ਕੇਜਰੀਵਾਲ, ਡਿਪਟੀਮੁੱਖ ਮੰਤਰੀ ਮਨੀਸ਼ ਸਿਸੋਦੀਆ ਅਤੇ ਬਾਕੀ ਦੇ ਸਾਰੇ ਸੀਨੀਅਰ ਨੇਤਾ ਇਸ ਵਕਤ ਸਾਰਾ ਫੋਕਸ ਗੁਜਰਾਤ ਵਿੱਚ ਰੱਖ ਰਹੇ ਹਨ। ਆਮ ਆਦਮੀ ਪਾਰਟੀ ਦੇ ਨੇਤਾ ਕਹਿੰਦੇ ਹਨ ਕਿ ਦਿੱਲੀ ਦੀ ਕੇਜਰੀਵਾਲ ਸਰਕਾਰ ਦਾ ਗਵਰਨੈਂਸ ਮਾਡਲ ਹਰ ਰਾਜ ਵਿੱਚ ਲਿਜਾ ਕੇ ਬਿਜਲੀ, ਪਾਣੀ, ਸਕੂਲ ਅਤੇ ਹਸਪਤਾਲਾਂ ਦੇ ਮੁੱਦੇ ਉੱਤੇਸਾਰੇ ਦੇਸ਼ ਵਿੱਚ ਚੋਣਾਂ ਲੜੀਆਂ ਜਾਣਗੀਆਂ। ਪਾਰਟੀ ਦੇ ਸੀਨੀਅਰ ਨੇਤਾਵਾਂ ਦਾ ਕਹਿਣਾ ਹੈ ਕਿ ਦੂਸਰੇ ਰਾਜਾਂ ਵਿੱਚ ਵੀ ਭ੍ਰਿਸ਼ਟਾਚਾਰ ਬਹੁਤ ਹੋਣ ਕਾਰਨ ਉਨ੍ਹਾਂ ਰਾਜਾਂ ਵਿੱਚ ਵੀ ਇਹ ਪਾਰਟੀ ਦਿੱਲੀ ਵਾਂਗ ਇਮਾਨਦਾਰ, ਸਾਫ-ਸੁਥਰੀ ਅਤੇ ਜਨਤਾ ਨੂੰ ਉਨ੍ਹਾਂ ਦਾ ਅਧਿਕਾਰ ਦਿਵਾਉਣ ਵਾਲੀ ਸਰਕਾਰ ਦੇਣਾ ਚਾਹੁੰਦੀ ਹੈ।

## ਪੰਜਾਬ ਵਿੱਚ ਦਾ ਝਾੜੂ ਫਿਰਨ ਮਗਰੋਂ ਲੋਕਾਂ ਨੇ ਕੌਣ ਕਿੱਥੋਂ ਜਿਤਾਇਆ!

ਚੰਡੀਗੜ੍ਹ, 10 ਮਾਰਚ, (ਪੋਸਟ ਬਿਊਰੋ)- ਬੀਤੀ 20 ਫਰਵਰੀ ਨੂੰ ਹੋਈਆਂ ਪੰਜਾਬ ਵਿਧਾਨ ਸਭਾ ਚੋਣਾਂ ਦੇ ਨਤੀਜੇ ਅੱਜ ਐਲਾਨੇ ਗਏ ਤਾਂ ਰਾਜ ਦੀਆਂ 117 ਸੀਟਾਂ ਵਿੱਚੋਂ ਆਮ ਆਦਮੀ ਪਾਰਟੀ ਨੇ 92 ਸੀਟਾਂ ਜਿੱਤੀਆਂ ਹਨ। ਚੋਣ ਨਤੀਜਿਆਂ ਤੋਂ ਬਾਅਦ ਕਾਂਗਰਸ, ਅਕਾਲੀ ਦਲ ਤੇ ਭਾਜਪਾ ਦੇ ਕਈ ਵੱਡੇ ਨੇਤਾ ਵੀ ਹਾਰ ਗਏ ਹਨ।ਚੁਣੇ ਗਏ ਸਾਰੇ ਨਵੇਂ ਵਿਧਾਇਕਾ ਦੀ ਕੁੱਲ ਸੂਚੀ ਹਲਕਾ-ਵਾਰ ਇਸ ਤਰ੍ਹਾਂ ਹੈ।

ਆਮ ਆਦਮੀ ਪਾਰਟੀ ਵੱਲੋਂ ਭੋਆ ਤੋਂ ਲਾਲ ਚੰਦ ਕਟਾਰੂ ਚੱਕ, ਬਟਾਲਾ ਤੋਂ ਅਮਨਸ਼ੇਰ ਸਿੰਘ ਸ਼ੈਰੀ ਕਲਸੀ,ਸ੍ਰੀ ਹਰਗੋਬਿੰਦਪੁਰ ਤੋਂ ਐਡਵੋਕੇਟ ਅਮਰਪਾਲ ਸਿੰਘ, ਅਜਨਾਲਾ ਤੋਂ ਕੁਲਦੀਪ ਸਿੰਘ ਧਾਲੀਵਾਲ, ਜੰਡਿਆਲ ਗੁਰੂ ਹਲਕੇ ਤੋਂ ਹਰਭਜਨ ਸਿੰਘ, ਅੰਮ੍ਰਿਤਸਰ ਸ਼ਹਿਰ ਦੇ ਉੱਤਰੀ ਹਲਕੇ ਤੋਂ ਕੁੰਵਰ ਵਿਜੇ ਪ੍ਰਤਾਪ ਸਿੰਘ, ਕੇਂਦਰੀ ਤੋਂ ਡਾ. ਅਜੇ ਗੁਪਤਾ, ਪੂਰਬੀ ਤੋਂ ਡਾਕਟਰ ਜੀਵਨਜੋਤ ਕੌਰ, ਪੱਛਮੀ ਤੋਂ ਡਾ. ਜਸਬੀਰ ਸਿੰਘ, ਦੱਖਣੀ ਤੋਂ ਇੰਦਰਬੀਰ ਸਿੰਘ ਨਿੱਝਰ, ਅਟਾਰੀ ਤੋਂ ਜਸਵਿੰਦਰ ਸਿੰਘ, ਤਰਨ ਤਾਰਨ ਤੋਂ ਡਾ. ਕਸ਼ਮੀਰ ਸਿੰਘ ਸੋਹਲ, ਖੇਮਕਰਨ ਤੋਂ ਸਰਵਣ ਸਿੰਘ ਧੁੰਨ, ਖਡੂਰ ਸਾਹਿਬ ਤੋਂ ਮਨਜਿੰਦਰ ਸਿੰਘ ਲਾਲਪੁਰਾ, ਪੱਟੀ ਤੋਂ ਲਾਲਜੀਤ ਸਿੰਘ ਭੁੱਲਰ ਅਤੇ ਬਾਬਾ ਬਕਾਲਾ ਤੋਂ ਦਲਬੀਰ ਸਿੰਘ ਟੌਂਗ ਜੇਤੂ ਰਹੇ ਹਨ। ਮਾਝਾ ਹਲਕੇ ਤੋਂ ਆਮ ਆਦਮੀ ਪਾਰਟੀ ਨੇ 25 ਵਿੱਚੋਂ 16 ਸੀਟਾਂ ਜਿੱਤੀਆਂ ਹਨ।

ਦੋਆਬੇ ਤੋਂ ਆਮ ਆਦਮੀ ਪਾਰਟੀ ਵੱਲੋਂ ਨਕੋਦਰ ਤੋਂ ਇੰਦਰਜੀਤ ਕੌਰ ਮਾਨ, ਕਰਤਾਰਪੁਰ ਤੋਂ ਬਲਕਾਰ ਸਿੰਘ, ਜਲੰਧਰ ਪੱਛਮੀ ਤੋਂ ਸ਼ੀਤਲ ਅੰਗੁਰਾਲ, ਕੇਂਦਰੀ ਤੋਂ ਰਮਨ ਅਰੋੜਾ, ਉੜਮੁੜ ਤੋਂ ਜਸਵੀਰ ਸਿੰਘ ਗਿੱਲ, ਸ਼ਾਮ ਚੁਰਾਸੀ ਤੋਂ ਰਵਜੋਤ ਸਿੰਘ, ਹੁਸ਼ਿਆਰਪੁਰ ਤੋਂ ਬ੍ਰਹਮ ਸ਼ੰਕਰ, ਗੜ੍ਹਸ਼ੰਕਰ ਤੋਂ ਜੈ ਕਿਸ਼ਨ ਰੋੜੀ,ਬਲਾਚੌਰ ਤੋਂ ਸੰਤੋਸ਼ ਕਟਾਰੀਆ ਨੇ ਸੀਟਾਂ ਜਿੱਤੀਆਂ ਅਤੇ ਆਮ ਆਦਮੀ ਪਾਰਟੀ ਨੂੰ ਅੱਗੇ ਵਧਾਇਆ ਹੈ।

ਆਨੰਦਪੁਰ ਸਾਹਿਬ ਤੋਂ ਹਰਜੋਤ ਸਿੰਘ ਬੈਂਸ, ਰੂਪਨਗਰ ਤੋਂ ਦਿਨੇਸ਼ ਕੁਮਾਰ ਚੱਢਾ, ਚਮਕੌਰ ਸਾਹਿਬ ਤੋਂ ਡਾ. ਚਰਨਜੀਤ ਸਿੰਘ, ਖਰੜ ਤੋਂ ਅਨਮੋਲ ਗਗਨ ਮਾਨ, ਐੱਸ ਏ ਐੱਸ ਨਗਰ ਤੋਂ ਕੁਲਵੰਤ ਸਿੰਘ, ਬੱਸੀ ਪਠਾਣਾਂ ਹਲਕੇ ਤੋਂ ਰੁਪਿੰਦਰ ਸਿੰਘ ਹੈਪੀ, ਫਤਿਹਗੜ੍ਹ ਸਾਹਿਬ ਤੋਂਲਖਬੀਰ ਸਿੰਘ ਰਾਏ, ਅਮਲੋਹ ਤੋਂ ਗੁਰਿੰਦਰ ਸਿੰਘ 'ਗੈਰੀ' ਬੜਿੰਗ, ਖੰਨਾ ਤੋਂ ਤਰੁਨਪ੍ਰੀਤ ਸਿੰਘ ਸੌਂਧ, ਸਮਰਾਲਾ ਤੋਂ ਜਗਤਾਰ ਸਿੰਘ, ਸਾਹਨੇਵਾਲ ਤੋਂ ਹਰਦੀਪ ਸਿੰਘ ਮੁੰਡੀਆਂ, ਲੁਧਿਆਣਾ ਪੂਰਬੀ ਤੋਂ ਦਲਜੀਤ ਸਿੰਘ, ਦੱਖਣੀ ਤੋਂ ਰਜਿੰਦਰਪਾਲ ਕੌਰ, ਆਤਮ ਨਗਰ ਤੋਂ ਕੁਲਵੰਤ ਸਿੰਘ ਸਿੱਧੂ, ਕੇਂਦਰੀ ਤੋਂ ਅਸ਼ੋਕ ਪਰਾਸ਼ਰ, ਪੱਛਮੀ ਤੋਂ ਗੁਰਪ੍ਰੀਤ ਸਿੰਘ ਗੋਗੀ, ਉੱਤਰੀ ਤੋਂ ਮਦਨ ਲਾਲ ਬੱਗਾ, ਹਲਕਾ ਗਿੱਲ ਤੋਂ ਜੀਵਨ ਸਿੰਘ ਸੰਗੋਵਾਲ ਗਿੱਲ, ਪਾਇਲ ਤੋਂ ਮਨਵਿੰਦਰ ਸਿੰਘ ਗਿਆਸਪੁਰਾ, ਰਾਏਕੋਟ ਤੋਂ ਹਾਕਮ ਸਿੰਘ ਠੇਕੇਦਾਰ, ਜਗਰਾਉਂ ਤੋਂ ਸਰਬਜੀਤ ਕੌਰ ਮਾਣੂਕੇ, ਨਿਹਾਲ ਸਿੰਘ ਵਾਲਾ ਤੋਂ ਮਨਜੀਤ ਸਿੰਘ ਬਿਲਾਸਪੁਰ, ਬਾਘਾ ਪੁਰਾਣਾ ਤੋਂ ਅੰਮ੍ਰਿਤਪਾਲ ਸਿੰਘ ਸੁਖਾਨੰਦ, ਮੋਗਾ ਤੋਂ ਡਾ. ਅਮਨਦੀਪ ਕੌਰ ਅਰੋੜਾ ਅਤੇ ਧਰਮਕੋਟ ਤੋਂ ਦਵਿੰਦਰ ਸਿੰਘ ਲਾਡੀ ਢੋਸ ਨੇ ਜਿੱਤ ਪ੍ਰਾਪਤ ਕੀਤੀ ਹੈ। ਫਿਰੋਜ਼ਪੁਰ ਜ਼ਿਲੇ ਦੇਜ਼ੀਰਾ ਤੋਂ ਆਮ ਆਦਮੀ ਪਾਰਟੀ ਦੇ ਨਰੇਸ਼ ਕਟਾਰੀਆ, ਫਿਰੋਜ਼ਪੁਰ ਸ਼ਹਿਰੀ ਤੋਂ ਰਣਬੀਰ ਭੁੱਲਰ, ਫਿਰੋਜ਼ਪੁਰ ਦੇਹਾਤੀ ਤੋਂ ਰਜਨੀਸ਼ ਦਹੀਆ, ਗੁਰੂ ਹਰ ਸਹਾਏ ਤੋਂ ਫੌਜਾ ਸਿੰਘ ਸਰਾਰੀ, ਜਲਾਲਾਬਾਦ ਤੋਂ ਜਗਦੀਪ ਸਿੰਘ ਗੋਲਡੀ ਅਤੇ ਫਾਜ਼ਿਲਕਾ ਤੋਂ ਨਰਿੰਦਰਪਾਲ ਸਿੰਘ ਸਾਵਨਾ ਨੇ ਜਿੱਤਾਂ ਪ੍ਰਾਪਤ ਕੀਤੀਆਂ ਹਨ। ਬਲੂਆਣਾ ਤੋਂ ਅਮਨਦੀਪ ਸਿੰਘ ਗੋਲਡੀ, ਲੰਬੀ ਤੋਂ ਗੁਰਮੀਤ ਸਿੰਘ ਖੁੱਡੀਆਂ, ਮਲੋਟ ਹਲਕੇ ਤੋਂ ਡਾ. ਬਲਜੀਤ ਕੌਰ, ਮੁਕਤਸਰ ਤੋਂ ਜਗਦੀਪ ਸਿੰਘ ਕਾਕਾ ਬਰਾੜ, ਫਰੀਦਕੋਟ ਤੋਂ ਗੁਰਦਿੱਤ ਸਿੰਘ ਸੇਖੋਂ, ਕੋਟਕਪੂਰਾ ਤੋਂ ਕੁਲਤਾਰ ਸਿੰਘ ਸੰਧਵਾਂ, ਜੈਤੋਂ ਤੋਂ ਅਮਲੋਕ ਸਿੰਘ, ਰਾਮਪੁਰਾ ਫੂਲ ਤੋਂ ਬਲਕਾਰ ਸਿੰਘ ਸਿੱਧੂ, ਭੁੱਚੋ ਮੰਡੀ ਤੋਂ ਜਗਸੀਰ ਸਿੰਘ, ਬਠਿੰਡਾ ਸ਼ਹਿਰੀ ਤੋਂ ਜਗਰੂਪ ਸਿੰਘ ਗਿੱਲ, ਬਠਿੰਡਾ ਦੇਹਾਤੀ ਤੋਂ ਅਮਿਤ ਕੋਟਫੱਤਾ, ਤਲਵੰਡੀ ਸਾਬੋ ਤੋਂ ਪ੍ਰੋ: ਬਲਜਿੰਦਰ ਕੌਰ, ਮੌੜ ਤੋਂ ਸੁਖਵੀਰ ਸਿੰਘ ਮਈਸਰਖਾਨਾ, ਮਾਨਸਾ ਤੋਂ ਵਿਜੇ ਸਿੰਗਲਾ, ਸਰਦੂਲਗੜ੍ਹ ਤੋਂ ਗੁਰਪ੍ਰੀਤ ਸਿੰਘ ਬਨਾਵਾਲੀ, ਬੁਢਲਾਡਾ ਤੋਂ ਪ੍ਰਿੰਸੀਪਲ ਬੁੱਧ ਰਾਮ ਜਿੱਤੇ ਹਨ।

ਹਲਕਾ ਧੂਰੀ ਤੋਂ ਭਗਵੰਤ ਮਾਨ, ਦਿੜ੍ਹਬਾ ਤੋਂ ਹਰਪਾਲ ਸਿੰਘ ਚੀਮਾ,ਸੁਨਾਮ ਤੋਂਅਮਨ ਅਰੋੜਾ, ਭਦੌੜ ਹਲਕੇ ਤੋਂ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੂੰ ਹਰਾ ਕੇ ਲਾਭ ਸਿੰਘ ਉਗੋਕੇ ਨੇ ਜਿੱਤ ਹਾਸਲ ਕੀਤੀ ਹੈ। ਲਹਿਰਾ ਤੋਂ ਬਰਿੰਦਰ ਕੁਮਾਰ ਗੋਇਲ, ਬਰਨਾਲਾ ਤੋਂ ਗੁਰਮੀਤ ਸਿੰਘ ਮੀਤ ਹੇਅਰ, ਮਹਿਲ ਕਲਾਂ ਤੋਂ ਕੁਲਵੰਤ ਸਿੰਘ ਪੰਡੋਰੀ,ਮਲੇਰ ਕੋਟਲਾ ਤੋਂ ਮੁਹੰਮਦ ਜ਼ਮੀਲ ਉਰ ਰਹਿਮਾਨ, ਅਮਰਗੜ੍ਹ ਤੋਂ ਪ੍ਰੋ: ਜਸਵੰਤ ਸਿੰਘ ਗੱਜਣਮਾਜਰਾ ਅਤੇ ਸੰਗਰੂਰ ਤੋਂ ਨਰਿੰਦਰ ਕੌਰ ਭਰਾਜ, ਨਾਭਾ ਤੋਂ ਗੁਰਦੇਵ ਸਿੰਘ ਦੇਵਮਾਨ, ਪਟਿਆਲਾ ਦੇਹਾਤੀ ਤੋਂ ਡਾ. ਬਲਬੀਰ ਸਿੰਘ, ਰਾਜਪੁਰਾ ਤੋਂ ਨੀਨਾ ਮਿੱਤਲ,ਡੇਰਾ ਬੱਸੀ ਤੋਂ ਕੁਲਜੀਤ ਸਿੰਘ ਰੰਧਾਵਾ, ਘਨੌਰ ਤੋਂ ਗੁਰਲਾਲ ਸਿੰਘ, ਸਨੌਰ ਤੋਂ ਹਰਮੀਤ ਸਿੰਘ ਪਠਾਣਮਾਜਰਾ, ਸਮਾਣਾ ਤੋਂ ਚੇਤਨ ਸਿੰਘ ਜੌੜਾਮਾਜਰਾ ਅਤੇ ਸ਼ੁਤਰਾਣਾ ਤੋਂਕੁਲਵੰਤ ਸਿੰਘ ਬਾਜ਼ੀਗਰ ਜੇਤੂ ਰਹੇ ਹਨ। ਪਟਿਆਲਾ ਸ਼ਹਿਰ ਦੀ ਸੀਟ ਤੋਂ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਅਜੀਤਪਾਲ ਸਿੰਘ ਕੋਹਲੀ ਨੇ ਹਰਾ ਦਿੱਤਾ ਹੈ।

ਕਾਂਗਰਸ ਵੱਲੋਂ ਹਲਕਾ ਸੁਜਾਨਪੁਰ ਤੋਂ ਨਰੇਸ਼ ਪੁਰੀ,ਗੁਰਦਾਸਪੁਰ ਤੋਂ ਬਰਿੰਦਰਮੀਤ ਸਿੰਘ ਪਾਹੜਾ, ਦੀਨਾ ਨਗਰ ਤੋਂ ਅਰੁਣਾ ਚੌਧਰੀ, ਕਾਦੀਆਂ ਤੋਂ ਪ੍ਰਤਾਪ ਸਿੰਘ ਬਾਜਵਾ,ਫਤਿਹਗੜ੍ਹ ਚੂੜੀਆਂਤੋਂ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ, ਡੇਰਾ ਬਾਬਾ ਨਾਨਕ ਤੋਂਸੁਖਜਿੰਦਰ ਸਿੰਘ ਰੰਧਾਵਾ, ਰਾਜਾਸਾਂਸੀ ਤੋਂ ਤੇ ਸੁਖਬਿੰਦਰ ਸਿੰਘ ਸਰਕਾਰੀਆਜੇਤੂ ਰਹੇ। ਦੋਆਬੇ ਦੇ ਭੁਲੱਥਤੋਂ ਸੁਖਪਾਲ ਸਿੰਘ ਖਹਿਰਾ, ਕਪੂਰਥਲਾ ਤੋਂਰਾਣਾ ਗੁਰਜੀਤ ਸਿੰਘ, ਫਗਵਾੜਾ ਤੋਂਬਲਵਿੰਦਰ ਸਿੰਘ ਧਾਲੀਵਾਲ, ਫਿਲੌਰ ਤੋਂ ਵਿਕਰਮ ਸਿੰਘ ਚੌਧਰੀ, ਸ਼ਾਹਕੋਟ ਤੋਂਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ, ਜਲੰਧਰ ਉੱਤਰੀ ਤੋਂ ਅਵਤਾਰ ਹੈਨਰੀ ਜੂਨੀਅਰ, ਜਲੰਧਰ ਕੈਂਟ ਤੋਂਪਰਗਟ ਸਿੰਘ, ਆਦਮਪੁਰ ਤੋਂਸੁਖਵਿੰਦਰ ਸਿੰਘ ਕੋਟਲੀ, ਚੱਬੇਵਾਲ ਤੋਂ ਡਾ: ਰਾਜ ਕੁਮਾਰ ਹੀ ਜਿੱਤ ਸਕੇ। ਮਾਲਵੇ ਵਿੱਚੋਂ ਅਬੋਹਰ ਤੋਂ ਸੰਦੀਪ ਜਾਖੜ, ਗਿੱਦੜਬਾਹਾ ਤੋਂਅਮਰਿੰਦਰ ਸਿੰਘ ਰਾਜਾ ਵੜਿੰਗ ਨੂੰ ਜਿੱਤ ਪ੍ਰਾਪਤ ਹੋਈ ਹੈ। ਇਹ ਪਾਰਟੀ ਕੁੱਲ 18 ਸੀਟਾਂ ਹੀ ਜਿੱਤ ਸਕੀ ਹੈ। ਸੁਲਤਾਨਪੁਰ ਲੋਧੀ ਤੋਂ ਕਾਂਗਰਸੀ ਆਗੂ ਰਾਣਾ ਗੁਰਜੀਤ ਸਿੰਘ ਦਾ ਪੁੱਤਰਰਾਣਾ ਇੰਦਰ ਪ੍ਰਤਾਪ ਸਿੰਘ ਪਾਰਟੀ ਤੋਂ ਬਾਗੀ ਹੋ ਕੇ ਚੋਣ ਲੜਿਆ ਅਤੇ ਜਿੱਤ ਗਿਆ ਹੈ।

ਭਾਜਪਾ ਵੱਲੋਂ ਪਠਾਨਕੋਟ ਤੋਂ ਭਜਪਾ ਦੇ ਸੂਬਾ ਪ੍ਰਧਾਨ ਅਸ਼ਵਨੀ ਕੁਮਾਰ ਸ਼ਰਮਾ ਅਤੇ ਮੁਕੇਰੀਆਂ ਤੋਂਜੰਗੀਲਾਲ ਮਹਾਜਨ ਸਿਰਫ ਦੋ ਜਣੇ ਜੇਤੂ ਰਹੇ ਹਨ। ਅਕਾਲੀ ਦਲ ਵੱਲੋਂ ਮਜੀਠਾ ਤੋਂਗਨੀਵ ਕੌਰ, ਬੰਗਾ ਤੋਂਡਾ: ਸੁਖਵਿੰਦਰ ਸਿੰਘ ਸੁੱਖੀਤੇ ਦਾਖਾ ਤੋਂਮਨਪ੍ਰੀਤ ਸਿੰਘ ਇਆਲੀ ਹੀ ਜਿੱਤ ਸਕੇ ਹਨ, ਜਦ ਕਿ ਅਕਾਲੀ ਦਲ ਦੀ ਭਾਈਵਾਲ ਬਹੁਜਨ ਸਮਾਜ ਪਾਰਟੀ ਦਾ ਇੱਕੋ ਵਿਧਾਇਕ ਡਾ. ਨਛੱਤਰ ਪਾਲ ਨਵਾਂਸ਼ਹਿਰ ਤੋਂ ਜਿੱਤ ਸਕਿਆ ਹੈ।

# ਉੱਤਰ ਪ੍ਰਦੇਸ਼ ਵਿੱਚ ਭਾਜਪਾ ਫਿਰ ਜੇਤੂ ਰਹੀ, ਪਰ ਸੀਟਾਂ ਘਟੀਆਂ

*** ਉੱਤਰਾਖੰਡ ਵਿੱਚ ਭਾਜਪਾ ਜਿੱਤੀ, ਮੁੱਖ ਮੰਤਰੀ ਹਾਰ ਗਿਆ * ਗੋਆ ਅਤੇ ਮਨੀਪੁਰ ਵਿੱਚ ਵੀ ਭਾਜਪਾ ਫਿਰ ਜੇਤੂ ਰਹੀ**



ਨਵੀਂ ਦਿੱਲੀ, 10 ਮਾਰਚ, (ਪੋਸਟ ਬਿਊਰੋ)- ਅੱਜ ਆਏ ਪੰਜ ਰਾਜਾਂ ਦੀਆਂ ਵਿਧਾਨ ਸਭਾ ਚੋਣਾਂ ਦੇ ਨਤੀਜਿਆਂ ਦੇ ਨਾਲ ਇੱਕ ਵਾਰ ਫਿਰ ਭਾਜਪਾ ਪੰਜਾਬ ਤੋਂ ਬਿਨਾਂ ਬਾਕੀ ਚਾਰੇ ਰਾਜਾਂ ਵਿੱਚ ਜੇਤੂ ਰਹੀ ਹੈ, ਪਰ ਇਸ ਨੂੰ ਉੱਤਰ ਪ੍ਰਦੇਸ਼ ਦੇ ਨਾਲ ਉੱਤਰਾ ਖੰਡ ਵਿੱਚ ਵੀ ਕੁਝ ਸੱਟਾਂ ਪਈਆਂ ਹਨ, ਜਿਨ੍ਹਾਂ ਨਾਲ ਪਾਰਟੀ ਦੁਖੀ ਹੋ ਸਕਦੀ ਹੈ।

ਉੱਤਰ ਪ੍ਰਦੇਸ਼ ਵਿੱਚ ਭਾਜਪਾ ਇੱਕਵਾਰ ਫਿਰ ਕੁੱਲ 403 ਵਿੱਚੋਂ 255 ਸੀਟਾਂ ਜਿੱਤ ਕੇ ਸਰਕਾਰ ਬਣਾਉਣ ਵਿੱਚ ਕਾਮਯਾਬ ਰਹੀ, ਪਰ ਇਸ ਦੀਆਂ ਪਿਛਲੀ ਵਾਰ ਦੀਆਂ 312 ਸੀਟਾਂ ਨਾਲੋਂ ਇਸ ਵਾਰੀ 67 ਸੀਟਾਂ ਘਟ ਗਈਆਂ ਹਨ ਅਤੇ ਸਮਾਜਵਾਦੀ ਪਾਰਟੀ ਸੈਂਕੜਾ ਮਾਰਨ ਵਿੱਚ ਕਾਮਯਾਬ ਰਹੀ ਹੈ, ਜਿਸ ਨੂੰ 111 ਸੀਟਾਂ ਮਿਲੀਆਂ ਹਨ। ਅਪਨਾ ਦਲ ਨੂੰ 12 ਸੀਟਾਂ, ਕਾਂਗਰਸ ਨੂੰ ਸਿਰਫ ਦੋ ਅਤੇ ਬਹੁਜਨ ਸਮਾਜ ਪਾਰਟੀ ਇੱਕ ਹੀ ਸੀਟ ਆਈ ਹੈ।

ਉੱਤਰਾਖੰਡ ਵਿਧਾਨ ਸਭਾ ਚੋਣਾਂ ਵਿੱਚਭਾਜਪਾ ਕੁੱਲ 70 ਵਿੱਚੋਂ 47 ਸੀਟਾਂ ਜਿੱਤ ਗਈ ਹੈ, ਕਾਂਗਰਸ ਓਥੇ ਬਹੁਤ ਪਛੜ ਗਈ ਹੈ, ਪਰ ਭਾਜਪਾ ਦੇ ਮੌਜੂਦਾ ਮੁੱਖ ਮੰਤਰੀ ਪੁਸ਼ਕਰ ਸਿੰਘ ਧਾਮੀ ਹਾਰ ਗਏ ਹਨ।ਉਹ ਖਟੀਮਾ ਤੋਂ ਲਗਾਤਾਰ ਦੋ ਵਾਰ ਚੋਣਾਂ ਜਿੱਤ ਚੁੱਕੇ ਸਨ, ਪਰ ਇਸ ਵਾਰੀ ਪਾਰ ਨਹੀਂ ਲੱਗ ਸਕੇ। ਕਰੀਬ 5 ਮਹੀਨੇ ਪਹਿਲਾਂ ਹੀ ਭਾਜਪਾ ਨੇ ਤੀਰਥ ਸਿੰਘ ਰਾਵਤ ਨੂੰ ਮੁੱਖ ਮੰਤਰੀ ਅਹੁਦੇ ਤੋਂ ਹਟਾ ਕੇ ਪੁਸ਼ਕਰ ਸਿੰਘ ਧਾਮੀ ਨੂੰ ਮੁੱਖ ਮੰਤਰੀ ਬਣਾਇਆ ਸੀ।ਕਾਂਗਰਸ ਨੂੰ 19 ਸੀਟਾਂ ਦੇ ਨਾਲ ਬਹੁਜਨ ਸਮਾਜ ਪਾਰਟੀ ਨੂੰ ਦੋ ਸੀਟਾਂ ਆਈਆਂ ਅਤੇ ਦੋ ਆਜ਼ਾਦ ਉਮੀਦਵਾਰ ਜਿੱਤੇ ਹਨ।

ਗੋਆ ਵਿੱਚਕੁੱਲ 40 ਸੀਟਾਂ ਵਿੱਚੋਂ ਭਾਜਪਾ ਨੇ 20 ਸੀਟਾਂ ਜਿੱਤ ਲਈਆਂ ਅਤੇ ਕਾਂਗਰਸ ਪਾਰਟੀ ਨੂੰ ਸਿਰਫ 11 ਸੀਟਾਂ ਮਿਲੀਆਂ ਹਨ।ਓਥੇ ਦੋ ਸੀਟਾਂ ਜਿੱਤ ਕੇ ਆਮ ਆਦਮੀ ਪਾਰਟੀ ਨੇ ਪਹਿਲੀ ਵਾਰੀ ਖਾਤਾ ਖੋਲ੍ਹਿਆ ਹੈ।

ਮਨੀਪੁਰ ਵਿੱਚਭਾਜਪਾ ਲਗਾਤਾਰ ਦੂਸਰੀ ਵਾਰ ਸਰਕਾਰ ਬਣਾਉਣ ਲਈ ਲੋੜੀਂਦੀਆਂ 60 ਵਿੱਚੋਂ 32 ਸੀਟਾਂ ਜਿੱਤ ਗਈ ਹੈ ਅਤੇ ਕਾਂਗਰਸ ਮਸਾਂ ਪੰਜ ਸੀਟਾਂ ਜਿੱਤ ਸਕੀ ਹੈ, ਬਾਕੀ ਸੀਟਾਂ ਹੋਰਨਾ ਨੇ ਜਿੱਤੀਆਂ ਹਨ।

NEED A LAWYER ??
Red Seal NOTARY
KAUR LAW OFFICE

MANJEET KAUR
LL.B., (London UK)
Barrister, Solicitor & Notary Public
REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage
IMMIGRATION
Skilled Worker Category
Spousal & Family Sponsorship
- Student Permits Visa & Renewals
- PR Renewal/ Citizenship Application
FAMILY LAWYER
- Child & Spousal support
- Custody & Access
- Divorce
- Equalization
BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits
WILLS & ESTATE
- Wills
- Certificate of Estate Trustee with/without Will
- Power of attorney for Property & Personal Care
Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ

Super Visa
- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana

MEMBER ICCRC
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com



# ਸੰਪਾਦਕੀ

## ਪੰਜਾਬ ਚੋਣਾਂ ਦੇ ਬਸੰਤੀ ਨਤੀਜੇ

ਪੰਜਾਬੀਆਂ ਨੂੰ ਬਸੰਤ ਰੁੱਤ ਨਾਲ ਖਾਸ ਮੁੱਹਬਤ ਹੁੰਦੀ ਹੈ। ਇਹ ਰੁੱਤ ਤਬਦੀਲੀ ਦੀ ਸੂਚਕ ਹੁੰਦੀ ਹੈ। ਇਸ ਵਿੱਚ ਕੁਦਰਤ ਦਾ ਉਹ ਰੰਗ ਹੁੰਦਾ ਹੈ ਜੋ ਪੁਰਾਣੀ ਖੜੋਤ ਨੂੰ ਲਾਂਭੇ ਕਰ ਨਵੇਂ ਜੀਵਨ ਦੀ ਸ਼ੁਰੂਆਤ ਕਰਦਾ ਹੈ। 2022 ਦੀਆਂ ਚੋਣਾਂ ਵਿੱਚ ਪੰਜਾਬੀਆਂ ਨੇ 117 ਵਿੱਚੋਂ 92 ਸੀਟਾਂ ਬਸੰਤੀ ਦਸਤਾਰ ਬੰਨਣ ਵਾਲੇ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਆਮ ਆਦਮੀ ਪਾਰਟੀ ਦੀ ਝੋਲੀ ਪਾ ਬਸੰਤ ਰੁੱਤ ਦਾ ਤੋਹਫਾ ਖੁਦ ਨੂੰ ਬਖਸ਼ ਲਿਆ ਜਾਪਦਾ ਹੈ। ਇੰਝ ਜਾਪਦਾ ਹੈ ਜਿਵੇਂ ਪੰਜਾਬ ਦੀ ਸਿਆਸੀ ਫਿਜ਼ਾ ਮੁੱਦਤਾਂ ਤੋਂ ਪੁਰਾਣੀ ਸੜਾਂਦ ਨੂੰ ਹੂੰਝ ਕੇ ਨਵੀਂ ਕਰਵਟ ਲੈਣ ਲਈ ਉੱਸਲਵੱਟੇ ਲੈ ਰਹੀ ਸੀ। ਪ੍ਰਕਾਸ਼ ਸਿੰਘ ਬਾਦਲ, ਕੈਪਟਨ ਅਮਰਿੰਦਰ ਸਿੰਘ, ਰਜਿੰਦਰ ਕੌਰ ਭੱਠਲ, ਨਵਜੋਤ ਸਿੰਘ ਸਿੱਧੂ, ਚਰਨਜੀਤ ਚੰਨੀ ਵਰਗੇ ਘਾਗ ਇੰਝ ਭੂੰਜੇ ਪਟਕੇ ਗਏ ਕਿ ਪੰਜਾਬ ਦੇ ਸਿਰਮੌਰ ਕਵੀ ਮੋਹਣ ਸਿੰਘ ਦੀਆਂ ਸੱਤਰਾਂ ਜਿਵੇਂ ਇਹਨਾਂ ਦੀ ਹਾਰ ਨੂੰ ਵੇਖ ਕੇ ਹੀ ਲਿਖੀਆਂ ਗਈਆਂ ਹੋਣ:

ਕਾਹਨੂੰ ਵੇ ਪੱਤਿਆ ਖੜ ਖੜ ਲਾਈ ਹੈ,<br>
ਪਤ ਝੜ ਪੁਰਾਣੇ ਵੇ<br>
ਰੁੱਤ ਨਵਿਆਂ ਦੀ ਆਈ ਹੈ।

ਪੰਜਾਬ ਦੀ ਸਿਰਫ਼ ਧਰਤੀ ਹੀ ਜਰਖੇਜ਼ ਨਹੀਂ ਸਗੋਂ ਇਹ ਗੁਰੂਆਂ ਪੀਰਾਂ ਦੀ ਮਿਹਰ ਹੈ ਕਿ ਪੰਜਾਬ ਵਾਸੀਆਂ ਦੀ ਜ਼ਹਿਨੀਅਤ ਵੀ ਬਹੁਤ ਜਰਖੇਜ਼ ਹੈ। ਇਤਿਹਾਸ ਗਵਾਹ ਹੈ ਕਿ ਇਸ ਜਰਖੇਜ਼ ਮਾਨਸਿਕਤਾ ਕਾਰਣ ਜੋ ਕੋਈ ਸਿਆਸੀ, ਸਮਾਜਿਕ ਜਾਂ ਆਰਥਿਕ ਵਰਤਾਰਾ ਬਾਕੀ ਭਾਰਤ ਵਿੱਚ ਦੇਰ ਨਾਲ ਵਾਪਰਨਾ ਹੁੰਦਾ ਹੈ, ਉਸਦੀ ਪਨੀਰੀ ਪੰਜਾਬ ਵਿੱਚ ਕਈ ਚਿਰ ਪਹਿਲਾਂ ਬੀਜੀ ਜਾਂਦੀ ਹੈ। ਆਮ ਆਦਮੀ ਪਾਰਟੀ ਦੀ ਪੰਜਾਬ ਵਿੱਚ ਜਿੱਤ ਇੱਕ ਨਵੇਂ ਸਿਆਸੀ ਪ੍ਰਯੋਗ ਦਾ ਆਰੰਭ ਮੰਨਿਆ ਜਾ ਸਕਦਾ ਹੈ। ਦਿੱਲੀ ਵਿੱਚ ਇਸ ਪਾਰਟੀ ਦੀ ਜਿੱਤ ਨੂੰ ਬਹੁ-ਗਿਣਤੀ ਪੇਂਡੂ ਭਾਰਤ ਦਾ ਲਖਾਇਕ ਨਹੀਂ ਮੰਨਿਆ ਜਾ ਸਕਦਾ।

ਪੰਜਾਬ ਵਿੱਚ ਸਿਆਸੀ ਗੰਧਲਾਪਣ ਖਾਸ ਕਰਕੇ ਪੈਸਿਆਂ ਦੇ ਜੋਰ ਵੋਟਾਂ ਦੀ ਖਰੀਦੋਫਰੋਖਤ ਰਾਹੀਂ ਸੱਤਾ ਉੱਤੇ ਕਾਬਜ਼ ਹੋਣਾ ਇੱਕ 'ਸਿੱਧ ਕੀਤਾ ਫਾਰਮੂਲਾ' ਬਣ ਚੁੱਕਾ ਸੀ। ਆਮ ਆਦਮੀ ਦਾ ਇਹ ਹੋਕਾ ਕਾਰਗਰ ਸਾਬਤ ਹੋਇਆ ਕਿ 'ਪੈਸੇ ਵਾਲਿਆਂ ਤੋਂ ਪੈਸੇ ਲਵੋ' ਅਤੇ ਵੋਟ ਦੇ ਹੱਕਦਾਰ ਨੂੰ ਵੋਟ। ਜੇ ਇਹ ਗੱਲ ਪੰਜਾਬੀਆਂ ਨੇ ਪੱਲੇ ਨਾ ਬੰਨੀ ਹੁੰਦੀ ਤਾਂ ਅੱਜ ਫੇਰ ਕਿਸੇ ਬਾਦਲ, ਅਮਰਿੰਦਰ ਨੇ ਧੱਕੇਸ਼ਾਹੀ ਦਾ ਰਾਜ ਕਰਦੇ ਹੋਣਾ ਸੀ। ਇੱਕ ਹੋਰ ਸ਼ੁਭ ਸ਼ਗਨ ਇਹ ਰਿਹਾ ਹੈ ਕਿ ਵੋਟਾਂ ਜਾਤ ਪਾਤ,ਧਰਮ ਜਾਂ ਮਾਲਵੇ ਵਿੱਚ ਸੱਚਾ ਸੌਦਾ ਵਰਗੇ ਡੇਰਿਆਂ ਤੋਂ ਮਿਲਦੇ ਸੁਨੇਹਿਆਂ ਤੋਂ ਪ੍ਰਭਾਵਿਤ ਨਹੀਂ ਹੋਈਆਂ। ਚੋਣਾਂ ਤੋਂ ਕੁੱਝ ਦਿਨ ਪਹਿਲਾਂ ਡੇਰਾ ਸੱਚਾ ਸੌਦਾ ਮੁਖੀ ਰਾਮ ਰਹੀਮ ਸਿੰਘ ਨੂੰ ਪੈਰੋਲ ਉੱਤੇ ਛੱਡ ਦਿੱਤਾ ਗਿਆ ਸੀ। ਇਸ ਪਿੱਛੇ ਕੇਂਦਰ ਸਰਕਾਰ ਦੀ ਮਨਸ਼ਾ ਭਾਰਤੀ ਜਨਤਾ ਪਾਰਟੀ ਅਤੇ ਅਕਾਲੀ ਦਲ ਨੂੰ ਸਿਆਸੀ ਲਾਭ ਦੇਣਾ ਸੀ ਪਰ ਅੰਤ ਨੂੰ ਹੋਇਆ ਉਹੀ ਜੋ ਜਨਤਾ ਨੂੰ ਦਿਲੋਂ ਮਨਜ਼ੂਰ ਸੀ।

ਲੰਬੇ ਚਿਰ ਤੋਂ ਪੰਜਾਬ ਇੱਕ ਨਾਂਹ ਪੱਖੀ ਮਾਹੌਲ ਦਾ ਸ਼ਿਕਾਰ ਹੋ ਚੁੱਕਾ ਸੀ। ਢਿੱਲਾ ਅਰਥਚਾਰਾ, ਕੁਰੱਪਸ਼ਨ ਦਾ ਬੋਲਬਾਲਾ, ਸਿੱਖਿਆ ਪ੍ਰਬੰਧ ਦਾ ਹਾਸੋਹੀਣਾ ਹਾਲ, ਨਸ਼ਿਆਂ ਦਾ ਹੜ, ਮਾਫੀਆ ਦਾ ਅੰਨ੍ਹਾਧੁੰਦ ਰਾਜ ਅਤੇ ਨੌਜਵਾਨਾਂ ਵਿੱਚ ਉਤਸ਼ਾਹ ਦੀ ਕਮੀ, ਇਹ ਗੱਲਾਂ ਪੰਜਾਬ ਦੀਆਂ ਸੂਚਕ ਬਣ ਚੁੱਕੀਆਂ ਸਨ। ਭਗਵੰਤ ਮਾਨ ਨੂੰ ਇਸ ਗੱਲ ਦਾ ਸਿਹਰਾ ਜਾਂਦਾ ਹੈ ਕਿ ਉਸਨੇ ਪੰਜਾਬ ਅਤੇ ਪੰਜਾਬੀਆਂ ਨੂੰ ਆਸ ਦੀ ਇੱਕ ਨਵੀਂ ਕਿਰਣ ਵਿਖਾਈ ਹੈ।

ਆਮ ਆਦਮੀ ਪਾਰਟੀ ਦੇ ਮੁਖੀ ਅਰਵਿੰਦ ਕੇਜਰੀਵਾਲ ਨੂੰ ਇਹ ਸੋਚ ਨੂੰ ਸ਼ਾਇਦ ਬਦਲਣੀ ਹੋਵੇਗੀ ਕਿ ਅਗਲੇ ਸਾਲਾਂ ਵਿੱਚ ਉਸਦੀ ਪਾਰਟੀ ਕਾਂਗਰਸ ਦਾ ਬਦਲ ਬਣ ਕੇ ਉੱਭਰੇਗੀ। ਹਕੀਕਤ ਵਿੱਚ ਆਮ ਆਦਮੀ ਪਾਰਟੀ ਨੂੰ ਕਾਂਗਰਸ ਦਾ ਬਦਲ ਬਣਨ ਦੀ ਤੰਮਨਾਂ ਨਹੀਂ ਕਰਨੀ ਚਾਹੀਦੀ। ਸਹੀ ਤਬਦੀਲੀ ਪੁਰਾਣਿਆਂ ਦੀਆਂ ਗਲਤੀਆਂ ਤੋਂ ਸਿੱਖ ਕੇ ਕੁੱਝ ਨਵਾਂ ਕਰਨ ਨਾਲ ਸੰਭਵ ਹੋਵੇਗੀ ਨਾ ਕਿ ਪੁਰਾਣੇ ਮਾਡਲ ਵਰਗਾ ਬਣ ਕੇ।

ਭਗਵੰਤ ਮਾਨ ਦਾ ਆਪਣਾ ਸਹੁੰ ਚੁੱਕ ਸਮਾਗਮ ਭਗਤ ਸਿੰਘ ਦੇ ਜੱਦੀ ਪਿੰਡ ਖਟਕੜ ਕਲਾਂ ਵਿਖੇ ਆਯੋਜਿਤ ਕਰਨ, ਸਰਕਾਰੀ ਦਫ਼ਤਰਾਂ ਵਿੱਚ ਭਗਤ ਸਿੰਘ ਅਤੇ ਬੀ ਆਰ ਅੰਬੇਦਕਰ ਦੀਆਂ ਫੋਟੋਆਂ ਲਾਉਣ ਦਾ ਫੈਸਲਾ ਕੀਤਾ ਹੈ। ਜੇ ਅਜਿਹਾ ਕਰਨਾ ਨਵੀਆਂ ਸੰਭਾਵਨਾਵਾਂ ਦਾ ਸੰਕੇਤ ਹੈ ਤਾਂ ਇਸਨੂੰ 'ਜੀ ਆਇਆਂ ਨੂੰ' ਕਹਿਣਾ ਬਣਦਾ ਹੈ। ਇਹ ਦੋਵੇਂ ਸਖਸ਼ਿਅਤਾਂ ਦਾ ਸਾਫ਼ ਸੁਥਰੀ ਸੋਚ ਵਾਲੇ ਲੋਕਾਂ ਉੱਤੇ ਗਹਿਰਾ ਪ੍ਰਭਾਵ ਹੈ। ਲੋੜ ਹੈ ਕਿ ਲੋਕ ਭਗਵੰਤ ਮਾਨ ਨੂੰ ਅਮਲ ਤੱਕ ਦਾ ਸਫ਼ਰ ਤੈਅ ਕਰਨ ਲਈ ਕੁੱਝ ਸਮਾਂ ਦੇਣ।

## ਪੀਅਰਸਨ ਇੰਟਰਨੈਸ਼ਨਲ ਏਅਰਪੋਰਟ ਖ਼ਤਮ ਨਹੀਂ ਕਰੇਗਾ ਮਾਸਕ ਸਬੰਧੀ ਪਾਬੰਦੀਆਂ

ਓਨਟਾਰੀਓ, 10 ਮਾਰਚ (ਪੋਸਟ ਬਿਊਰੋ) : ਓਨਟਾਰੀਓ ਵਿੱਚ ਬਹੁਤੀਆਂ ਇੰਡੋਰ ਸੈਟਿੰਗਜ਼ ਲਈ ਮਾਸਕ ਵਾਲਾ ਨਿਯਮ 21 ਮਾਰਚ ਤੋਂ ਖ਼ਤਮ ਹੋਣ ਜਾ ਰਿਹਾ ਹੈ ਪਰ ਪੀਅਰਸਨ ਇੰਟਰਨੈਸ਼ਨਲ ਏਅਰਪੋਰਟ ਇਸ ਨਿਯਮ ਨੂੰ ਖ਼ਤਮ ਨਹੀਂ ਕਰੇਗਾ।

ਇੱਕ ਬਿਆਨ ਵਿੱਚ ਪੀਅਰਸਨ ਵੱਲੋਂ ਇਸ ਗੱਲ ਦੀ ਪੁਸ਼ਟੀ ਕੀਤੀ ਗਈ ਕਿ ਇਹ ਏਅਰਪੋਰਟ ਫੈਡਰਲ ਸਰਕਾਰ ਵੱਲੋਂ ਨਿਯੰਤਰਿਤ ਕੀਤਾ ਜਾਂਦਾ ਹੈ ਇਸ ਲਈ ਹਰ ਵੇਲੇ ਪੈਸੈਂਜਰਜ਼ ਨੂੰ ਮਾਸਕ ਪਾ ਕੇ ਰੱਖਣ ਦੀ ਲੋੜ ਹੋਵੇਗੀ। ਪ੍ਰੋਵਿੰਸ ਵੱਲੋਂ ਪਬਲਿਕ ਟਰਾਂਜ਼ਿਟ, ਲਾਂਗ ਟਰਮ ਕੇਅਰ, ਰਿਟਾਇਰਮੈਂਟ ਹੋਮਜ਼, ਹੋਰਨਾਂ ਹੈਲਥ ਕੇਅਰ ਸੈਟਿੰਗਜ਼, ਸ਼ੈਲਟਰਜ਼, ਜੇਲ੍ਹਾਂ ਤੇ ਅਪਾਹਜ ਵਿਅਕਤੀਆਂ ਲਈ ਹੋਮਜ਼ ਵਿੱਚ ਮਾਸਕ ਸਬੰਧੀ ਨਿਯਮ ਵਿੱਚ ਕੋਈ ਤਬਦੀਲੀ ਨਹੀਂ ਕੀਤੀ ਜਾ ਰਹੀ। ਪ੍ਰੋਵਿੰਸ ਨੇ ਆਖਿਆ ਕਿ ਬਾਕੀ ਰਹਿੰਦੀਆਂ ਸਾਰੀਆਂ ਸੈਟਿੰਗਜ਼ ਵਿੱਚ ਮਾਸਕ ਵਾਲਾ ਨਿਯਮ 27 ਅਪਰੈਲ ਤੋਂ ਖ਼ਤਮ ਹੋ ਜਾਵੇਗਾ।

ਇੱਕ ਪਾਸੇ ਜਿੱਥੇ ਬਰੈਂਪਟਨ ਦੇ ਮੇਅਰ ਪੈਟ੍ਰਿਕ ਬ੍ਰਾਊਨ ਵੱਲੋਂ ਮਾਸਕ ਸਬੰਧੀ ਨਿਯਮ ਨੂੰ ਖ਼ਤਮ ਕੀਤੇ ਜਾਣ ਨੂੰ ਸਕਾਰਾਤਮਕ ਖਬਰ ਦੱਸਿਆ ਜਾ ਰਿਹਾ ਹੈ ਉੱਥੇ ਹੀ ਮਿਸੀਸਾਗਾ ਦੀ ਮੇਅਰ ਬੌਨੀ ਕ੍ਰੌਂਬੀ ਵੱਲੋਂ ਇਸ ਕਦਮ ਉੱਤੇ ਚਿੰਤਾ ਪ੍ਰਗਟਾਈ ਜਾ ਰਹੀ ਹੈ। ਟੋਰਾਂਟੋ ਦੀ ਮੈਡੀਕਲ ਆਫੀਸਰ ਆਫ ਹੈਲਥ ਡਾ. ਐਲੀਨ ਡੀ ਵਿੱਲਾ ਨੇ ਕ੍ਰੌਂਬੀ ਦੀਆਂ ਟਿੱਪਣੀਆਂ ਦਾ ਸਮਰਥਨ ਕਰਦਿਆਂ ਆਖਿਆ ਕਿ ਮਾਸਕ ਸਬੰਧੀ ਪਾਬੰਦੀਆਂ ਖ਼ਤਮ ਕਰਨ ਦਾ ਮਤਲਬ ਇਹ ਨਹੀਂ ਹੈ ਕਿ ਹਾਈ ਰਿਸਕ ਜਾਂ ਭੀੜ-ਭਾੜ ਵਾਲੀ ਥਾਂ ਉੱਤੇ ਮਾਸਕ ਨਾ ਪਾਏ ਜਾਣ।


ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| **Founder Editor** | Jagdish Singh Grewal |
| **Managing Director** | Parminder Kaur Grewal |
| **Contributing Editors** | Gyan Singh, |
| **Office Admin** | Sajandeep Singh |
| **Graphic Designer** | Angrez Singh |
| **Photographer** | Kanwaljit Singh Kanwal |
| **Distributer**<br>Marketing: | Aman Warraich<br>Sajandeep Singh |


Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

## ਯੂਕਰੇਨ ਦੇ 3 ਹਸਪਤਾਲਾਂ ਉੱਤੇ ਰੂਸ ਨੇ ਕੀਤਾ ਹਮਲਾ

ਮਾਰੀਓਪੋਲ, ਯੂਕਰੇਨ, 10 ਮਾਰਚ (ਪੋਸਟ ਬਿਊਰੋ) : ਮਾਰੀਓਪੋਲ ਦੀ ਪੋਰਟ ਸਿਟੀ ਵਿੱਚ ਮੈਟਰਨਿਟੀ ਹਸਪਤਾਲ ਉੱਤੇ ਰੂਸ ਵੱਲੋਂ ਕੀਤੇ ਗਏ ਹਮਲੇ ਵਿੱਚ ਜਨਮ ਦੇਣ ਦੀ ਤਿਆਰੀ ਕਰ ਰਹੀਆਂ ਮਹਿਲਾਂਵਾਂ ਜ਼ਖ਼ਮੀ ਹੋ ਗਈਆਂ ਤੇ ਕਈ ਨਵਜੰਮੇਂ ਬੱਚੇ ਮਲਬੇ ਹੇਠ ਦਬ ਗਏ। ਰੂਸੀ ਫੌਜ ਵੱਲੋਂ ਯੂਕਰੇਨੀ ਸ਼ਹਿਰਾਂ ਨੂੰ ਨਿਸ਼ਾਨਾ ਬਣਾਉਣ ਦਾ ਸਿਲਸਿਲਾ ਲਗਾਤਾਰ ਜਾਰੀ ਹੈ। ਕੀਵ ਦੇ ਪੱਛਮ ਵੱਲ ਦੋ ਹੋਰਨਾਂ ਹਸਪਤਾਲਾਂ ਉੱਤੇ ਵੀ ਬੰਬ ਸੁੱਟੇ ਗਏ। ਵਰਲਡ ਹੈਲਥ ਆਰਗੇਨਾਈਜ਼ੇਸ਼ਨ (ਡਬਲਿਊ ਐਚ ਓ)ਨੇ ਬੁੱਧਵਾਰ ਨੂੰ ਆਖਿਆ ਕਿ ਦੋ ਹਫਤੇ ਪਹਿਲਾਂ ਸ਼ੁਰੂ ਹੋਏ ਰੂਸ ਦੇ ਹਮਲੇ ਤੋਂ ਬਾਅਦ ਮੈਡੀਕਲ ਫੈਸਿਲਿਟੀਜ਼ ਉੱਤੇ 18 ਹਮਲੇ ਹੋ ਚੁੱਕੇ ਹਨ। ਯੂਕਰੇਨੀ ਅਧਿਕਾਰੀਆਂ ਨੇ ਦੱਸਿਆ ਕਿ ਮਾਰੀਓਪੋਲ ਦੇ ਮੈਡੀਕਲ ਕਾਂਪਲੈਕਸ ਉੱਤੇ ਹੋਏ ਹਮਲੇ ਵਿੱਚ 17 ਲੋਕ ਜ਼ਖ਼ਮੀ ਹੋ ਗਏ।



ਲਗਾਤਾਰ ਹੋਏ ਕਈ ਧਮਾਕਿਆਂ ਕਾਰਨ ਮੀਲਾਂ ਦੂਰ ਤੱਕ ਧਰਤੀ ਹਿੱਲ ਗਈ। ਧਮਾਕਿਆਂ ਕਾਰਨ ਖਿੜਕੀਆਂ ਦੇ ਸ਼ੀਸ਼ੇ ਟੁੱਟ ਗਏ ਤੇ ਇੱਕ ਇਮਾਰਤ ਦਾ ਸਾਹਮਣੇ ਵਾਲਾ ਹਿੱਸਾ ਹੀ ਢਹਿ ਢੇਰੀ ਹੋ ਗਿਆ। ਜ਼ਖ਼ਮੀਆਂ ਨੂੰ ਬਾਹਰ ਕੱਢਣ ਲਈ ਪੁਲਿਸ ਤੇ ਸੈਨਿਕ ਮੌਕੇ ਉੱਤੇ ਪਹੁੰਚੇ। ਇੱਕ ਗਰਭਵਤੀ ਮਹਿਲਾ ਨੂੰ ਖੂਨ ਵਿੱਚ ਲਥਪਥ ਹਾਲਤ ਵਿੱਚ ਸਟਰੈਚਰ ਉੱਤੇ ਪਾ ਕੇ ਕਿਸੇ ਸੁਰੱਖਿਅਤ ਥਾਂ ਲਿਜਾਇਆ ਗਿਆ।

ਬੰਬ ਡਿੱਗਣ ਕਾਰਨ ਦੋ ਮੰਜ਼ਿਲਾਂ ਜਿੰਨਾਂ ਡੂੰਘਾ ਖੱਡਾ ਵੀ ਬਣ ਗਿਆ। ਕੀਵ ਦੇ ਪੱਛਮ ਵੱਲੋਂ 260,000 ਦੀ ਆਬਾਦੀ ਵਾਲੇ ਸ਼ਹਿਰ ਜ਼ਿਤੋਮੀਰ ਦੇ ਦੋ ਹਸਪਤਾਲਾਂ ਉੱਤੇ ਵੀ ਬੰਬ ਸੁੱਟੇ ਗਏ। ਇਨ੍ਹਾਂ ਵਿੱਚੋਂ ਇੱਕ ਬੱਚਿਆਂ ਦਾ ਹਸਪਤਾਲ ਸੀ। ਮੇਅਰ ਸਰਹੀ ਸੁਖੋਮਲਿਨ ਨੇ ਦੱਸਿਆ ਕਿ ਇਸ ਹਮਲੇ ਵਿੱਚ ਕੋਈ ਜ਼ਖ਼ਮੀ ਨਹੀਂ ਹੋਇਆ। ਰਾਸ਼ਟਰਪਤੀ ਵੋਲੋਦੀਮੀਰ ਜ਼ੈਲੈਂਸਕੀ ਨੇ ਆਖਿਆ ਕਿ ਮਾਰੀਓਪੋਲ ਹਮਲੇ ਕਾਰਨ ਬੱਚੇ ਤੇ ਹੋਰ ਵਿਅਕਤੀ ਮਲਬੇ ਵਿੱਚ ਦੱਬ ਗਏ। ਜ਼ੈਲੈਂਸਕੀ ਨੇ ਪੁੱਛਿਆ ਕਿ ਬੱਚਿਆਂ ਦੇ ਹਸਪਤਾਲ ਤੇ ਮੈਟਰਨਿਟੀ ਹਸਪਤਾਲ ਤੋਂ ਰੂਸ ਨੂੰ ਕਿਹੋ ਜਿਹਾ ਖਤਰਾ ਹੈ?

ਉਨ੍ਹਾਂ ਭਾਈਵਾਲ ਪੱਛਮੀ ਮੁਲਕਾਂ ਨੂੰ ਰੂਸ ਉੱਤੇ ਹੋਰ ਸਖ਼ਤ ਪਾਬੰਦੀਆਂ ਲਾਉਣ ਦੀ ਅਪੀਲ ਕੀਤੀ। ਉਨ੍ਹਾਂ ਆਖਿਆ ਕਿ ਰੂਸ ਉੱਤੇ ਅਜਿਹੀਆਂ ਪਾਬੰਦੀਆਂ ਲਾਈਆਂ ਜਾਣ ਤਾਂ ਕਿ ਉਹ ਇਸ ਤਰ੍ਹਾਂ ਦੀ ਨਸਲਕੁਸ਼ੀ ਜਾਰੀ ਨਾ ਰੱਖ ਸਕੇ।

## ਭਾਰਤ ਵਿੱਚੋਂ ਵਿਦੇਸ਼ਾਂ ਲਈ ਪੈਸੰਜਰ ਫਲਾਈਟਾਂ 27 ਮਾਰਚ ਤੋਂ ਫਿਰ ਸ਼ੁਰੂ ਹੋਣਗੀਆਂ

ਨਵੀਂ ਦਿੱਲੀ, 10 ਮਾਰਚ, (ਪੋਸਟ ਬਿਊਰੋ)- ਭਾਰਤ ਸਰਕਾਰ ਨੇ ਸ਼ਡਿਊਲਡ ਅੰਤਰਰਾਸ਼ਟਰੀ ਫਲਾਈਟਾਂ 27 ਮਾਰਚ ਤੋਂ ਫਿਰ ਸ਼ੁਰੂ ਕਰਨ ਦਾ ਫੈਸਲਾ ਕੀਤਾ ਹੈ। ਕੋਵਿਡ-19 ਮਹਾਮਾਰੀਕਾਰਨ ਭਾਰਤ ਨੇਸ਼ਡਿਊਲਡ ਅੰਤਰਰਾਸ਼ਟਰੀ ਉਡਾਣਾਂ 23 ਮਾਰਚ2020 ਤੋਂ ਮੁਲਤਵੀ ਕੀਤੀਆਂ ਸਨਅਤੇਜੁਲਾਈ 2020 ਤੋਂ ਕਰੀਬ 35 ਦੇਸ਼ਾਂ ਨਾਲ 'ਏਅਰ ਬਬਲ' ਵਿਵਸਥਾ ਹੇਠ ਭਾਰਤ ਤੋਂ ਅੰਤਰਰਾਸ਼ਟਰੀ ਉਡਾਣਾਂ ਦੀ ਆਵਾਜਾਈ ਹੋ ਰਹੀ ਹੈ। ਇਸ ਬਾਰੇ ਭਾਰਤ ਦੇ ਸ਼ਹਿਰੀ ਹਵਾਬਾਜ਼ੀ ਮੰਤਰੀ ਜਿਓਤੀਰਾਦਿਤਿਆ ਸਿੰਧੀਆ ਨੇ ਕਿਹਾ ਕਿ ਟੂਰਿਜ਼ਮ ਨਾਲ ਜੁੜੇ ਲੋਕਾਂ ਨਾਲ ਸਲਾਹ ਅਤੇ ਕੋਰੋਨਾ ਦੇ ਨਵੇਂ ਕੇਸਾਂ ਦੀ ਕਮੀ ਦੇਖ ਕੇ ਅਸੀਂ ਫਿਰ 27 ਮਾਰਚ ਤੋਂ ਅੰਤਰਰਾਸ਼ਟਰੀ ਉਡਾਣਾਂ ਸ਼ੁਰੂ ਕਰ ਰਹੇ ਹਾਂ। ਉਨ੍ਹਾਂ ਕਿਹਾ ਕਿ ਇਸ ਫੈਸਲੇ ਨਾਲ ਏਅਰ ਬਬਲ ਹਟਾ ਦਿੱਤਾ ਹੈ। ਹਵਾਬਾਜ਼ੀ ਮੰਤਰਾਲਾ ਨੇ ਬਿਆਨਵਿੱਚ ਕਿਹਾ ਕਿ 27 ਮਾਰਚ ਤੋਂ ਅੰਤਰਰਾਸ਼ਟਰੀ ਉਡਾਣਾਂ ਦਾ ਚਲਾਉਣ ਦਾ ਕੰਮ ਸਿਹਤ ਮੰਤਰਾਲਾ ਦੇ 10 ਫਰਵਰੀ ਦੇ ਨਿਰਦੇਸ਼ਾਂ ਦੀ ਸਖਤੀ ਨਾਲ ਪਾਲਣਾਨ-ਾਲ ਕੀਤਾ ਜਾਵੇਗਾ। ਬਿਆਨਮੁਤਾਬਕ ਵਿਸ਼ਵਵਿੱਚ ਕੋਰੋਨਾ ਰੋਕਥਾਮ ਟੀਕਾਕਰਨ ਮੁਹਿੰਮ ਨੂੰ ਮਾਨਤਾ ਦੇਣ ਤੇ ਟੂਰਿਜ਼ਮ ਨਾਲ ਜੁੜੇ ਲੋਕਾਂ ਨਾਲ ਸਲਾਹ ਤੋਂ ਬਾਅਦ ਸਰਕਾਰ ਨੇ 27 ਮਾਰਚ ਤੋਂ ਭਾਰਤ ਤੋਂ ਆਉਣ-ਜਾਣ ਲਈਸਭ ਸ਼ਡਿਊਲਡ ਅੰਤਰਰਾਸ਼ਟਰੀ ਯਾਤਰੀ ਸੇਵਾਵਾਂ ਨੂੰ ਫਿਰ ਸ਼ੁਰੂ ਕਰਨ ਦਾ ਫੈਸਲਾ ਕੀਤਾ ਹੈ।

## ਸਿਟੀ ਹਾਲ ਵਿਚ ਪਾਰਦਰਸ਼ਤਾ ਬਹਾਲ ਕਰਨ ਦਾ ਬਰੈਂਪਟਨ ਦੇ ਛੇ ਕਾਊਂਸਲਰਜ਼ ਨੇ ਪ੍ਰਗਟਾਇਆ ਤਹੱਈਆ

ਬਰੈਂਪਟਨ, 10 ਮਾਰਚ (ਪੋਸਟ ਬਿਊਰੋ) : ਬਰੈਂਪਟਨ ਦੇ ਛੇ ਕਾਊਂਸਲਰਜ਼ ਨੇ ਸਿਟੀ ਹਾਲ ਵਿੱਚ ਪਾਰਦਰਸ਼ਤਾ ਨੂੰ ਬਹਾਲ ਰੱਖਣ ਲਈ ਆਪਣੀਆਂ ਕੋਸ਼ਿਸ਼ਾਂ ਨੂੰ ਜਾਰੀ ਰੱਖਣ ਦੀ ਵਚਨਬੱਧਤਾ ਇੱਕ ਵਾਰੀ ਮੁੜ ਦੁਹਰਾਈ ਹੈ। ਉਨ੍ਹਾਂ ਆਖਿਆ ਕਿ 10 ਫਰਵਰੀ ਨੂੰ ਅਸੀਂ ਇੱਕ ਮੀਡੀਆ ਰਲੀਜ਼ ਜਾਰੀ ਕਰਕੇ ਠੱਗ ਨੌਕਰਸ਼ਾਹੀ ਤੇ ਪਾਰਦਰਸ਼ੀ ਤੇ ਪੂਰੀ ਜਵਾਬਦੇਹੀ ਵਾਲੀ ਸਾਡੀ ਮਿਊਂਸਪਲ ਸਰਕਾਰ ਦਰਮਿਆਨ ਸਾਡੀ ਵਚਨਬੱਧਤਾ ਵਿਚਾਲੇ ਲਕੀਰ ਖਿੱਚ ਦਿੱਤੀ ਸੀ।



ਇਨ੍ਹਾਂ ਛੇ ਕਾਊਂਸਲਰਜ਼ ਪੈਟ ਫੋਰਟਿਨੀ, ਗੁਰਪ੍ਰੀਤ ਸਿੰਘ ਢਿੱਲੋਂ, ਚਾਰਮੇਨ ਵਿਲੀਅਮਜ਼, ਜੈੱਫ ਬੋਅਮੈਨ, ਮਾਰਟਿਨ ਮੈਡੇਰੌਸ ਤੇ ਡੱਗ ਵ੍ਹਿਲਾਂਜ਼ ਨੇ ਆਖਿਆ ਕਿ ਅਸੀਂ ਆਪਣੀ ਜਮਹੂਰੀਅਤ ਲਈ ਲੜਨ ਤੇ ਟੈਕਸਦਾਤਾਵਾਂ ਦੀਆਂ ਲੋੜਾਂ ਨੂੰ ਸੱਭ ਤੋਂ ਅੱਗੇ ਤੇ ਸਰਬੋਪਰੀ ਰੱਖਣ ਦਾ ਤਹੱਈਆ ਪ੍ਰਗਟਾਇਆ ਸੀ। ਉਨ੍ਹਾਂ ਆਖਿਆ ਕਿ ਹੁਣ ਤੱਕ ਅਸੀਂ ਵਿੱਤੀ ਤੇ ਪ੍ਰਸ਼ਾਸਕੀ ਕੁਪ੍ਰਬੰਧਾਂ ਤੋਂ ਪਰਦਾ ਹਟਾਉਣ ਲਈ ਕਈ ਅਹਿਮ ਫੈਸਲੇ ਕਰ ਚੁੱਕੇ ਹਾਂ। ਉਨ੍ਹਾਂ ਆਖਿਆ ਕਿ ਸਾਡੀਆਂ ਸਾਂਝੀਆਂ ਕੋਸ਼ਿਸ਼ਾਂ ਸਦਕਾ ਅਸੀਂ ਅੰਤਰਿਮ ਸੀਏਓ ਪਾਲ ਮੌਰੀਸਨ ਨੂੰ ਨਿਯੁਕਤ ਕਰਵਾਇਆ ਹੈ ਜੋ ਕਿ ਜਨਤਾ ਦਾ ਵਿਸ਼ਵਾਸ ਮੁੜ ਹਾਸਲ ਕਰਨ ਵਿੱਚ ਸਾਡੀ ਮਦਦ ਕਰ ਰਹੇ ਹਨ ਤੇ ਉਨ੍ਹਾਂ ਵੱਲੋਂ ਜਾਇਜ਼, ਪਾਰਦਰਸ਼ੀ ਤੇ ਜਵਾਬਦੇਹੀ ਵਾਲੇ ਢੰਗ ਨਾਲ ਕੰਮ ਕੀਤਾ ਜਾ ਰਿਹਾ ਹੈ। ਇਸ ਤੋਂ ਵੀ ਅਹਿਮ ਗੱਲ ਇਹ ਹੈ ਕਿ ਸਿਟੀ ਨੂੰ ਅੱਗੇ ਲਿਜਾਣ ਲਈ ਲੋੜੀਂਦੀਆਂ ਤਬਦੀਲੀਆਂ ਕਰਦੇ ਸਮੇਂ ਸਾਡੇ ਨਵੇਂ ਅੰਤਰਿਮ ਸੀਏਓ, ਸਿਟੀ ਲਈ ਨੀਤੀਆਂ ਤੇ ਤਰਜੀਹਾਂ ਨਿਰਧਾਰਤ ਕਰਨ ਲਈ ਕਾਊਂਸਲ ਦੀ ਭੂਮਿਕਾ ਦੀ ਇੱਜ਼ਤ ਕਰਦੇ ਹਨ।

2 ਮਾਰਚ, 2022 ਨੂੰ ਹੋਈ ਸਾਡੀ ਕਾਊਂਸਲ ਦੀ ਮੀਟਿੰਗ ਵਿੱਚ ਅਸੀਂ ਤੁਹਾਡੀ- ਆਪਣੇ ਰੈਜ਼ੀਡੈਂਟਸ ਤੇ ਟੈਕਸਦਾਤਾਵਾਂ, ਸੁਰੱਖਿਆ ਕਰਨ ਲਈ ਕਈ ਸਪਸ਼ਟ ਸੁਨੇਹੇ ਦਿੱਤੇ ਤੇ ਸਾਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਸਾਡੇ ਕੁੱਝ ਕਾਊਂਸਲ ਕੁਲੀਗਜ਼ ਵੱਲੋਂ ਵੀ ਸਾਡੀਆਂ ਇਨ੍ਹਾਂ ਕੋਸ਼ਿਸ਼ਾਂ ਦਾ ਸਮਰਥਨ ਕੀਤਾ ਗਿਆ ਹੈ।

ਉਨ੍ਹਾਂ ਦੱਸਿਆ ਕਿ ਪਹਿਲਾਂ ਸਿਟੀ ਵਿੱਚ ਯੂਨੀਵਰਸਿਟੀ ਸਥਾਪਿਤ ਕਰਨ ਦੀਆਂ ਸਾਡੀਆਂ ਕੋਸ਼ਿਸ਼ਾਂ ਬਾਰੇ ਕਾਊਂਸਲ ਤੋਂ ਕੰਸਲਟੈਂਟ ਕੀਮਤ ਲੁਕਾ ਕੇ ਰੱਖਣ ਤੋਂ ਬਾਅਦ ਉਸ ਜਾਣਕਾਰੀ ਨੂੰ ਜਨਤਕ ਕਰਨ ਤੋਂ ਬਾਅਦ ਅਸੀਂ ਆਪਣੇ ਅੰਤਰਿਮ ਸੀਏਓ ਨੂੰ ਯੂਨੀਵਰਸਿਟੀ ਫਾਈਲ ਉੱਤੇ ਹਰ ਤਰ੍ਹਾਂ ਦੇ ਵਿੱਤੀ ਤੇ ਕਾਂਟਰੈਕਟ ਸਬੰਧੀ ਲੈਣ ਦੇਣ ਦੀ ਫੋਰੈਂਸਿਕ ਜਾਂਚ ਕਰਵਾਉਣ ਦੇ ਹੁਕਮ ਵੀ ਦਿੱਤੇ।

ਅਖੀਰ ਵਿੱਚ ਉਨ੍ਹਾਂ ਆਖਿਆ ਕਿ ਇਹ ਅਹਿਮ ਕਦਮ ਜ਼ਰੂਰ ਹਨ ਪਰ ਇਹ ਸਾਡੇ ਵੱਲੋਂ ਚੁੱਕੇ ਜਾਣ ਵਾਲੇ ਆਖਰੀ ਕਦਮ ਨਹੀਂ ਹੋਣਗੇ। ਅਸੀਂ ਆਪਣੇ ਕੁਲੀਗਜ਼ ਨੂੰ ਟੈਕਸਦਾਤਾਵਾਂ ਵੱਲੋਂ ਉਨ੍ਹਾਂ ਵਿੱਚ ਪ੍ਰਗਟਾਏ ਭਰੋਸੇ ਬਾਰੇ ਸਮੇਂ ਸਮੇਂ ਉੱਤੇ ਚੇਤੇ ਕਰਵਾਉਂਦੇ ਰਹਾਂਗੇ।

## ਰੂਸ ਉੱਤੇ ਪੱਛਮ ਦੀਆਂ ਪਾਬੰਦੀਆਂ ਲਾਉਣ ਦੀ ਚੀਨ ਦੇ ਰਾਸ਼ਟਰਪਤੀ ਵੱਲੋਂ ਆਲੋਚਨਾ

ਬੀਜਿੰਗ, 10 ਮਾਰਚ, (ਪੋਸਟ ਬਿਊਰੋ)- ਚੀਨ ਸਰਕਾਰ ਦੇ ਬੁਲਾਰੇ ਮੁਤਾਬਕ ਰਾਸ਼ਟਰਪਤੀ ਸ਼ੀ ਜਿਨਪਿੰਗ ਨੇ ਫਰਾਂਸ ਦੇ ਰਾਸ਼ਟਰਪਤੀ ਇਮੈਨੁਅਲ ਮੈਕਰੋਂ ਤੇ ਜਰਮਨ ਚਾਂਸਲਰ ਓਲਾਫ਼ ਸ਼ਾਲਤਸ ਨਾਲ ਗੱਲਬਾਤਵਿੱਚਯੂਕਰੇਨਵਿਰੁੱਧ ਹਮਲੇ ਕਾਰਨਰੂਸ ਉੱਤੇਪੱਛਮੀ ਦੇਸ਼ਾਂ ਦੀਆਂ ਪਾਬੰਦੀਆਂ ਦੀ ਨਿੰਦਾ ਕੀਤੀ ਤੇ ਇਸ ਨੂੰ ਸਾਰਿਆਂ ਲਈ ਨੁਕਸਾਨਦੇਹ ਦੱਸਿਆ।ਇਹੀ ਨਹੀਂ, ਚੀਨ ਨੇ ਰੂਸ ਦਾ ਸਮੱਰਥਨ ਕਰਦਿਆਂ ਅਮਰੀਕਾ ਤੇ ਉਸ ਦੇ ਸਹਿਯੋਗੀ ਦੇਸ਼ਾਂ ਨੂੰ ਸੰਘਰਸ਼ ਨੂੰ ਭੜਕਾਉਣ ਦਾ ਦੋਸ਼ੀ ਵੀ ਠਹਿਰਾਇਆ ਹੈ।ਇਹ ਕਾਫੀ ਕਰੜਾ ਬਿਆਨ ਹੈ।



ਵਰਨਣ ਯੋਗ ਹੈ ਕਿ ਯੂ ਐੱਨ ਓ ਵਿੱਚ ਚੀਨ ਇਸ ਜੰਗ ਦੇ ਮੁੱਦੇ ਉੱਤੇ ਵੋਟਿੰਗ ਤੋਂ ਲਾਂਭੇ ਰਿਹਾ ਸੀ ਅਤੇ ਰੂਸ ਦੀ ਕਾਰਵਾਈ ਦੀ ਨਿੰਦਾ ਵਿੱਚ ਸ਼ਾਮਲ ਨਹੀਂ ਸੀ ਹੋਇਆ। ਅੱਜ ਮੰਗਲਵਾਰ ਦੀ ਗੱਲਬਾਤ ਬਾਰੇ ਚੀਨ ਦੇ ਸਰਕਾਰੀ ਚੈਨਲ ਸੀਸੀਟੀਵੀ ਦੀ ਰਿਪੋਰਟ ਮੁਤਾਬਕ ਸ਼ੀ ਜਿਨਪਿੰਗ ਨੇ ਰੂਸ-ਯੂਕਰੇਨ ਜੰਗ ਉੱਤੇ ਡੂੰਘਾ ਦੁੱਖ ਜਤਾਇਆ ਤੇ ਸਾਰੇ ਪੱਖਾਂ ਨੂੰ ਅਮਨਗ-ੱਲਬਾਤਵਿੱਚ ਹਿੱਸਾ ਲੈਣ ਦੀ ਅਪੀਲ ਕਰਦੇ ਹੋਏ ਕਿਹਾ ਕਿ ਚੀਨ ਇਸਵਿੱਚ ਮਹੱਤਵਪੂਰਨ ਭੂਮਿਕਾ ਲਈ ਤਿਆਰ ਹੈ। ਸ਼ੀ ਜਿਨਪਿੰਗ ਨੇ ਕੋਈ ਸੰਕੇਤ ਨਹੀਂ ਦਿੱਤਾ ਕਿ ਚੀਨ ਇਸ ਸੰਘਰਸ਼ ਦਾ ਹੱਲ ਕਿੱਦਾਂ ਕਰਨਾ ਚਾਹੁੰਦਾ ਹੈ ਅਤੇ ਉਨ੍ਹਾਂ ਨੇ ਸਿਰਫ਼ ਉਹ ਵੇਰਵਾ ਦਿੱਤਾ, ਜੋ ਪਾਬੰਦੀਆਂ ਦੇ ਪ੍ਰਭਾਵ ਨਾਲ ਸਬੰਧਤ ਸੀ। ਸ਼ੀ ਜਿਨਪਿੰਗ ਦੇ ਹਵਾਲੇ ਨਾਲ ਕਿਹਾ ਗਿਆ ਹੈ ਕਿ ਅਸੀਂ ਸੰਕਟ ਦੇ ਨੈਗੇਟਿਵ ਪ੍ਰਭਾਵ ਘੱਟ ਕਰਨ ਲਈ ਮਿਲ ਕੇ ਕੋਸ਼ਿਸ਼ ਕਰਨਾ ਚਾਹੁੰਦੇ ਹਨ।

## ਕੋਵਿਡ ਦੇ ਹਲਕੇ ਲੱਛਣਾਂ ਦਾ ਦਿਮਾਗ ਉੱਤੇ ਡੂੰਘਾ ਅਸਰ

ਲੰਡਨ, 10 ਮਾਰਚ (ਪੋਸਟ ਬਿਊਰੋ)- ਕੋਵਿਡ ਦਾ ਹਲਕਾ ਪ੍ਰਭਾਵ ਵੀ ਦਿਮਾਗ ਦਾਕੁਝ ਨੁਕਸਾਨ ਕਰ ਸਕਦਾ ਹੈ। ਇਹ ਖੁਲਾਸਾ ਨਿਊ ਆਕਸਫੋਰਡ ਸਟੱਡੀ ਵਿੱਚ ਕੀਤਾ ਗਿਆ ਹੈ। ਯੂ ਕੇ ਦੀ ਆਕਸਫੋਰਡ ਯੂਨੀਵਰਸਿਟੀ ਦੇ ਵਿਗਿਆਨੀਆਂ ਦੀ ਇੱਕ ਟੀਮ ਨੇ ਪਿਛਲੇ ਦੋ ਸਾਲਾਂ ਵਿੱਚ ਕੋਵਿਡ ਤੋਂ ਠੀਕ ਹੋਏ ਲੋਕਾਂ ਦਾ ਅਧਿਐਨ ਕਰਨ ਪਿੱਛੋਂ ਇਹ ਜਾਣਕਾਰੀ ਦਿੱਤੀ ਹੈ। ਇਸ ਟੀਮ ਨੇ ਮਨੁੱਖੀ ਦਿਮਾਗ਼ ਵਿੱਚ ਕੁਝ ਖਾਸ ਤਬਦੀਲੀਆਂ ਦੀ ਪਛਾਣ ਕੀਤੀ ਹੈ, ਜੋ ਮੁੱਖ ਤੌਰ ਉਤੇ ਸੁਗੰਧ ਤੇ ਯਾਦਦਾਸ਼ਤ ਨਾਲ ਜੁੜੇ ਹਿੱਸਿਆਂ ਵਿੱਚ ਦੇਖੇ ਗਏ ਹਨ। ਪਹਿਲੀ ਵਾਰ ਕੋਰੋਨਾ ਸਕਾਰਾਤਮਕ ਹੋਣ ਦੇ ਲੱਗਭਗ 11 ਮਹੀਨਿਆਂ ਬਾਅਦ, ਮਨੁੱਖੀ ਦਿਮਾਗ ਵਿੱਚ ਅਜਿਹੀਆਂ ਵਿਸ਼ੇਸ਼ ਤਬਦੀਲੀਆਂ ਸਪੱਸ਼ਟ ਤੌਰ ਉਤੇ ਵੇਖੀਆਂ ਗਈਆਂ। ਨੇਚਰ ਜਰਨਲ ਵਿੱਚ ਛਪੇ ਅਧਿਅਨ ਵਿੱਚ ਦਿਮਾਗ਼ ਦੇ ਸਕੈਨ ਅਤੇ ਬੋਧਾਮਕ ਟੈਸਟਾਂ ਦੇ ਨਤੀਜਿਆਂ ਦੀ ਜਾਂਚ ਕੀਤੀ ਗਈ ਹੈ।

## ਬ੍ਰਾਜ਼ੀਲ ਦੇ ਨੇਤਾ ਵੱਲੋਂ ਯੂਕਰੇਨ ਦੀਆਂ ਔਰਤਾਂ ਬਾਰੇ ਬੇਹੂਦਾ ਬਿਆਨ ਤੋਂ ਹੰਗਾਮਾ

ਸਾਓ ਪਾਓਲੋ, 10 ਮਾਰਚ, (ਪੋਸਟ ਬਿਊਰੋ)- ਰੂਸੀ ਹਮਲਿਆਂ ਹੇਠ ਯੂਕਰੇਨ ਵਿੱਚ ਜਾਨ-ਮਾਲ ਦਾ ਭਾਰੀ ਨੁਕਸਾਨ ਹੋਣ ਦੇ ਨਾਲ ਲੱਖਾਂ ਯੂਕਰੇਨੀ ਲੋਕ ਸ਼ਰਨਾਰਥੀ ਬਣ ਗਏ ਹਨ। ਇਹ ਲੋਕ ਕੜਾਕੇ ਦੀ ਠੰਢ ਵਿੱਚ ਖੁੱਲ੍ਹੇ ਥਾਂ ਬੈਠੇ ਹਨ। ਦੁਖਾਂਤ ਦੇ ਦੌਰਾਨ ਬ੍ਰਾਜ਼ੀਲ ਦੇ ਇੱਕ ਸੱਜੇ ਪੱਖੀ ਨੇਤਾ ਦਾ ਬਹੁਤ ਬੇਹੂਦਾ ਬਿਆਨ ਆਇਆ ਹੈ। ਸਾਓ ਪਾਓਲੋ ਦੇ ਪਾਰਲੀਮੈਂਟ ਮੈਂਬਰ ਆਰਥਰ ਡੋ ਵਾਲ (35), ਜਿਹੜੇ ਡਿਪਲੋਮੈ-ਟਿਕ ਮਿਸ਼ਨਵਾਸਤੇਯੂਕਰੇਨ ਗਏ ਸਨ, ਨੇ ਕਿਹਾ ਹੈ ਕਿ ਯੂਕਰੇਨੀ ਔਰਤਾਂ 'ਸਸਤੀਆਂ' ਅਤੇ ਬਹੁਤ 'ਸੈਕਸੀ' ਹਨ। ਉਸ ਦੀ ਲੀਕ ਹੋਈ ਰਿਕਾਰਡਿੰਗ ਦੇ ਨਾਲ ਬ੍ਰਾਜ਼ੀਲ ਦੇ ਮੀਡੀਆ ਵਿੱਚ ਹੰਗਾਮਾ ਮੱਚ ਗਿਆ ਹੈ। ਲੱਖਾਂ ਯੂਕਰੇਨੀਆਂ ਦੀ ਮੁਸ਼ਕਲ ਦੌਰਾਨ ਇਹ ਭੱਦਾ ਬਿਆਨ ਦੇਣ ਲਈ ਉਨ੍ਹਾਂ ਦੀ ਹਰ ਪਾਸੇ ਸਖ਼ਤ ਆਲੋਚਨਾ ਹੋ ਰਹੀ ਹੈ।

ਪਾਰਲੀਮੈਂਟ ਮੈਂਬਰ ਆਰਥਰ ਨੇ ਇਸ ਵਿੱਚ ਕਿਹਾ ਹੈ, 'ਮੈਂ ਹੁਣੇ ਪੈਦਲ ਯੂਕਰੇਨ-ਸਲੋਵਾਕੀਆ ਸਰਹੱਦ ਪਾਰ ਕੀਤੀ ਹੈ। ਭਰਾ, ਮੈਂ ਸਹੁੰ ਖਾ ਕੇ ਕਹਿੰਦਾ ਹਾਂ ਕਿ ਸੋਹਣੀਆਂ ਕੁੜੀਆਂ ਦੇ ਕੇਸ ਵਿਚ ਮੈਂ ਪਹਿਲਾਂ ਕਦੇ ਅਜਿਹਾ ਕੁਝ ਨਹੀਂ ਦੇਖਿਆ। ਸ਼ਰਨਾਰਥੀਆਂ ਦਾ ਹੜ੍ਹ, ਇਹ 200 ਮੀਟਰ ਲੰਬਾ ਜਾਂ ਇਸ ਤੋਂ ਵੱਧ ਹੈ, ਜਿਸ ਵਿਚ ਸੋਹਣੀਆਂ ਕੁੜੀਆਂ ਹਨ।' ਅਖਬਾਰ ਗਾਰਡੀਅਨ ਦੀ ਰਿਪੋਰਟ ਮੁਤਾਬਕ ਆਰਥਰ ਨੇ ਅੱਗੇ ਕਿਹਾ ਕਿ ਕੁੜੀਆਂ ਦੀ ਲਾਈਨ ਇੰਨੀ ਖੂਬਸੂਰਤ ਹੈ ਕਿ ਬ੍ਰਾਜ਼ੀਲ ਦੇ ਨਾਈਟ ਕਲੱਬ ਦੇ ਬਾਹਰ ਖੜ੍ਹੀਆਂ ਕੁੜੀਆਂ ਉਨ੍ਹਾਂ ਦੇ ਨੇੜੇ ਵੀ ਨਹੀਂ ਫਟਕਦੀਆਂ। ਅਖ਼ਬਾਰ ਨੇ ਕਿਹਾ ਕਿ ਆਰਥਰ ਨੇ ਇਨ੍ਹਾਂ ਔਰਤਾਂ ਨੂੰ ਸਸਤੀਆਂ ਇਸ ਲਈ ਕਿਹਾਕਿ ਉਹ ਗ਼ਰੀਬ ਹਨ। ਬ੍ਰਾਜ਼ੀਲ ਦੀ ਮੀਡੀਆ ਨੇ ਦੱਸਿਆ ਕਿ ਆਰਥਰ ਨੇ ਯੂਕਰੇਨ-ਸਲੋਵਾਕੀਆ ਦੀ ਸਰਹੱਦ ਉੱਤੇ ਖੜੇ ਫ਼ੌਜੀਆਂ ਨੂੰ ਵੀ ਅਪ-ਸ਼ਬਦ ਕਹੇ। ਉਨ੍ਹਾਂ ਕਿਹਾ ਕਿ ਜਦੋਂ ਇਹ ਜੰਗ ਖ਼ਤਮ ਹੋ ਜਾਵੇਗੀ, ਉਦੋਂ ਮੈਂ ਇੱਥੇ ਵਾਪਸ ਆਵਾਂਗਾ। ਬ੍ਰਾਜ਼ੀਲ ਵਿੱਚ ਯੂਕਰੇਨ ਦੇ ਸਾਬਕਾ ਰਾਜਦੂਤ ਦੀ ਪਤਨੀ ਨੇ ਆਰਥਰ ਦੇ ਬਿਆਨ ਦੀ ਸਖ਼ਤ ਆਲੋਚਨਾ ਕੀਤੀ ਤੇ ਕਿਹਾ ਕਿ ਘਟੀਆ ਸੋਚ ਵਾਲਿਆ, ਕੁਝ ਸਨਮਾਨ ਤਾਂ ਦਿਖਾ।' ਚਾਰੇ ਪਾਸਿਓਂ ਘਿਰਨ ਪਿੱਛੋਂ ਆਰਥਰ ਨੇ ਸਪੱਸ਼ਟ ਕੀਤਾ ਕਿ ਉਹ ਬਹੁਤ ਜ਼ਿਆਦਾ ਰੋਮਾਂਚਿਤ ਹੋ ਗਿਆ ਸੀ ਅਤੇ ਅਜਿਹੀ ਘਟੀਆ ਗੱਲ ਕਹੀ ਸੀ।

## ਜ਼ੇਲੇਂਸਕੀ ਨੇ ਲੋਕ ਕੱਢਣ ਲਈ ਹੋਰ ਮਨੁੱਖੀ ਗਲਿਆਰਿਆਂ ਦੀ ਅਪੀਲ ਕੀਤੀ

*** ਅਮਰੀਕਾ ਨੇ ਰੂਸ ਤੋਂ ਤੇਲ ਤੇ ਗੈਸ ਦੀ ਖਰੀਦ ਉੱਤੇ ਪਾਬੰਦੀ ਲਾਈ**



ਕੀਵ, 10 ਮਾਰਚ, (ਪੋਸਟ ਬਿਊਰੋ)- ਯੂਕਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜ਼ੇਲੇਂਸਕੀ ਨੇ ਰੂਸ ਨਾਲ ਜੰਗ ਦੌਰਾਨ ਉਸ ਦੇ ਪ੍ਰਭਾਵ ਵਾਲੇ ਖੇਤਰ ਤੋਂਸੁਰੱਖਿਅਤ ਨਿਕਾਸੀ ਦੀ ਕੋਸ਼ਿਸ਼ ਕਰਦੇ ਆਮ ਯੂਕਰੇਨੀ ਨਾਗਿਰਕਾਂ ਲਈ ਮਨੁੱਖੀ ਗਲਿਆਰੇ ਵਧਾਉਣ ਅਤੇ ਰੈੱਡ ਕ੍ਰਾਸ ਤੋਂ ਹੋਰ ਵੱਧ ਸਹਿਯੋਗ ਦੀ ਮੰਗ ਕੀਤੀ ਹੈ।

ਕਿਸੇ ਅਣਜਾਣੀ ਥਾਂ ਤੋਂ ਅੱਜ ਮੰਗਲਵਾਰ ਵੀਡੀਓ ਸੰਦੇਸ਼ਵਿੱਚਯੂਕਰੇਨੀ ਰਾਸ਼ਟਰਪਤੀ ਜ਼ੇਲੇਂਸਕੀਨੇ ਕਿਹਾ ਕਿ ਦੱਖਣੀ ਸਮੁੰਦਰੀ ਬੰਦਰਗਾਹ ਵਾਲੇ ਸ਼ਹਿਰ ਮਾਰਿਊਪੋਲਵਿੱਚ ਨਾਕੇਬੰਦੀ ਹੇਠ ਸਰੀਰਵਿੱਚ ਪਾਣੀ ਦੀ ਕਮੀ ਕਾਰਨ ਇੱਕ ਬੱਚੇ ਦੀ ਮੌਤ ਹੋ ਗਈ, ਜਿਹੜੀਦੱਸਦੀ ਹੈ ਕਿ ਲੋਕ ਕਿੰਨੇ ਦੁਖੀ ਹਨ। ਉਨ੍ਹਾਂ ਨੇ ਪੱਛਮੀ ਦੇਸ਼ਾਂ ਤੋਂ ਹਵਾਈ ਮਦਦ ਮੰਗਦੇ ਹੋਏ ਫਿਰ ਕਿਹਾ ਕਿ ਨਿਕਾਸੀ ਬੱਸਾਂ ਨੂੰ ਮਾਰਿਊਪੋਲ ਭੇਜਿਆ ਹੈ, ਪਰ ਰਾਹਾਂਬਾਰੇ ਠੋਸ ਸਹਿਮਤੀ ਨਾਹੋਣ ਕਰ ਕੇਰੂਸੀ ਫੌਜੀ ਰਸਤੇਵਿੱਚ ਇਨ੍ਹਾਂ ਨੂੰ ਨਿਸ਼ਾਨਾ ਬਣਾ ਸਕਦੇ ਹਨ। ਜ਼ੇਲੇਂਸਕੀ ਨੇ ਦੋਸ਼ ਲਾਇਆ ਕਿ ਅੰਤਰਰਾਸ਼ਟਰੀ ਰੈੱਡ ਕ੍ਰਾਸ ਨੇ ਸਾਡੀਆਂ ਕਾਰਾਂ ਉੱਤੇਆਪਣੇ ਲੋਗੋ ਦੀ ਵਰਤੋਂ ਰੋਕਦਿੱਤੀ ਹੈ, ਪਰ ਉਨ੍ਹਾਂ ਨੇ ਇਸ ਦਾ ਵੇਰਵਾ ਨਹੀਂ ਦਿੱਤਾ। ਸੂਮੀ ਸ਼ਹਿਰ ਤੋਂ ਨਿਕਲ ਕੇ ਮਾਰਿਊਪੋਲ ਵੱਲ ਜਾਂਦੀਆਂ ਬੱਸਾਂ ਦੀਆਂ ਵੀਡੀਓਵਿੱਚ ਬੱਸਾਂ ਦੇ ਪਾਸੇ ਉੱਤੇ 'ਰੈੱਡ ਕ੍ਰਾਸ' ਦੇ ਸੰਕੇਤ ਸਨ, ਪਰ ਇਹ ਸਪੱਸ਼ਟ ਨਹੀਂ ਕਿ ਓਥੇਉਹ ਕਿਸ ਨੇ ਲਾਏ ਹਨ।

ਇਸ ਦੌਰਾਨ ਜੈਨੇਵਾ ਵਿੱਚ ਯੂ ਐੱਨ ਏਜੰਸੀ ਅਨੁਸਾਰ ਯੂਕਰੇਨ ਛੱਡ ਗਏ ਲੋਕਾਂ ਦੀ ਗਿਣਤੀ ਮੰਗਲਵਾਰ ਨੂੰ 20 ਲੱਖ ਤੱਕ ਪਹੁੰਚ ਗਈ ਹੈ, ਜੋ ਦੂਸਰੇ ਵਿਸ਼ਵ ਯੁੱਧ ਪਿੱਛੋਂ ਯੂਰਪ ਵਿੱਚ ਸਭ ਤੋਂ ਵੱਡੀ ਹਿਜਰਤ ਹੈ। ਸ਼ਰਨਾਰਥੀਆਂ ਲਈ ਯੂ ਐੱਨ ਹਾਈ ਕਮਿ-ਸ਼ਨਰ ਫਿਲਿਪੋ ਗ੍ਰਾਂਡੀ ਨੇ ਟਵਿੱਟਰ ਉੱਤੇ ਲਿਖਿਆ, 'ਅੱਜਯੂਕਰੇਨ ਛੱਡਣ ਵਾਲੇ ਸ਼ਰਨਾਰਥੀਆਂ ਦੀ ਗਿਣਤੀ 20 ਲੱਖ ਹੋ ਗਈ ਹੈ।' ਇਹ ਜਾਣਕਾਰੀ ਓਦੋਂ ਦਿੱਤੀ ਗਈ ਹੈ, ਜਦੋਂ ਸੁਰੱਖਿਅਤ ਗਲਿਆਰਿਆਂ ਤੋਂ ਨਾਗਰਿਕਾਂ ਨੂੰ ਕੱਢਣ ਦੀਆਂ ਕੋਸ਼ਿਸ਼ਾਂ ਦੇ ਲਈ ਕੁਝ ਉਮੀਦ ਦਿਖਾਈ ਦਿੱਤੀ ਹੈ।

ਦੂਸਰੇ ਪਾਸੇ ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਈਡੇਨ ਨੇ ਯੂਕਰੇਨ ਉੱਤੇਰੂਸ ਦੇ ਹਮਲੇ ਦੇ ਜਵਾਬਵਿੱਚਰੂਸ ਦੀ ਅਰਥਵਿਵਸਥਾ ਨੂੰ ਹੋਰ ਕਮਜ਼ੋਰ ਕਰਨ ਲਈਅੱਜ ਐਲਾਨ ਕੀਤਾ ਕਿ ਅਮਰੀਕਾ, ਰੂਸ ਤੋਂ ਤੇਲ ਦੀ ਇੰਪੋਰਟ ਅਤੇ ਗੈਸ ਉੱਤੇ ਪਾਬੰਦੀਆਂ ਲਾਵੇਗਾ, ਪਰ ਉਨ੍ਹਾਂ ਨੇ ਮੰਨਿਆ ਕਿ ਇਸ ਨਾਲ ਅਮਰੀਕੀਆਂ ਦੇ ਲਈ ਗੈਸ ਉੱਤੇ ਲਾਗਤ ਵਧ ਜਾਵੇਗੀ। ਇਹ ਕਾਰਵਾਈ ਯੂਕਰੇਨੀ ਰਾਸ਼ਟਰਪਤੀ ਵੋਲੋਦੀਮੀਰ ਜ਼ੇਲੇਂਸਕੀ ਵੱਲੋਂ ਅਮਰੀਕਾ ਅਤੇ ਹੋਰ ਪੱਛਮੀ ਦੇਸ਼ਾਂ ਤੋਂ ਰੂਸ ਦੀ ਇੰਪੋਰਟਵਿੱਚ ਕਟੌਤੀ ਕਰਨ ਦੀ ਅਪੀਲ ਕਰਨ ਤੋਂ ਬਾਅਦ ਹੋਈ ਹੈ।


ਖਿੜਕੀਆਂ ਅਤੇ ਦਰਵਾਜੇ ਲਗਵਾਓ
Free Estimates



ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼,
ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼,
ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ,
ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
SINGH (TOCHI)
416-454-3031
647-784-8240
Email: tochisangha1@hotmail.com
CANADIAN
GLASS AND WINDOW

# ਪੰਜਾਬੀ ਬੋਲੀ ਦਾ ਮੋਹ!



ਅਜੀਤ ਸਿੰਘ ਰੱਖੜਾ
905 794 7882

ਪੰਜਾਬ ਦੇ ਵਸਨੀਕ ਸਿੱਖ ਧਾਰਮਿਕ ਲੋਕਾਂ ਵਿਚ, ਪੰਜਾਬੀ ਵਾਸਤੇ ਇਕ ਅਥਾਹ ਮੋਹ ਪਾਇਆ ਜਾਂਦਾ ਹੈ ਕਿਓਕਿ ਉਨ੍ਹਾ ਦਾ ਗੁਰੂ ਗ੍ਰੰਥ ਸਾਹਿਬ ਪੰਜਾਬੀ ਵਿਚ ਲਿਖਿਆ ਹੋਇਆ ਹੈ।

ਪੰਜਾਬੀ ਭਾਵੇ, ਪੰਜਾਬ ਖਿਤੇ ਦੀ ਹਜਾਰਾਂ ਸਾਲ ਪੁਰਾਣੀ ਬੋਲੀ ਹੈ ਜਿਸ ਨੂੰ ਸਭ ਧਰਮਾ ਦੇ ਲੋਕ ਬੋਲਦੇ ਸਨ ਅਤੇ ਆਪਣੇ ਇਲਾਕੇ ਵਿਚ ਪ੍ਰਚਲਤ ਲਿਪੀ ਵਿਚ ਲਿਖਦੇ ਸਨ ਪਰ ਪੰਜਾਬੀ ਦੀ ਸੁਰੂਆਤ ਸਿੱਖ ਗੁਰੂਆ ਨਾਲ ਜੋੜੀ ਜਾਂਦੀ ਹੈ। ਮਿਸਾਲ ਲਈ, ਪਾਕਿਸਤਾਨ ਵਿਚ ਪੰਜਾਬੀ ਸ਼ਾਹਮੁਖੀ ਵਿਚ ਲਿਖੀ ਜਾਂਦੀ ਹੈ। ਪਹਿਲੋਂ ਕਈ ਹੋਰ ਲਿਪੀਆ ਵੀ ਪ੍ਰਚਲਤ ਸਨ ਜਿਵੇਂ ਸਿੰਧੀ, ਮੁਲਤਾਨੀ, ਟਾਕਰੀ ਅਤੇ ਸ਼ਿਕਾਰਪੁਰੀ ਆਦਿਕ। ਸਿੱਖ ਇਤਹਾਸ ਅਨੁਸਾਰ ਪੰਜਾਬੀ ਲਿਪੀ ਦਾ ਆਗਾਜ਼ ਗੁਰੂ ਅੰਗਦ ਦੇਵ ਜੀ ਤੋਂ ਹੋਇਆ ਮੰਨਿਆ ਗਿਆ ਹੈ। 35 ਅੱਖਰ ਗੁਰੂ ਅੰਗਦ ਦੇਵ ਜੀ ਨੇ ਰਚੇ ਅਤੇ ਉਨ੍ਹਾ ਤੋਂ ਬਾਅਦ ਸਾਰੀ ਗੁਰਬਾਣੀ ਪੰਜਾਬੀ ਵਿਚ ਲਿਖੀ ਜਾਂਦੀ ਰਹੀ ਹੈ। ਜੋ ਪੋਥੀ ਗੁਰੂ ਨਾਨਕ ਜੀ ਨੇ ਗੁਰੂ ਅੰਗਦ ਦੇਵ ਜੀ ਨੂੰ ਦਿਤੀ ਸੀ ਉਹ ਲੰਡੇ ਲਿਪੀ ਵਿਚ ਲਿਖੀ ਹੋਈ ਸੀ ਜਿਸਦੇ ਬਹੁਤੇ ਅੱਖਰ ਪੰਜਾਬੀ ਲਿਪੀ ਵਰਗੇ ਹੀ ਸਨ। ਗੁਰੂ ਕਾਲ ਤੋਂ ਹੀ ਧਰਮਸਾਲ (ਗੁਰੂ ਘਰ) ਹੋਂਦ ਵਿਚ ਆਏ ਅਤੇ ਜਨ ਸਧਾਰਣ ਲਈ ਸਿੱਖੀ ਦਾ ਕੇਂਦਰ ਬਣੇ। ਹੌਲੀ ਹੌਲੀ ਇਹ ਕੇਂਦਰ ਸਭ ਤਰ੍ਹਾ ਦੀਆ ਜਾਣਕਾਰੀਆ ਦਾ ਸੋਮਾ ਬਣੇ। ਚਾਹੇ ਕੋਈ ਮਸਲਾ ਧਾਰਮਿਕ ਹੈ, ਸਮਾਜਕ ਹੈ ਜਾਂ ਫਿਰ ਰਾਜਨੀਤਕ ਹੈ, ਇਸਦੀ ਚਰਚਾ ਲਈ ਕੇਵਲ ਗੁਰਦੁਆਰੇ ਹੀ ਸਭ ਤੋਂ ਵਧੀਆ ਜਗਾਹ ਮੰਨੇ ਜਾਂਦੇ ਰਹੇ ਹਨ। ਕਾਰਣ? ਉਥੇ ਲੋਕਾਂ ਦਾ ਬਣਿਆ ਬਣਾਇਆ ਇਕਠ ਮਿਲ ਜਾਂਦਾ ਹੈ ਜੋ ਕਿ ਹੋਰ ਕਿਤੇ ਸੰਭਵ ਨਹੀ ਹੁੰਦਾ। ਇਸ ਤਰ੍ਹਾ ਪਿੰਡਾਂ ਸ਼ਹਿਰਾ ਵਿਚ ਸਿੱਖ ਸਮਾਜ ਦਾ ਥੰਮ ਗੁਰਦੁਆਰੇ ਬਣ ਗਏ। ਕਿਸੇ ਵੀ ਪੰਜਾਬੀ ਬੁਲਾਰੇ ਦਾ ਬੋਲਣ ਅਭਿਆਸ ਤਕਰੀਬਨ ਕਿਸੇ ਗੁਰਦੁਆਰੇ ਤੋਂ ਹੀ ਚਾਲੂ ਹੁੰਦਾ ਹੈ। ਗੁਰਦੁਆਰਿਆ ਵਿਚ ਪੰਜਾਬੀ ਜ਼ੁਬਾਨ ਨੂੰ ਉਤਸ਼ਾਹਤ ਕਰਨ ਲਈ ਬਹੁਤ ਪ੍ਰੇਰਣਾ ਦਿਤੀ ਜਾਂਦੀ ਹੈ। ਹੌਲੀ ਹੌਲੀ ਇਸ ਪ੍ਰੇਰਣਾ ਨੇ ਹਰ ਪੰਜਾਬੀ ਹਿਰਦੇ ਵਿਚ ਪੰਜਾਬੀ ਲਈ ਅੰਤਾ ਦਾ ਮੋਹ ਭਰ ਦਿਤਾ ਹੈ। ਭਾਰਤ ਦੀ ਅਜ਼ਾਦੀ ਦੇ ਕੁਝ ਸਾਲਾਂ ਬਾਅਦ ਹੀ ਇਸ ਮੋਹ ਨੇ ਰਾਜਨੀਤਕ ਗਲਿਹਾਰਿਆ ਵਿਚ ਆਪਣੀ ਗੂੰਜ ਪੈਦਾ ਕਰਨੀ ਸੁਰੂ ਕਰ ਦਿਤੀ ਸੀ। ਗੁਰਬਾਣੀ ਅਨੁਸਾਰ ਮੋਹ ਅਵਗੁਣ ਹੈ ਅਤੇ ਪਿਆਰ ਸਦਗੁਣ ਹੈ। ਮੋਹ ਕਬਜਾ ਅਤੇ ਪਿਆਰ ਕਬਜਾ ਰਹਿਤ ਗਿਣਿਆ ਗਿਆ ਹੈ। ਮੋਹ ਬਖੇੜੇ ਅਤੇ ਪਿਆਰ ਅਮਨ ਪੈਦਾ ਕਰਦਾ ਹੈ।

ਨਹਿਰੂ ਦੇ ਕਾਲ ਸਮੇ ਰਾਸ਼ਟਰ ਭਾਸ਼ਾ ਹਿੰਦੀ ਮੁਕਰਰ ਕਰਨ ਲਈ ਲੋਕ ਰਾਏ ਬਣਾਈ ਗਈ। ਮਰਦਮ ਸੁਮਾਰੀ ਵੇਲੇ ਹਿੰਦੂਆ ਨੂੰ ਆਪਣੀ ਜ਼ੁਬਾਨ ਹਿੰਦੀ ਲਿਖਣ ਲਈ ਆਖਿਆ ਗਿਆ। ਮਕਸਦ ਸੀ ਹਿੰਦੀ ਬੋਲਣ ਵਾਲਿਆ ਦੀ ਗਿਣਤੀ ਕਰਨਾ। ਹੈਰਾਨੀ ਹੋਈ ਕਿ ਪੰਜਾਬ ਦੇ ਹਿੰਦੂਆ ਨੇ ਆਪਣੀ ਬੋਲਣ ਭਾਸ਼ਾ ਹਿੰਦੀ ਲਿਖਵਾਈ। ਗੁਰਦੁਆਰਿਆ ਦੀਆ ਸਟੇਜਾਂ ਤੋਂ ਇਸ ਪ੍ਰਤੀ ਵਿਰੋਧ ਹੋਇਆ। ਹਿੰਦੂ ਸਿੱਖ ਵਿਚ ਇਕ ਲਕੀਰ ਜਹੀ ਖਿਚੀ ਗਈ। ਫਲਸਰੂਪ ਜਿੰਮੀਦਾਰਾ ਨੇ ਪਿੰਡਾਂ ਦੇ ਕੰਮੀਆ ਨੂੰ ਜਿਨ੍ਹਾ ਆਪਣੀ ਭਾਸ਼ਾ ਹਿੰਦੀ ਲਿਖਵਾਈ ਸੀ ਨੂੰ ਤੰਗ ਕਰਨਾ ਸੁਰੂ ਕਰ ਦਿਤਾ।


ਆਪਣੇ ਖੇਤਾਂ ਵਿਚ ਹੱਗਣ ਤੋਂ ਮਨਾ ਕਰ ਦਿਤਾ। ਲੋਕ ਗਲੀਆਂ ਵਿਚ ਹੱਗਣ ਲਈ ਮਜ਼ਬੂਰ ਕੀਤੇ ਗਏ। ਉਨ੍ਹਾ ਦਿਨਾ ਤੋਂ ਹੀ ਪੰਜਾਬੀ ਪ੍ਰਤੀ ਆਮ ਲੋਕ ਜਾਗਰੂਕ ਹੋ ਗਏ। ਫਲਸਰੂਪ ਪੰਜਾਬੀ ਸੂਬੇ ਦੀ ਮੰਗ ਉਠੀ ਅਤੇ ਫਿਰ ਪੰਜਾਬੀ ਨੂੰ ਰਾਜਭਾਸ਼ਾ ਦਾ ਦਰਜਾ ਦੇਣ ਦੀ ਅਵਾਜ਼ ਪੈਦਾ ਹੋਈ। ਇਨਹਾਂ ਕਾਰਣਾ ਕਰਕੇ ਉਸ ਮਰਦਮ ਸੁਮਾਰੀ ਵਿਚ ਹਿੰਦੀ ਉਰਦੂ ਅਤੇ ਪੰਜਾਬੀ ਬੋਲਣ ਵਾ-ਲਿਆ ਦੀ ਗਿਣਤੀ ਵਖ ਵਖ ਨਹੀਂ ਦਸੀ ਗਈ ਸੀ ਕਿਓਂਕਿ ਲੋਕਾਂ ਨੇ ਬੋਲੀ ਬਾਰੇ ਸਹੀ ਜਣਕਾਰੀ ਨਹੀਂ ਸੀ ਦਿਤੀ। ਤਿੰਨਾ ਬੋਲੀਆਂ ਦੀ ਸਾਂਝੀ ਗਿਣਤੀ ਦਰਜ ਕੀਤੀ ਗਈ ਜੋ 42,01% ਸੀ। ਉਸ ਸਾਲ ਦੀ ਗਿਣਤੀ ਮੁਤਾਬਿਕ ਭਾਰਤ ਵਿਚ ਕੁਲ 12 ਜ਼ੁਬਾਨਾ ਬੋਲੀਆ ਜਾਂਦੀਆਂ ਸਨ। ਧਰਮਾਂ ਦੀ ਗਣਨਾ ਮੁਤਾਬਿਕ ਉਸ ਸਮੇ ਹਿੰਦੂ ਧਰਮ ਦੇ ਅਨੁਆਈ 84,1% ਸਨ। ਜਦ ਕੋਈ ਮਸਲਾ ਧਰਮ ਨਾਲ ਜੋੜ ਦਿਤਾ ਜਾਵੇ ਫਿਰ ਲੋਕਾਂ ਨੂੰ ਉਸ ਪਾਸੇ ਲਗਾਉਣਾ ਕੋਈ ਔਖਾ ਨਹੀਂ ਰਹਿ ਜਾਂਦਾ। ਜੋ ਬੰਦਾ ਇਸਦਾ ਵਿਰੋਧ ਕਰੇ ਉਸ ਨਾਲ ਨਜਿਠਣਾ ਪੰਜਾਬੀਆਂ ਨੂੰ ਖੂਬ ਆਉਂਦਾ ਹੈ। ਇਸ ਪਰਕ੍ਰਿਆ ਨੂੰ ਧੱਕੜਸ਼ਾਹੀ, ਬਦਮਾਸ਼ੀ ਜਾਂ ਅੰਗਰੇਜ਼ੀ ਵਿਚ ਬੁਲਿੰਗ ਕਹਿੰਦੇ ਹਨ।

ਧਾਰਮਿਕ ਕਟੜ ਪੰਥੀਆ ਨੇ ਇਕ ਹੋਰ ਲਫਜ਼ ਘੜਿਆ ਹੈ। ਉਹ ਹੈ ਸੋਧਾ ਲਾਉਣਾ। ਸੋਧੇ ਵਿਚ ਜਾਨੋ ਮਾਰ ਦੇਣਾ ਵੀ ਸ਼ਾਮਲ ਹੈ।

ਪੰਜਾਬੀ ਦੇ ਬੁਲਾਰੇ ਅਕਸਰ ਇਹ ਕਹਿੰਦੇ ਸੁਣੇ ਜਾਂਦੇ ਹਨ ਕਿ ਪੰਜਾਬੀ ਨੂੰ ਜਿੰਦਾ ਰੱਖਣ ਲਈ, ਹਰ ਮਾ ਬਾਪ ਆਪਣੇ ਬਚਿਆ ਨੂੰ ਪੰਜਾਬੀ ਸਿਖਾਵੇ। ਕਿਹਾ ਜਾਂਦਾ ਹੈ ਕਿ ਜੇਕਰ ਮਾ ਬੋਲੀ ਪੰਜਾਬੀ ਨੂੰ ਭੁਲ ਜਾਵੋਗੇ ਤਾਂ ਕੱਖਾਂ ਵਾਂਗੂ ਰੁਲ ਜਾਵੋਗੇ। ਆਪਣੇ ਵਿਰਸੇ ਨਾਲੋਂ ਟੁਟ ਜਾਵੋਗੇ। ਫਲਸਰੂਪ ਬਹੁਤ ਸਾਰੇ ਗੀਤ ਲਿਖੇ ਗਏ ਕਵਿਤਾਵਾਂ ਲਿਖੀਆ ਗਈਆ ਅਤੇ ਪਿਕਚਰਾਂ ਦੇ ਥੀਮ ਬਣਾਏ ਗਏ। ਅਜ ਕੋਈ ਲੇਖਕ ਪੰਜਾਬੀ ਦੀ ਕਿਤਾਬ ਲਿਖਕੇ ਪੰਜਾਬੀ ਦੀ ਸੇਵਾ ਕਰਦਾ ਹੈ, ਗੀਤਕਾਰ ਪੰਜਾਬੀ ਵਿਚ ਗਾਕੇ ਮਾ ਬੋਲੀ ਦੀ ਅਰਾਧਨਾ ਕਰਦਾ ਹੈ ਅਤੇ ਕੋਈ ਪੰਜਾਬੀ ਪਿਕਚਰ ਬਣਾਕੇ ਮਾਂ ਬੋਲੀ ਦਾ ਸਪੂਤ ਅਖਵਾਉਂਦਾ ਹੈ। ਬਹੁਤ ਸਾਰੇ ਪੰਜਾਬੀ ਲੋਕ ਵਿਦੇਸ਼ਾ ਵਿਚ ਪਹੁੰਚ ਚੁਕੇ ਹਨ। ਉਥੇ ਗੁਰਦੁਆਰੇ ਸਥਾਪਤ ਹੋ ਚੁਕੇ ਹਨ। ਪੰਜਾਬ ਦੀ ਤਰਜ ਉਪਰ ਬਾਹਰਲੇ ਮੁਲਕਾਂ ਵਿਚ ਵੀ ਖਾਸ ਸਿੱਖ ਵਰਗ ਵਿਚ ਪੰਜਾਬੀ ਪ੍ਰਤੀ ਉਹੀ ਜਾਗਰੂਕਤਾ ਵੇਖਣ ਨੂੰ ਮਿਲਦੀ ਹੈ ਸਗੋਂ ਪੰਜਾਬ ਨਾਲੋਂ ਵੀ ਵੱਧ। ਆਪਣੇ ਪੰਜਾਬੀ ਰਾਜਨੀਤਕਾਂ ਨੂੰ ਆਖਿਆ ਜਾਂਦਾ ਹੈ ਕਿ ਸਕੂਲਾਂ ਵਿਚ ਪੰਜਾਬੀ ਪੜਾਉਣ ਦਾ ਬੰਦੋਬਸਤ ਕੀਤਾ ਜਾਵੇ। ਇਸਦੇ ਨਾਲ ਨਾਲ ਕੁਝ ਗੁਰਦੁਆਰਿਆ ਵਿਚ ਪੰਜਾਬੀ ਕਲਾਸਾਂ ਵੀ ਲਗਦੀਆ ਹਨ। ਕਈ ਜਗਾਹ ਪੰਜਾਬੀ ਭਾਈਚਾਰੇ ਵਲੋਂ ਵੀ ਪਬਲਿਕ ਸਕੂਲ ਚਲਾਏ ਜਾ ਰਹੇ ਹਨ। ਸਭ ਕੁਝ ਦੇ ਅਸਰ ਨਾਲ ਵਿਦੇਸ਼ਾ ਵਿਚ ਕਿਤੇ ਕਿਤੇ ਬਚੇ ਪੰਜਾਬੀ ਸਿੱਖ ਰਹੇ ਹਨ। ਇਸ ਤਰ੍ਹਾ ਦੀ ਸਹੂਲਤ ਅਮੂਮਨ ਐਲੀਮੈਂਟਰੀ ਸਕੂਲਾ ਤਕ ਹੀ ਸੀਮਤ ਹੈ, ਉਸਤੋਂ ਬਾਅਦ ਬਚੇ ਦੂਸਰੇ ਸਲੇਬਸ ਵਡੇ ਹੋ ਜਾਣ ਕਾਰਣ ਪੰਜਾਬੀ ਨੂੰ ਅਕਸਰ ਛਡ ਜਾਂਦੇ ਹਨ। ਹੈਰਾਨੀ ਇਸ ਗਲ ਵਿਚ ਹੈ ਕਿ ਟਰਾਂਟੋ ਵਿਚ, ਪੀਲ ਡਿਸਟਰਿਕਟ ਐਜੂਕੇਸ਼ਨ ਬੋਰਡ ਹੇਠ ਚਲ ਰਹੇ 259 ਤੋਂ ਵਧ ਸਕੂਲਾ ਦੇ 156000 ਬਚਿਆ ਵਿਚੋਂ ਪੰਜਾਬੀ ਪੜ੍ਹਨ ਲਈ ਸਿਵਾਏ ਸਿੱਖ ਭਾਈਚਾਰੇ ਵਲੋਂ ਚਲਾਏ ਜਾਂਦੇ ਪ੍ਰਾਈਵੇਟ ਸਕੂਲਾਂ ਦੇ, ਕੋਈ ਹੋਰ ਸਕੂਲ ਤਿਆਰ ਨਹੀਂ। ਜਦਕਿ ਇਹ ਇਲਾਕਾ ਪੰਜਾਬੀਆਂ ਦਾ ਗੜ੍ਹ ਹੈ। ਇਕ ਜਾਣਕਾਰੀ ਅਨੁਸਾਰ, ਜਿਥੇ 20 ਤੋਂ ਵਧ ਬਚੇ ਕਲਾਸ ਵਿਚ ਕਿਸੇ ਬੋਲੀ ਨੂੰ ਸਿੱਖਣਾ ਚਹੁੰਦੇ ਹੋਣ, ਉਥੇ ਉਹ ਸੁਵਿਧਾ ਪੈਦਾ ਕੀਤੀ ਜਾ ਸਕਦੀ ਹੈ।

ਆਓ ਇਸ ਵਿਸ਼ੇ ਦੀ ਡੂੰਘਾਈ ਵਿਚ ਨਜ਼ਰਸਾਨੀ ਕਰੀਏ ਅਤੇ ਧਰਾਤਲੀ ਪਿਛੋਕੜ ਜਾਣੀਏ। ਖੋਜਕਾਰ ਦਸਦੇ ਹਨ ਕਿ ਪੰਜਾਬੀ ਭਾਸ਼ਾ 5000 ਸਾਲ ਤੋਂ ਵੀ ਵਧ ਪੁਰਾਣੀ ਬੋਲੀ ਹੈ। ਗੁਰੂ ਗ੍ਰੰਥ ਸਾਹਿਬ ਵਿਚ ਜਿਨ੍ਹਾ ਭਗਤਾਂ ਦੀ ਬਾਣੀ ਪੰਜਾਬੀ ਵਿਚ ਦਰਜ ਹੈ ਉਹ ਕੇਵਲ ਪੰਜਾਬੀ ਨਹੀਂ ਸਨ ਸਗੋਂ ਉਤਰ ਪ੍ਰਦੇਸ, ਰਾਜਸਥਾਨ, ਵੈਸਟ ਬੰਗਾਲ, ਅਤੇ ਮਹਾਰਾਸ਼ਟਰ ਵਰਗੇ ਦੂਰ ਦੁਰਾਡੇ ਪਰਾਤਾਂ ਤੋਂ ਸਨ। ਇਸਦਾ ਮਤਲਬ ਹੈ ਕਿ ਉਹ ਪੰਜਾਬੀ ਬੋਲਦੇ ਸਨ। ਕਹਿ ਸਕਦੇ ਹਾਂ ਕਿ ਸਮੇ ਨਾਲ ਪੰਜਾਬੀ ਸੁੰਗੜੀ ਹੈ। ਪਿਛੇ ਜਹੇ ਇਕ ਖਬਰ ਆਈ ਸੀ ਕਿ ਪੰਜਾਬੀ ਜ਼ੁਬਾਨ ਮਰ ਰਹੀਆ ਜ਼ੁਬਾਨਾ ਦੀ ਲਿਸਟ ਵਿਚ ਆ ਚੁਕੀ ਹੈ। ਇਸ ਖਬਰ ਨੇ ਬੜੀ ਚਰਚਾ ਕਰਵਾਈ ਸੀ। ਪੰਜਾਬੀ ਦੇ ਹਮਾਇਤੀ ਇਹ ਕਹਿਕੇ ਆਪਣੇ ਆਪ ਨੂੰ ਹੌਸਲਾ ਦੇ ਰਹੇ ਸਨ ਕਿ ਇਹ ਕਦੇ ਨਹੀਂ ਹੋ ਸਕਦਾ। ਜਦ ਤਕ ਗੁਰੂ ਗ੍ਰੰਥ ਸਾਹਿਬ ਇਸ ਸੰਸਾਰ ਵਿਚ ਜੀਵਤ ਹਨ ਉਦੋਂ ਤਕ ਪੰਜਾਬੀ ਦਾ ਵਾਲ ਵਿੰਗਾ ਨਹੀਂ ਹੋ ਸਕਦਾ। ਜਦ ਕਿ ਸਾਹਿ-ਤਕਾਰ ਅਤੇ ਬੁਧੀਜੀਵੀ ਇਸ ਖਬਰ ਨਾਲ ਨਿਰਾਸ਼ ਹੋਏ ਸਨ ਕਿਓ ਕਿ ਇਹ ਗਲ ਸਚ ਜਾਪਦੀ ਹੈ। ਗੈਰ ਪੰਜਾਬੀ ਲੋਕਾਂ ਵਿਚ ਪ੍ਰਚਲਤ ਹੈ ਕਿ ਪੰਜਾਬੀ ਤਾਂ ਗੁਰਦੁਆਰਿਆ ਦੀ ਜ਼ੁਬਾਨ ਹੈ। ਕੇਵਲ ਸਿੱਖਾ ਤਕ ਸੀਮਤ ਹੈ। ਕਈ ਵਿਅੰਗ ਨਾਲ ਇਸਨੂੰ ਉਜੱਡ ਲੋਕਾਂ ਦੀ ਖਰਵੀਂ ਜ਼ੁਬਾਨ ਵੀ ਕਹਿ ਦੇਂਦੇ ਹਨ। ਪੰਜਾਬ ਜੋ ਪੰਜਾਬੀ ਦਾ ਗੜ੍ਹ ਹੈ ਉਥੇ ਪੰਜਾਬੀ ਕੇਵਲ ਸਰਕਾਰੀ ਸਕੂਲਾਂ ਵਿਚ ਪੜ੍ਹਾਈ ਜਾਂਦੀ ਹੈ।

ਪ੍ਰਾਈਵੇਟ ਸਕੂਲਾ ਵਿਚ ਸਭ ਕੁਝ ਅੰਗ੍ਰੇਜ਼ੀ ਵਿਚ ਪੜ੍ਹਾਇਆ ਜਾਂਦਾ ਹੈ। ਇਸ ਸਮੇ ਸਰਕਾਰੀ ਸਕੂਲਾ ਦਾ ਇਹ ਹਾਲ ਹੈ ਕਿ ਨਾ ਤਾਂ ਕੋਈ ਮਾਸਟਰ ਪੜ੍ਹਾਈ ਬਾਰੇ ਸੰਜੀਦਾ ਹੈ ਅਤੇ ਨਾ ਹੀ ਕਲਾਸਾ ਵਿਚ ਚਜਦੇ ਬਚੇ ਪੜ੍ਹਨ ਆਉਂਦੇ ਹਨ। ਹਰ ਮਾਪਾ ਪ੍ਰਾਈਵੇਟ ਸਕੂਲਾ ਨੂੰ ਤਰਜੀਹ ਦੇ ਰਿਹਾ ਹੈ। ਵਡੇ ਸ਼ਹਿਰਾਂ ਵਿਚ ਪੰਜਾਬੀ ਮਾਪੇ ਬਚਿਆ ਨਾਲ ਅੰਗ੍ਰੇਜ਼ੀ ਜਾਂ ਹਿੰਦੀ ਵਿਚ ਗਲ ਕਰਨਾ ਸਹਿਜ ਮਹਿਸੂਸ ਕਰਦੇ ਹਨ, ਕਿਓਂਕਿ ਸਕੂਲਾ ਵਿਚ ਬਚੇ ਹਿੰਦੀ ਅਤੇ ਅੰਗ੍ਰੇਜ਼ੀ ਮਹੌਲ ਵਿਚ ਵਿਚਰਦੇ ਹਨ। ਮਾਪੇ ਸਮਝਦੇ ਹਨ ਕਿ ਮੁਕਾਬਲੇਬਾਜੀ ਦੇ ਯੁਗ ਵਿਚ ਅੰਗ੍ਰੇਜੀ ਤੋਂ ਬਿਨਾ ਸਰ ਨਹੀਂ ਸਕਦਾ। ਜੇ ਬਚੇ ਨੇ ਕੁਝ ਬਣਨਾ ਹੈ ਤਾਂ ਅੰਗ੍ਰੇਜ਼ੀ ਵਿਚ ਨੀਹ ਪੱਕੀ ਹੋਣੀ ਚਾਹੀਏ। ਪੰਜਾਬੀ ਵਿਚ ਉਚ ਸਿਖਸ਼ਾ ਲੈਕੇ ਬੰਦਾ ਸਕੂਲਾਂ ਕਾਲਜਾਂ ਵਿਚ ਅਧਿਆਪਕ ਬਣ ਸਕਦਾ ਹੈ ਲੇਖਕ ਬਣ ਸਕਦਾ ਹੈ ਜਾਂ ਫਿਰ ਧਾਰਮਿਕ ਪ੍ਰਵਕਤਾ ਹੋ ਸਕਦਾ ਹੈ। ਪਰ ਅਜੋਕੇ ਸਾਇੰਸ ਅਤੇ ਕੰਪਿਓਟਰ ਯੁਗ ਦੇ ਖੇਤਰ ਵਿਚ ਜੋ ਜੌਬਾਂ ਆਮ ਨਿਕਲਦੀਆ ਹਨ, ਉਨ੍ਹਾ ਵਾਸਤੇ ਪੰਜਾਬੀ ਉਚਸਿਖਸ਼ਤ ਫਿਟ ਨਹੀਂ ਆਉਂਦੇ। ਪੜ੍ਹਾਈ ਕਰਨ ਦਾ ਮੁਖ ਪ੍ਰਯੋਜਨ ਕੇਵਲ ਰੁਜ਼ਗਾਰ ਵਾਸਤੇ ਤਿਆਰ ਹੋਣਾ ਹੁੰਦਾ ਹੈ। ਅਜ ਦੁਨੀਆ ਬਹੁਤ ਛੋਟੀ ਹੋ ਚੁਕੀ ਹੈ। ਇਕ ਮੁਲਕ ਦੇ ਰੁਜ਼ਗਾਰ ਦਾਤਾ ਦੂਸਰੇ ਮੁਲਕਾਂ ਵਿਚ ਬੈਠੇ ਬੰਦਿਆ ਤੋਂ ਸਸਤੇ ਭਾਅ ਕੰਮ ਕਰਵਾ ਰਹੇ ਹਨ। ਗਲੋਬਲ ਮਾਰਕਿਟ ਵਿਚ ਜਿਥੋਂ ਵੀ ਕੋਈ ਚੀਜ਼ ਸਸਤੀ ਮਿਲਦੀ ਹੈ, ਉਥੋਂ ਗਾਹਕ ਖਰੀਦ ਲੈਦਾ ਹੈ। ਪੰਜਾਬੀ ਅਤੇ ਹਿੰਦੀ ਕਾਰਣ ਜੋ




ਲਕੀਰ 1951 ਵਿਚ ਖਿਚੀ ਗਈ ਸੀ, ਉਸ ਨਾਲ ਜੋ ਭਾਈਚਾਰਕ ਜ਼ਖਮ ਹੋਏ ਅਤੇ ਪੰਜਾਬ ਦੇ ਨੁਕਸਾਨ ਹੋਏ, ਉਹ ਅਜ ਤਕ ਸੁਲਗ ਰਹੇ ਹਨ। ਪੰਜਾਬੀ ਸੂਬੇ ਨਾਲ ਪੰਜਾਬ ਦਾ ਆਕਾਰ ਛੋਟਾ ਹੋ ਗਿਆ।

ਹਰਿਆਣਾ ਪੈਦਾ ਕਰਕੇ ਲੋਕਾਂ ਨੂੰ ਤਿੰਨ ਸੂਬਿਆਂ ਵਿਚ ਵੰਡ ਦਿਤਾ ਗਿਆ । ਚੰਦੀਗੜ੍ਹ ਜੋ ਬਣਿਆ ਹੀ ਪੰਜਾਬ ਦੀ ਰਾਜਧਾਨੀ ਖਾਤਰ ਸੀ ਉਹ ਖੁਸ ਗਿਆ। ਸਰਕਾਰੀ ਸਕੂਲਾਂ ਦਾ ਭੱਠਾ ਬੈਠ ਗਿਆ। ਪੰਜਾਬੀ ਦੇ ਸਰਕਾਰੀਕਰਣ ਹੋਣ ਨਾਲ ਦਫਤਰਾ ਵਿਚ ਤਿੰਨ ਤਿੰਨ ਤਰ੍ਹਾ ਦੇ ਫਾਰਮਾ ਕਾਰਣ (ਪੰਜਾਬੀ ਹਿੰਦੀ ਅਤੇ ਇੰਗਲਿਸ਼) ਕਰਮਚਾਰੀਆ ਅਤੇ ਬਿਨੇਕਾਰਾ ਲਈ ਔਕੜਾ ਬਣ ਗਈਆ। ਇਸ ਸਾਰੀ ਘੜਮਸ ਕਾਰਣ ਪੰਜਾਬ ਦਾ ਅਜ ਬੁਰਾ ਹਾਲ ਹੋ ਚੁਕਾ ਹੈ। ਹਿੰਦੂ ਸਿੱਖ ਪ੍ਰੇਮ ਉਡ ਪੁਡ ਗਿਆ ਹੈ। ਅਲੈਕਸ਼ਨਾ ਸਮੇ, ਧਰਮ, ਜਾਤੀ ਅਤੇ ਇਲਾਕੇ ਮੁਦਾ ਬਣਦੇ ਹਨ। ਅਣਗਿਣਤ ਪਾਰਟੀਆਂ ਬਣ ਚੁਕੀਆ ਹਨ। ਅਲੈਕਸ਼ਨਾ ਦੇ ਕੀ ਨਤੀਜੇ ਨਿਕਲਣਗੇ, ਇਸਦੀ ਕੋਈ ਪੇਸ਼ੀਨਗੋਈ ਨਹੀਂ ਕਰ ਸਕਦਾ।

ਜਰੂਰਤ ਕਾਢ ਦੀ ਮਾਂ ਹੈ। ਲੋਕ-ਮਨ ਦਾ ਵਹਾਓ ਦੂਸਰਿਆ ਦੀਆ ਗਲਾਂ ਵਿਚ ਆਕੇ ਆਪਣਾ ਨੁਕਸਾਨ ਕਰਵਾਉਣ ਵਿਚ ਬਿਲਕੁਲ ਨਹੀਂ ਹੁੰਦਾ। ਇਹ ਵਹਾਓ ਉਧਰ ਹੀ ਜਾਂਦਾ ਹੈ ਜਿਧਰੋਂ ਇਸ ਨੂੰ ਫਾਇਦਾ ਹੁੰਦਾ ਦਿਸੇ। ਅਜ ਹਾਲਾਤ ਇਹ ਹਨ ਕਿ ਸੰਸਾਰ ਦੀ ਇਕੋ ਇਕ ਜ਼ੁਬਾਨ ਅੰਗ੍ਰੇਜੀ ਹੋਣੇ ਜਾ ਰਹੀ ਹੈ। ਚੀਨ ਅਤੇ ਰੂਸ ਵਰਗੇ ਮੁਲਕ ਜੋ ਆਪਣੀਆ ਭਾਸ਼ਾਵਾ ਤੋਂ ਬਾਹਰ ਨਹੀ ਸੀ ਜਾਂਦੇ ਹੁਣ ਅੰਗ੍ਰੇਜ਼ੀ ਦੇ ਟੀਚਰ ਦਰਾਮਦ ਕਰ ਰਹੇ ਹਨ। ਅਮਰੀਕਾ ਕਨੇਡਾ ਅਤੇ ਯੂਕੇ ਤੋਂ ਇਲਾਵਾ ਕਈ ਹੋਰ ਮੁਲਕਾਂ ਨਾਲ ਤਕਨੀਕੀ ਜਾਣਕਾਰੀਆ ਲੈਣ ਦੇਣ ਲਈ ਅੰਗ੍ਰੇਜ਼ੀ ਸਿੱਖਣਾ ਜਰੂਰੀ ਹੋ ਗਿਆ ਹੈ। ਹਰ ਮੁਲਕ ਦੀ ਇਕ ਰਾਸ਼ਟਰੀ ਭਾਸ਼ਾ ਹੋਣਾ ਜਰੂਰੀ ਹੋ ਗਿਆ ਹੈ ਤਾਂ ਜੋ ਸੰਪੂਰਣ ਮੁਲਕ ਦੇ ਨਿਵਾਸੀ ਕੇਂਦਰ ਤੋਂ ਬੋਲੇ ਜਾਂਦੇ ਸੁਨੇਹੇ ਸਮਝ ਸਕਣ। ਸਰਕਾਰਾਂ ਅਤੇ ਲੋਕਾਂ ਵਿਚ ਤਾਲਮੇਲ ਵਧ ਸਕੇ। ਸੂਬਾਈ ਭਾਸ਼ਾ ਕੋਈ ਵੀ ਹੋਵੇ ਪਰ ਰਾਸ਼ਟਰੀ ਭਾਸ਼ਾ ਦਾ ਗਿਆਨ ਹੋਣਾ ਜਰੂਰੀ ਹੋ ਜਾਂਦਾ ਹੈ। ਜਦ ਸੰਸਾਰ ਵਿਚ ਆਵਾਜਾਵੀ ਦੇ ਸਾਧਨ ਸੀਮਤ ਸਨ ਤਾਂ ਹਰ ਖਿਤੇ ਦੀ ਆਪਣੀ ਬੋਲੀ ਹੁੰਦੀ ਸੀ। ਬੰਦਾ ਆਪਣੀ ਬੋਲੀ ਪ੍ਰਤੀ ਸੰਜੀਦਾ ਹੁੰਦਾ ਸੀ। ਦਿਨਚਰੀਆ ਉਸੇ ਬੋਲੀ ਵਿਚ ਬੀਤਦਾ ਸੀ। ਉਸੇ ਬੋਲੀ ਨੂੰ ਮਾਂ ਬੋਲੀ ਕਿਹਾ ਜਾਂਦਾ ਸੀ। ਇਸ ਬੋਲੀ ਨੂੰ ਸਭ ਧਰਮਾ ਦੇ ਲੋਕ ਬੋਲਦੇ ਸਨ।

ਕਦੇ ਕਿਸੇ ਨੂੰ ਛੰਕਾ ਨਹੀਂ ਹੁੰਦੀ ਸੀ ਕਿ ਇਹ ਬੋਲੀ ਕਿਸੇ ਧਰਮ ਦੀ ਹੈ ਜਾਂ ਕਿਸੇ ਖਾਸ ਸਭਿਆਚਾਰ ਦੀ ਹੈ। ਹਰ ਤਰ੍ਹਾ ਦਾ ਬੰਦਾ ਇਸ ਬੋਲੀ ਨੂੰ ਮਾ ਬੋਲੀ ਸਮਝਦਾ ਸੀ। ਜਦ ਇਕ ਮੁਲਕ ਦਾ ਖੋਜਕਾਰ ਜਾਂ ਧਾਰਮਿਕ ਪ੍ਰਚਾਰਕ ਦੂਸਰੇ ਮੁਲਕ ਵਿਚ ਜਾਂਦਾ ਸੀ ਤਾਂ ਉਸਨੂੰ ਉਸ ਮੁਲਕ ਦੀ ਭਾਸ਼ਾ ਦਾ ਗਿਆਨ ਲੈਣਾ ਪੈਂਦਾ ਸੀ। ਐਸੇ ਲੋਕਾਂ ਨੂੰ ਕਈ ਕਈ ਜ਼ੁਬਾਨਾ ਦਾ ਗਿਆਨ ਹੁੰਦਾ ਸੀ ਪਰ ਆਮ ਜੰਤਾ ਆਪਣੀ ਹੀ ਬੋਲੀ ਤਕ ਸੀਮਤ ਰਹਿੰਦੀ ਸੀ। ਜਿਓ ਜਿਓ ਪੜ੍ਹਾਈ ਲਿਖਾਈ ਦਾ ਦੌਰ ਚਾਲੂ ਹੋਇਆ ਤਦ ਤੋਂ ਦੂਸਰੀਆ ਭਾਸ਼ਾਵਾਂ ਦਾ ਗਿਆਨ ਵੀ ਆਮ ਲੋਕਾਂ ਵਿਚ ਵਧਦਾ ਗਿਆ। ਯਾਦ ਰਹੇ, ਅਜਿਹੇ ਗਿਆਨੀਆ ਵਿਚ ਆਪਣੇ ਖਿਤੇ ਦੀ ਜ਼ੁਬਾਨ ਬਾਰੇ ਤੀਖਣ ਪਿਆਰ ਨਹੀਂ ਰਹਿ ਜਾਦਾ। ਉਨ੍ਹਾ ਨੂੰ ਜਰੂਰਤ ਮੁਤਾਬਿਕ ਦੂਸਰੀਆ ਭਾਸ਼ਾਵਾ ਵਿਚ ਬਾਤਚੀਤ ਕਰਨਾ ਬੁਰਾ ਨਹੀਂ ਲਗਦਾ।

ਹੁਣੇ ਹੁਣੇ ਕਿਸਾਨ ਅੰਦੋਲਨ ਸਮੇ ਇਕ ਬੜੀ ਦਿਲਚਸਪ ਗਲ ਉਭਰਕੇ ਸਾਹਮਣੇ ਆਈ ਸੀ। ਪੰਜਾਬੀ ਦੇ ਭਾਸ਼ਣਕਾਰ ਸਟੇਜਾ ਤੋਂ ਹਿੰਦੀ ਵਿਚ ਲੈਕਚਰ ਦੇ ਰਹੇ ਸਨ। ਉਹ ਸਿੱਖ ਜੋ ਕਿਸੇ ਦੂਸਰੇ ਸਿੱਖ ਨੂੰ ਹਿੰਦੀ ਜਾ ਅੰਗ੍ਰੇਜ਼ੀ ਵਿਚ ਗਲ ਕਰਦੇ ਨੂੰ ਟੋਕ ਦੇਂਦੇ ਸਨ, ਖੁਦ ਸਟੇਜਾਂ ਉਪਰ ਹਿੰਦੀ ਬੋਲ ਰਹੇ ਸਨ। ਕਾਰਣ? ਦੇਸ਼ ਦੇ ਦੂਸਰੇ ਸੂਬਿਆ ਦੇ ਕਿਸਾਨਾ ਦਾ ਸਾਥ ਲੈਣ ਲਈ ਇਹ ਕੁਝ ਕਰਨਾ ਜਰੂਰੀ ਹੋ ਗਿਆ ਸੀ। ਕਰੋਨਾ ਕਾਲ ਸਮੇ ਲੋਕ ਇਕੱਠਾ ਉਪਰ ਪਾਬੰਦੀਆ ਲਗੀਆ ਫਲਸਰੂਪ ਵਰਚੂਅਲ ਇਕੱਠ ਕਰਨ ਦੀ ਨੌਬਤ ਬਣੀ। ਅਮੂਮਨ ਔਨ ਲਾਈਨ ਇਕੱਠ ਕਰਨ ਵਾਸਤੇ ਦਿਕਤ ਬਣਦੀ ਹੈ। ਸਭ ਲੋਕਾਂ ਕੋਲ ਇਹ ਸੁਵੀਧਾ ਨਹੀਂ ਹੁੰਦੀ। ਫਲਸਰੂਪ ਦੇਸ਼ ਪਧਰ ਤੇ ਲੋਕਾਂ ਨੂੰ ਇਕਤਰ ਕਰਨ ਲਈ ਆਪਣੀ ਪੰਜਾਬੀ ਜ਼ੁਬਾਨ ਦੀ ਜਗਾਹ ਰਾਸ਼ਟਰੀ ਭਾਸ਼ਾ ਹਿੰਦੀ ਵਿਚ ਬੋਲਣ ਦੀ ਮਜਬੂਰੀ ਬਣੀ ਹੈ। ਰਣਜੀਤ ਸਿੰਘ ਢੰਡਰੀਆ ਵਾਲੇ, ਵਰਗੇ ਕਈ ਪੰਜਾਬੀ ਪ੍ਰਚਾਰਕ ਹਿੰਦੀ ਵਿਚ ਬੋਲਣ ਦਾ ਅਭਿਆਸ ਕਰਨ ਲਗ ਪਏ ਹਨ। ਸਾਫ ਹੋ ਜਾਂਦਾ ਹੈ ਕਿ ਬੰਦੇ ਦੀ ਜਰੂਰਤ ਹੀ ਇਹ ਸਭ ਕੁਝ ਕਰਵਾਉਂਦੀ ਹੈ। ਜਰੂਰਤ ਸਮੇ ਮੋਹ ਮਾਇਆ ਤਿਆਗਣੀ ਪੈਂਦੀ ਹੈ।

ਅਕਾਸ਼ੀ ਅਤੇ ਨਿਰਪੱਖ ਨਜ਼ਰ ਨਾਲ ਇਸ ਸਭ ਕੁਝ ਨੂੰ ਵੇਖਿਆ ਜਾਵੇ ਤਾਂ ਪੰਜਾਬੀ ਨਾਲ ਉਲਾਰ ਕਿਸਮ ਦਾ ਮੋਹ ਵਾਜੁਬ ਨਹੀਂ ਹੈ। ਇਸ ਤਰ੍ਹਾ ਪੰਜਾਬੀ ਕੇਵਲ ਸਿੱਖਾ ਦੀ ਬੋਲੀ ਮੰਨ ਲਈ ਜਾਂਦੀ ਹੈ ਜੋ ਸਚ ਨਹੀਂ ਹੈ। ਪੰਜਾਬੀ ਪ੍ਰਤੀ ਅਵੈੜ ਮੋਹ ਦੂਸਰੇ ਭਾਈਚਾਰਿਆ ਨੂੰ ਰੜਕਦਾ ਹੈ। ਰੀਸੋ ਰੀਸੀ ਉਹ ਵੀ ਧਰਮ ਅਤੇ ਬੋਲੀ ਪੱਖੀ ਕਠੋਰ ਬਣਦੇ ਹਨ। ਸਮੇ ਦੀ ਮੰਗ ਹੈ ਕਿ ਬਿਨਾ ਕਿਸੇ ਪੱਖਪਾਤ ਪੰਜਾਬੀ ਅਤੇ ਹਿੰਦੀ ਪੰਜਾਬ ਦੇ ਹਰ ਸਕੂਲ ਵਿਚ ਪੜ੍ਹਾਈ ਜਾਵੇ ਤਾਂ ਜੋ ਹਰ ਬੱਚਾ ਦੋਨੋ ਜ਼ੁਬਾਨਾ ਪੜ੍ਹ ਲਿਖ ਸਕੇ। ਹਾਈਸਕੂਲ ਤੋਂ ਅਗੇ ਇਹ ਸਬਜੈਕਟ ਆਪਸ਼ਨਲ ਹੋਣ। ਇਕ ਰਾਸ਼ਟਰੀ ਭਾਸ਼ਾ ਹੋਣ ਵਿਚ ਕੋਈ ਬੁਰਾਈ ਨਹੀਂ ਹੈ। ਮੁਲਕ ਦੀ ਇਕਜੁਟਤਾ ਲਈ ਇਹ ਬੜਾ ਜਰੂਰੀ ਹੈ। ਇਸ ਨਾਲ ਜਿਥੇ ਸਰਕਾਰੀ ਖਰਚੇ ਘਟਣਗੇ ਉਥੇ ਆਮ ਲੋਕਾਂ ਦੀ ਸੁਵਿਧਾ ਵਿਚ ਵਾਧਾ ਹੋਵੇਗਾ। ਭਾਰਤ ਦੀ ਰਾਸ਼ਟਰੀਭਾਸ਼ਾ ਵੇਖਣ ਸੁਣਨ ਲਈ ਹਿੰਦੀ ਹੀ ਲਗਦੀ ਹੈ ਪਰ ਇਹ ਸਚ ਨਹੀਂ ਹੈ। ਭਾਰਤ ਦੇ ਸੰਵੀਧਾਨ ਵਿਚ ਭਾਰਤ ਦੀ ਰਾਜਭਾਸ਼ਾ (ਦਫਤਰੀ) ਭਾਵੇ ਹਿੰਦੀ ਲਿਖੀ ਹੋਈ ਹੈ ਪਰ ਇਸ ਨੂੰ ਭਾਰਤ ਦੀ ਨੈਸ਼ਨਲ ਲੈਗੁਏਜ (ਰਾਸ਼ਟਰੀ ਭਾਸ਼ਾ) ਨਹੀਂ ਦਰਸਾਇਆ ਗਿਆ। ਕਿਓਂਕਿ ਰਾਸ਼ਟਰੀ ਭਾਸ਼ਾ ਹਿੰਦੀ ਹੋਣ ਦਾ ਮਤਲਬ ਬਣਦਾ ਹੈ ਕਿ ਰਾਸ਼ਟਰ ਦੇ ਸਭ ਲੋਕ ਹਿੰਦੀ ਬੋਲਦੇ ਹਨ। ਜੋ ਸਚ ਨਹੀਂ ਹੈ। ਇਸ ਪ੍ਰਤੀ ਜਦੋ ਜਹਿਦ ਚਲ ਰਹੀ ਹੈ। ਭਾਰਤੀ ਸਰਕਾਰ ਚਹੁੰਦੀ ਹੈ ਕਿ ਇਸ ਤਰ੍ਹਾ ਹੋ ਜਾਵੇ ਪਰ ਲੋਕਾਂ ਵਿਚ ਇਸ ਬਾਰੇ ਹਾਲਾ ਜਾਗਰੂਕਤਾ ਦੀ ਘਾਟ ਹੈ।

ਕਿਇਸ ਵਿਚ ਕੋਈ ਛਕ ਨਹੀਂ ਕਿ ਕਿਸੇ ਵੀ ਮਾਤਭਾਸ਼ਾ ਦਾ ਆਪਣੀ ਲਿਪੀ ਵਿਚ ਗਿਆਨ ਹੋਣਾ ਬਹੁਤ ਅਹਿਮ ਹੈ। ਉਸ ਖਿਤੇ ਵਿਚ ਬੋਲੇ ਜਾਂਦੇ ਸ਼ਬਦਾ ਦਾ ਗਿਆਨ ਲਿਖਤੀ ਰੂਪ ਵਿਚ ਮਿਲ ਜਾਂਦਾ ਹੈ। ਆਪਣੇ ਵਿਰਸੇ ਦੀ ਜਾਣਕਾਰੀ ਮਿਲਦੀ ਹੈ। ਆਪਣੇ ਸਭਿਆਚਾਰ ਬਾਰੇ ਪਾਠਕ ਨੂੰ ਆਪਣੀ ਜ਼ੁਬਾਨ ਵਿਚ ਲਿਖਿਆ ਮਿਲ ਜਾਂਦਾ ਹੈ। ਕਿਓਂਕਿ ਉਸਦੇ ਲੇਖਕ ਬਹੁਤ ਕੁਝ ਲਿਖ ਜਾਂਦੇ ਹਨ। ਪਰ ਇਸਦੀ ਇਕ ਸੀਮਾ ਹੈ। ਜਿਵੇਂ ਦਸਵੀ ਤਕ ਦੀ ਪੜ੍ਹਾਈ ਦੁਨੀਆਦਾਰੀ ਕਰਨ ਲਈ ਕਾਫੀ ਹੁੰਦੀ ਹੈ। ਕਾਲਜਾਂ ਵਿਚ ਕੀਤੀ ਪੜ੍ਹਾਈ ਕਦੇ ਰੋਜ਼ ਮਰ੍ਹਾ ਜਿੰਦਗੀ ਵਿਚ ਉਨੇ ਕੰਮ ਨਹੀਂ ਆਉਂਦੀ ਜਿਨੀ ਮੈਟਰਿਕ ਤਕ ਕੀਤੀ ਕੰਮ ਆਉਦੀ ਹੈ। ਇਸੇ ਤਰਾਂਹ ਮਾਤਭਾਸ਼ਾ ਦੇ ਗਿਆਨ ਲਈ ਮਿਡਲ ਕਲਾਸਾ ਤਕ ਦੀ ਪੜ੍ਹਾਈ ਕਾਫੀ ਹੁੰਦੀ ਹੈ।

## ਝਾੜੂ ਜੀ ਨੂੰ ਵਧਾਈ ਹੋਵੇ

ਝਾੜੂ ਜੀ ਤੁਸੀਂ ਜਿੱਤੇ ਹੋ ਵਧਾਈ ਹੈ ਇਸ ਵਾਸਤੇ,
ਜਿੱਤਣ ਨਾਲ ਖੁਸ਼ੀ ਤਾਂ ਹੁੰਦੀ ਹੀ ਹੈ,
ਪਰ ਇਸ ਤੋਂ ਜ਼ਿਆਦਾ ਹੈ ਜ਼ੁਮੇਂਵਾਰੀ ਦਾ ਅਹਿਸਾਸ,
ਤੁਹਾਡਾ ਕੰਮ ਹੈ ਸਫ਼ਾਈ ਕਰਨ ਦਾ,
ਸਫ਼ਾਈ ਸ਼ੁਰੂ ਕਰਨ ਵੇਲੇ ਕੁਝ ਗਲਾਂ ਦਾ ਧਿਆਨ ਰਖਣਾ ਹੈ ਜ਼ਰੂਰੀ,
ਇਹ ਕਰਨੀ ਹੈ ਪਹਿਲ ਦੇ ਆਧਾਰ ਤੇ,
ਜਿੱਥੇ ਜਿੱਥੇ ਵੱਧ ਜ਼ਰੂਰੀ ਹੈ ਉਥੋਂ ਹੀ ਸ਼ੁਰੂ ਕਰਨਾ ਜੀ,
ਬਦਲਾ ਲਊ ਨੀਤੀ ਨਾ ਅਪਨਾਉਣਾ ਤੇ ਕੰਮ ਕਰਨ ਦਾ
ਨਹੀਂ ਪਾਉਣਾ ਹੈ ਬਹੁਤਾ ਰੌਲਾ,
ਆਪਣੇ ਮੂੰਹ ਮੀਆਂ ਮਿੱਠੂ ਨਹੀਂ ਬਣਨਾ,
ਤੇ ਇੱਕ ਗੱਲ ਜੋ ਬਹੁਤ ਖਾਸ ਹੈ ਕਿ
ਤੀਲਿਆਂ ਦਾ ਧਿਆਨ ਰੱਖਣਾ ਵੀ ਹੈ ਬਹੁਤ ਜ਼ਰੂਰੀ,
ਇਹ ਕਿਤੇ ਖਿੱਲਰ ਨਾ ਜਾਣ,
ਟੁੱਟ ਨਾ ਜਾਣ,
ਥੱਕ ਨਾ ਜਾਣ ਤੇ ,
ਸਭ ਤੋਂ ਜੋ ਉਪਰ ਹੈ ਉਹ ਇਹ ਹੈ ਕਿ,
ਸਫ਼ਾਈ ਕਰਦੇ ਕਰਦੇ ਕਿਤੇ ਖ਼ੁੱਦ ਗੰਦੇ ਨਾ ਹੋ ਜਾਣ,
ਕਿਤੇ ਖ਼ੁੱਦ ਗੰਦੇ ਨਾ ਹੋ ਜਾਣ!
ਕਿਤੇ ਖ਼ੁੱਦ ਗੰਦੇ ਨਾ ਹੋ ਜਾਣ!!

ਅਮਰਜੀਤ ਕੌਰ,
ਸਟੇਟ ਐਵਾਰਡੀ, ਸੇਵਾ ਮੁਕਤ ਮੁੱਖ ਅਧਿਆਪਕਾ

## ਹਲਕਾ ਫੁਲਕਾ

ਪੱਪੂ ਵਿਆਹ ਦੀ ਰਿਸੈਪਸ਼ਨ ਵਿੱਚ ਆਈਸਕਰੀਮ ਦੇ ਸਟਾਲ ਉੱਤੇ ਖੜ੍ਹਾ ਸੀ ਅਤੇ ਆਈਸਕਰੀਮ ਲਿਜਾਣ ਵਾਲੇ ਹਰ ਵਿਅਕਤੀ ਦੇ ਮੱਥੇ ਉੱਤੇ ਟਿੱਕਾ ਲਾ ਰਿਹਾ ਸੀ। ਇਹ ਦੇਖ ਕੇ ਇੱਕ ਸੱਜਣ ਨੇ ਕਿਹਾ, ''ਵਾਹ! ਤੁਹਾਡੇ ਪਰਵਾਰ ਵਿੱਚ ਇਹ ਬਹੁਤ ਸੁੰਦਰ ਤੇ ਚੰਗਾ ਰਿਵਾਜ਼ ਹੈ, ਬਹੁਤ ਖੁਸ਼ੀ ਹੋਈ ਦੇਖ ਕੇ।''

ਪੱਪੂ, ''ਅੰਕਲ ਜੀ! ਇਹ ਕੋਈ ਰਿਵਾਜ਼ ਨਹੀਂ, ਇਹ ਤਾਂ ਇਸ ਲਈ ਹੈ ਕਿ ਜੇ ਕੋਈ ਦੂਸਰੀ ਵਾਰ ਆਈਕਰੀਮ ਲੈਣ ਆਵੇ ਤਾਂ ਉਸੇ ਵੇਲੇ ਪਤਾ ਲੱਗ ਜਾਂਦਾ ਹੈ।''

*******

ਪਤਨੀ, ''ਸੁਣੋ ਜੀ! ਸਾਡਾ ਵਿਆਹ ਕਰਵਾਉਣ ਵਾਲੇ ਪੰਡਤ ਜੀ ਦਾ ਦਿਹਾਂਤ ਹੋ ਗਿਆ।''

ਪਤੀ, ''ਇੱਕ ਨਾ ਇੱਕ ਦਿਨ ਤਾਂ ਉਸ ਨੂੰ ਕਰਮਾਂ ਦਾ ਫਲ ਮਿਲਣਾ ਹੀ ਸੀ।''

*******

## ਵਿਅੰਗ: ਰਿਪੋਰਟਾਂ ਵਿੱਚ ਰਿਪੋਰਟ ਨਿਲ ਰਿਪੋਰਟ

-ਰਾਜਸ਼ੇਖਰ ਚੌਬੇ

ਜਿਵੇਂ ਭਰੋਸਿਆਂ ਅਤੇ ਵਾਅਦਿਆਂ ਦੇ ਬਿਨਾਂ ਨੇਤਾ ਦੀ ਕਲਪਨਾ ਨਹੀਂ ਕੀਤੀ ਜਾ ਸਕਦੀ, ਉਵੇਂ ਹੀ ਮੀਟਿੰਗ ਅਤੇ ਰਿਪੋਰਟ ਦੇ ਬਿਨਾਂ ਦਫਤਰ ਦੀ ਕਲਪਨਾ ਨਹੀਂ ਹੋ ਸਕਦੀ। ਕਿਹਾ ਜਾਂਦਾ ਹੈ ਕਿ ਇਨਸਾਫ ਨਾ ਕੇਵਲ ਹੋਣਾ ਚਾਹੀਦੈ, ਸਗੋਂ ਹੁੰਦਾ ਦਿੱਸਣਾ ਵੀ ਚਾਹੀਦੈ ਅਤੇ ਕੰਮ ਭਾਵੇਂ ਨਾ ਵੀ ਹੋਵੇ, ਪਰ ਕੰਮ ਹੁੰਦਾ ਦਿੱਸਣਾ ਚਾਹੀਦਾ ਹੈ। ਜ਼ਿਆਦਾਤਰ ਸਰਕਾਰੀ ਮੁਲਾਜ਼ਮ ਇਸੇ ਸੂਤਰ ਉੱਤੇ ਕੰਮ ਕਰਦੇ ਹਨ। ਬਹੁਤੇ ਸਰਕਾਰੀ ਮੁਲਾਜ਼ਮਾਂ ਨੂੰ ਇਹ ਵੀ ਪਤਾ ਹੈ ਕਿ ਉਹ ਭਾਵੇਂ ਕੰਮ ਨਾ ਕਰਨ, ਰਿਪੋਰਟ ਸਮੇਂ ਉੱਤੇ ਪਹੁੰਚ ਜਾਏ। ਇੱਥੇ ਕੰਮ ਦੀ ਬਜਾਏ ਰਿਪੋਰਟ ਨੂੰ ਵੱਧ ਮਹੱਤਵ ਦਿੱਤਾ ਜਾਂਦਾ ਹੈ। ਜੇ ਸਰਵੇ ਕਰਨ ਨੂੰ ਕਿਹਾ ਗਿਆ ਤਾਂ ਯੋਗ ਕਰਮਚਾਰੀ ਨੂੰ ਸਰਵੇ ਉੱਤੇ ਘੱਟ ਅਤੇ ਰਿਪੋਰਟ ਉੱਤੇ ਜ਼ਿਆਦਾ ਧਿਆਨ ਦੇਣਾ ਚਾਹੀਦੈ। ਨਾਕਾਬਲ ਕਰਮਚਾਰੀ ਸਰਵੇ ਉੱਤੇ ਜ਼ਿਆਦਾ ਅਤੇ ਰਿਪੋਰਟ ਉੱਤੇ ਘੱਟ ਧਿਆਨ ਦੇਵੇਗਾ।

ਇੱਕ ਵਾਰ ਦਫਤਰ ਵਿੱਚ ਛੇ ਮਈ ਨੂੰ ਮੇਲ ਆਈ ਕਿ ਰਿਪੋਰਟ ਪੰਜ ਮਈ ਤੱਕ ਜ਼ਰੂਰ ਭੇਜ ਦੇਣ। ਇਹ ਟਿੱਪਣੀ ਵੀ ਸੀ ਕਿ ਤੈਅ ਤਰੀਕ ਦਾ ਵਿਸ਼ੇਸ਼ ਧਿਆਨ ਰੱਖਣਾ। ਅਸੀਂ ਸਾਰੇ ਦੁਚਿੱਤੀ ਵਿੱਚ ਸੀ। ਯੋਗ ਅਧਿਕਾਰੀ ਨੇ ਆਸਾਨ ਹਲ ਸੁਝਾਇਆ, ਰਿਪੋਰਟ ਭਾਵੇਂ ਛੇ ਜਾਂ ਸੱਤ ਮਈ ਨੂੰ ਭੇਜੀ, ਪਰ ਉਸ ਵਿੱਚ ਤਰੀਕ ਪੰਜ ਮਈ ਹੀ ਪਾਉਣਾ। ਇਸ ਸਲਾਹ ਦੇ ਕਾਰਨ ਰਿਪੋਰਟ ਤੈਅ ਤਰੀਕ ਉੱਤੇ ਪਹੁੰਚ ਸਕੀ। ਦਫਤਰ ਦੇ ਹੈੱਡਕੁਆਰਟਰ ਵਿੱਚ ਕਾਗਜ਼ਾਂ ਦੇ ਕਈ ਉਪਯੋਗ ਹੁੰਦੇ ਹਨ, ਜਿਵੇਂ ਸਮੋਸਾ ਖਾਣ ਲਈ, ਚਾਹ ਦੇ ਦਾਗ ਪੂੰਝਣ ਲਈ, ਹਵਾਈ ਜਹਾਜ਼ ਬਣਾ ਕੇ ਉਡਾਉਣ ਲਈ, ਪ੍ਰੰਤੂ ਇਨ੍ਹਾਂ ਕਾਗਜ਼ਾਂ ਉੱਤੇ ਆਮ ਤੌਰ ਉੱਤੇ ਇਹ ਲਿਖਿਆ ਜਾਂਦਾ ਹੈ, ''ਇਸ ਦਫਤਰ ਦੀ ਰਿਪੋਰਟ ਨਿਲ ਸਮਝੀ ਜਾਏ।''

ਸਰਕਾਰੀ ਦਫਤਾਂ ਦੀ ਨੱਬੇ ਫੀਸਦੀ ਰਿਪੋਰਟ ਸਿਫਰ ਯਾਨੀ ਨਿਲ ਹੁੰਦੀ ਹੈ। ਇਸ ਦਾ ਅਰਥ ਹੈ ਕਿ ਜੇ ਤੁਸੀਂ ਨਿਲ ਰਿਪੋਰਟ ਭੇਜਦੇ ਹੋ ਤਾਂ ਉਸ ਦੇ ਸਹੀ ਹੋਣ ਦੀ ਸੰਭਾਵਨਾ ਨੱਬੇ ਫੀਸਦੀ ਹੈ। ਜਿਵੇਂ ਕਿਹਾ ਜਾਂਦਾ ਹੈ, 'ਨੋ ਨਿਊਜ਼ ਇਜ਼ ਗੁਡ ਨਿਊਜ਼' ਓਵੇਂ ਹੀ ਕਿਹਾ ਜਾ ਸਕਦਾ ਹੈ ਕਿ 'ਨਿਲ ਰਿਪੋਰਟ ਇਜ਼ ਗੁਡ ਰਿਪੋਰਟ।' ਸਾਡੇ ਯੋਗ ਅਧਿਕਾਰੀ ਨੇ ਸਮਝਾਇਆ ਕਿ ਕਿਸ ਤਰ੍ਹਾਂ ਦੀ ਰਿਪੋਰਟ ਮੰਗੀ ਜਾਏ ਅਤੇ ਰਿਪੋਰਟ ਤਿਆਰ ਨਹੀਂ ਤਾਂ ਤੈਅ ਤਰੀਕ ਵਿੱਚ ਨਿਲ ਰਿਪੋਰਟ ਰਵਾਨਾ ਕਰ ਦਿਓ। ਕਵਾਇਰੀ ਆਉਣ ਤੱਕ ਸਹੀ ਰਿਪੋਰਟ ਤਿਆਰ ਕਰ ਲਓ। ਸਾਡੇ ਯੋਗ ਮਿੱਤਰ ਨੇ ਇਸ ਅਧਿਕਾਰੀ ਦੀ ਗੱਲ ਪੱਲੇ ਬੰਨ੍ਹ ਲਈ ਅਤੇ ਹਰ ਰਿਪੋਰਟ ਦੀ ਤੁਰੰਤ ਹੀ ਨਿਲ ਰਿਪੋਰਟ ਭੇਜਣ ਲੱਗਾ। ਇੱਕ ਨਿਲ ਰਿਪੋਰਟ ਉੱਤੇ ਤਰਥੱਲੀ ਮਚ ਗਈ ਤੇ ਉੱਚ ਅਧਿਕਾਰੀ ਨੇ ਇਸ ਮਿੱਤਰ ਨੂੰ ਸਿੱਧਾ ਫੋਨ ਕੀਤਾ ਅਤੇ ਕਿਹਾ ਕਿ ਦੁਬਾਰਾ ਹੈੱਡਕੁਆਰਟਰ ਵਿੱਚ ਅਟੈਚ ਕੀਤਾ ਜਾਏਗਾ। ਉਸ ਮਿੱਤਰ ਨੇ ਕੁਝ ਲੈ-ਦੇ ਕੇ ਇਹ ਪੋਸਟਿੰਗ ਹਾਸਲ ਕੀਤੀ ਸੀ। ਉਸ ਨੇ ਘਬਰਾ ਕੇ ਸਾਹਿਬ ਤੋਂ ਪੁੱਛਿਆ,''ਸਰ, ਆਖਰ ਮੇਰੀ ਗਲਤੀ ਕੀ ਹੈ?''

ਸਾਹਿਬ ਨੇ ਹੱਸ ਕੇ ਜਵਾਬ ਦਿੱਤਾ, ਤੁਸੀਂ ਇਹੀ ਗਲਤੀ ਕੀਤੀ ਹੈ ਕਿ ਲਿਸਟ ਆਫ ਅਸੈਸੀ ਦੀ ਨਿਲ ਰਿਪੋਰਟ ਭੇਜ ਦਿੱਤੀ ਹੈ। ਜਦ ਅਸੈਸੀ ਹੀ ਨਹੀਂ ਤਾਂ ਤੁਹਾਡਾ ਉਥੇ ਕੀ ਕੰਮ ਹੈ?''

ਕਹਿਣਾ ਨਾ ਹੋਵੇਗਾ ਕਿ ਉਸ ਮਿੱਤਰ ਦਾ ਇਸ ਨਿਲ ਰਿਪੋਰਟ ਉੱਤੇ ਖਰਚਾ ਵੀ ਨਿਲ ਨਹੀਂ ਰਿਹਾ। ਇੱਕ ਨਿਲ ਰਿਪੋਰਟ ਦੀ ਸਾਨੂੰ ਸਾਰਿਆਂ ਉਡੀਕ ਹੈ ਅਤੇ ਉਹ ਹੈ 'ਪੂਰੇ ਦੇਸ਼ ਤੋਂ ਕੋਰੋਨਾ ਦੀ ਨਿਲ ਰਿਪੋਰਟ।'


## ਜ਼ਰੂਰ ਜਾਣੋ; ਗਿਆਨ ਗੰਗਾ

।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
Sadhna : 11:00 Am - 12:00 PM
Ishwar : 10:00 Am- 11:00 AM
MH One: 4:30 AM- 5:30 AM

Lok Shahi: 8:25 AM - 9:25 AM
Nepal 1: 8:30 PM -9:30 PM
Subharti : 10:30 AM- 11:30 AM
जन तंत्र: 7:30 PM - 8:30 PM
TV-nri 7:30am- 8:30am,TV-nri 8:30pm- 9:30pm

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:

satlokashramcanada@gmail.com
satsahibusa@gmail.com
647-739-4641
346-714-0224

# ਰੂਸ-ਯੂਕਰੇਨ ਜੰਗ ਦੌਰਾਨ ਮੁੱਦਾ ਭਾਰਤ ਦੀ ਗੁੱਟ ਨਿਰਪੱਖਤਾ ਦਾ

ਰੂਸ ਦੇ ਕੋਲ ਚੋਖੇ ਠੋਸ ਕਈ ਬਹਾਨੇ ਹੋਣ ਦੇ ਬਾਵਜੂਦ ਯੂਕਰੇਨ ਉੱਤੇ ਉਸ ਦੇ ਹਮਲੇ ਨੂੰ ਜਾਇਜ਼ ਮੰਨਣ ਲਈ ਮੈਂ ਮਾਨਸਿਕ ਤੌਰ ਉੱਤੇ ਤਿਆਰ ਨਹੀਂ ਹੋ ਸਕਿਆ। ਉਸ ਨੂੰ ਹਮਲਾ ਨਹੀਂ ਸੀ ਕਰਨਾ ਚਾਹੀਦਾ। ਇਸ ਤੋਂ ਉਲਟ ਜਿਹੜੀ ਗੱਲ ਮੈਨੂੰ ਚੁਭ ਰਹੀ ਹੈ, ਉਹ ਇਹ ਕਿ ਜਦੋਂ ਅਮਰੀਕਾ ਨੇ ਬਿਨਾਂ ਯੋਗ ਕਾਰਨਾਂ ਤੋਂ ਕਈ ਦੇਸ਼ਾਂ ਵਿਰੁੱਧ ਏਹੀ ਹਮਲਾਵਰੀ ਕੀਤੀ ਸੀ ਤਾਂ ਰੂਸ ਨੂੰ ਸੰਸਾਰ ਦੀ ਸੱਥ ਵਿੱਚ ਓਸੇ ਤਰ੍ਹਾਂ ਉਸ ਦਾ ਵਿਰੋਧ ਕਰਨ ਦੀ ਲੋੜ ਸੀ, ਜਿਵੇਂ ਅੱਜ ਅਮਰੀਕਾ ਅਤੇ ਉਸ ਦੇ ਹਮਾਇਤੀ ਦੇਸ਼ ਰੂਸ ਦੇ ਖਿਲਾਫ ਕਰੀ ਜਾ ਰਹੇ ਹਨ। ਦੂਸਰੀ ਸੰਸਾਰ ਜੰਗ ਲੱਗਣ ਤਕ ਪਹਿਲੀ ਸੰਸਾਰ ਜੰਗ ਨੂੰ 'ਪਹਿਲੀ' ਕਹਿਣ ਦੀ ਥਾਂ ਸਿਰਫ 'ਸੰਸਾਰ ਜੰਗ' ਆਖਿਆ ਜਾਂਦਾ ਸੀ, ਕਿਉਂਕਿ ਪਤਾ ਨਹੀਂ ਸੀ ਕਿ ਦੂਸਰੀ ਸੰਸਾਰ ਜੰਗ ਲੱਗਣ ਦੀ ਨੌਬਤ ਵੀ ਆ ਜਾਣੀ ਹੈ। ਕਿਸੇ ਹੋਰ ਵੱਡੀ ਜੰਗ ਨੂੰ ਰੋਕਣ ਲਈ ਓਦੋਂ ਲੀਗ ਆਫ ਨੇਸ਼ਨਜ਼ ਬਣਾਈ ਗਈ ਸੀ, ਜਿਸ ਤੋਂ ਜਿਹੜੀ ਆਸ ਸੀ, ਉਹ ਪੂਰੀ ਨਾ ਹੋਈ ਤਾਂ ਦੂਸਰੀ ਸੰਸਾਰ ਜੰਗ ਲੱਗ ਜਾਣ ਪਿੱਛੋਂ ਉਹ ਲੀਗ ਬੇਲੋੜੀ ਮੰਨ ਕੇ ਉਸ ਨੂੰ ਤੋੜਨਾ ਪਿਆ ਸੀ। ਉਸ ਦੇ ਬਾਅਦ ਯੁਨਾਈਟਿਡ ਨੇਸ਼ਨਜ਼ ਆਰਗੇਨਾਈਜ਼ੇਸ਼ਨ (ਯੂ ਐੱਨ ਓ) ਬਣਨ ਦਾ ਸਬੱਬ ਇਸ ਲਈ ਬਣਿਆ ਸੀ ਕਿ ਜਿਹੜਾ ਕੰਮ ਪਹਿਲੀ ਲੀਗ ਆਫ ਨੇਸ਼ਨਜ਼ ਨਹੀਂ ਸੀ ਕਰ ਸਕੀ, ਅਗਲੀ ਕਿਸੇ ਵੀ ਹੋਰ ਜੰਗ ਨੂੰ ਰੋਕਣ ਦਾ ਉਹੋ ਕੰਮ ਯੂ ਐੱਨ ਓ ਕਰੇਗੀ। ਸਮੇਂ ਨੇ ਸਾਬਤ ਕੀਤਾ ਕਿ ਇਹ ਵੀ ਸਿਰਫ ਗੱਪ-ਸ਼ੱਪ ਦਾ ਸੰਸਾਰ ਪੱਧਰ ਦਾ ਅੱਡਾ ਹੀ ਸਾਬਤ ਹੋਈ ਹੈ, ਜ਼ੋਰਾਵਰੀ ਕਰਦੀ ਕਿਸੇ ਧਿਰ ਦੀ ਹਮਲਾਵਰੀ ਰੋਕਣ ਜੋਗੀ ਨਹੀਂ ਨਿਕਲੀ।


ਅਸੀਂ 'ਜ਼ੋਰਾਵਰ ਦਾ ਸੱਤੀਂ ਵੀਹੀਂ ਸੌ' ਦਾ ਮੁਹਾਵਰਾ ਸੁਣਿਆ ਹੋਇਆ ਹੈ। ਅਮਰੀਕਾ ਦੀਆਂ ਸਰਕਾਰਾਂ ਇਤਹਾਸ ਨੂੰ ਮਰਜ਼ੀ ਮੁਤਾਬਕ ਘੁਮਾਉਣ ਦੇ ਯਤਨ ਵਿੱਚ ਯੂ ਐੱਨ ਓ ਨੂੰ ਟਿੱਚ ਜਾਣਦੀਆਂ ਰਹੀਆਂ ਹਨ। ਉਨ੍ਹਾਂ ਦੇ ਖਿਲਾਫ ਜਿਹੜੇ ਵੀ ਮੋੜ ਉੱਤੇ ਕਦੇ ਕਿਸੇ ਕੇਸ ਵਿੱਚ ਯੂ ਐੱਨ ਓ ਦੀ ਕਿਸੇ ਵੀ ਸੰਸਥਾ ਨੇ ਕੋਈ ਫੈਸਲਾ ਉਨ੍ਹਾਂ ਦੀ ਮਰਜ਼ੀ ਦਾ ਨਹੀਂ ਸੀ ਦਿੱਤਾ, ਉਸ ਫੈਸਲੇ ਪਿੱਛੋਂ ਅਮਰੀਕੀ ਹਾਕਮਾਂ ਨੇ ਯੂ ਐੱਨ ਓ ਦੇ ਖਿਲਾਫ ਰੱਜਵੀਂ ਕੌੜ ਕੱਢੀ ਸੀ। ਅਮਰੀਕਾ ਦਾ ਪਿਛਲਾ ਰਾਸ਼ਟਰਪਤੀ ਡੋਨਾਲਡ ਟਰੰਪ ਤਾਂ ਇਸ ਸੰਸਥਾ ਦੇ ਕਈ ਅੰਗਾਂ ਦੀ ਮੈਂਬਰੀ ਤੱਕ ਛੱਡਣ ਤੁਰ ਪਿਆ ਸੀ ਅਤੇ ਸਮੁੱਚੀ ਯੂ ਐੱਨ ਨੂੰ ਛੱਡਣ ਦੀਆਂ ਗੱਲਾਂ ਵੀ ਉਸ ਦੇ ਵਕਤ ਅਮਰੀਕਾ ਵਿੱਚ ਸ਼ੁਰੂ ਹੋ ਗਈਆਂ ਸਨ। ਰੂਸ ਨੇ ਵੀ ਕਈ ਮੌਕਿਆਂ ਉੱਤੇ ਯੂ ਐੱਨ ਓ ਨੂੰ ਟਿੱਚ ਜਾਣਿਆ ਅਤੇ ਚੀਨ ਨੇ ਵੀ ਕਈ ਵਾਰੀ ਇਸ ਤਰ੍ਹਾਂ ਕੀਤਾ ਹੋਇਆ ਹੈ। ਇਸ ਵਿੱਚ ਖਾਸ ਗੱਲ ਇਹ ਹੈ ਕਿ ਯੂ ਐੱਨ ਓ ਨੂੰ ਟਿੱਚ ਜਾਣਨ ਦੀ ਜੁਰਅੱਤ ਕੋਈ ਛੋਟਾ ਦੇਸ਼ ਨਹੀਂ ਕਰਦਾ, ਆਮ ਕਰ ਕੇ ਵੀਟੋ ਤਾਕਤ ਵਾਲੇ ਪੰਜ ਦੇਸ਼ਾਂ ਵਿੱਚੋਂ ਹੀ ਕੋਈ ਕਰਦਾ ਹੈ, ਜਿਨ੍ਹਾਂ ਨੂੰ ਇਸ ਸੰਸਥਾ ਦਾ ਵੱਕਾਰ ਵਧਾਉਣ ਲਈ ਸੰਸਾਰ ਦੀ ਅਗਵਾਈ ਕਰਨੀ ਅਤੇ ਸੰਸਾਰ ਅਮਨ ਕਾਇਮ ਰਹਿਣਾ ਯਕੀਨੀ ਕਰਨ ਲਈ ਹਰ ਕਿਸਮ ਦੀ ਪਹਿਲ-ਕਦਮੀ ਕਰਨੀ ਚਾਹੀਦੀ ਹੈ।

ਰੂਸ ਨੇ ਤਾਜ਼ਾ ਹਮਲਾ ਇਸ ਦਲੀਲ ਨਾਲ ਕੀਤਾ ਹੈ ਕਿ ਯੂਕਰੇਨ ਨੂੰ ਨਾਟੋ ਦੇ ਅਮਰੀਕੀ ਅਗਵਾਈ ਹੇਠਲੇ ਫੌਜੀ ਗੱਠਜੋੜ





ਵਿੱਚ ਮਿਲਾ ਕੇ ਉਸ ਦੀ ਧਰਤੀ ਉੱਤੋਂ ਰੂਸ ਵੱਲ ਸੇਧ ਕੇ ਭਵਿੱਖ ਵਿੱਚ ਐਟਮੀ ਮਿਜ਼ਾਈਲਾਂ ਬੀੜੀਆਂ ਜਾਣ ਦਾ ਸ਼ੱਕ ਹੈ। ਉਸ ਦਾ ਇਹ ਸ਼ੱਕ ਬਾਕੀ ਦੇਸ਼ਾਂ ਅਤੇ ਖਾਸ ਕਰ ਕੇ ਨਾਟੋ ਗੱਠਜੋੜ ਨੂੰ ਦੂਰ ਕਰਨਾ ਚਾਹੀਦਾ ਅਤੇ ਇਸ



ਜਤਿੰਦਰ ਪੰਨੂ

ਮਾਮਲੇ ਵਿੱਚ ਇਹ ਯਕੀਨ ਦਿਵਾਉਣਾ ਚਾਹੀਦਾ ਸੀ ਕਿ ਓਥੇ ਏਦਾਂ ਦਾ ਕੁਝ ਨਹੀਂ ਹੋਵੇਗਾ। ਉਨ੍ਹਾਂ ਨੇ ਇਸ ਦੀ ਲੋੜ ਨਹੀਂ ਸਮਝੀ, ਸਗੋਂ ਯੂਕਰੇਨ ਨੂੰ ਇਹ ਕਹਿ ਕੇ ਉਕਸਾਈ ਗਏ ਸਨ ਕਿ ਉਸ ਨੂੰ ਡਰਨ ਦੀ ਲੋੜ ਨਹੀਂ, ਸਾਰੇ ਨਾਟੋ ਦੇਸ਼ ਉਸ ਦੀ ਪਿੱਠ ਉੱਤੇ ਆਉਣ ਨੂੰ ਤਿਆਰ ਹਨ। ਜਦੋਂ ਯੂਕਰੇਨ ਉੱਤੇ ਰੂਸ ਨੇ ਹਮਲਾ ਕੀਤਾ ਤਾਂ ਇਨ੍ਹਾਂ ਦੇਸ਼ਾਂ ਵਿੱਚੋਂ ਕੋਈ ਯੂਕਰੇਨ ਵਿੱਚ ਲੜਨ ਨਹੀਂ ਆਇਆ, ਅਤੇ ਇਸ ਤਰ੍ਹਾਂ ਚੰਗਾ ਹੀ ਹੋਇਆ ਹੈ, ਵਰਨਾ ਗੱਲ ਹੋਰ ਵਧਣ ਦਾ ਡਰ ਸੀ, ਪਰ ਜਿਨ੍ਹਾਂ ਨੇ ਉਸ ਛੋਟੇ ਜਿਹੇ ਦੇਸ਼ ਨੂੰ ਆਪਣੇ ਗਵਾਂਢ ਵਿੱਚ ਖੜੋਤੀ ਇੱਕ ਵੱਡੀ ਤਾਕਤ ਨਾਲ ਲੜਨ ਨੂੰ ਉਕਸਾਇਆ ਸੀ ਤੇ ਇਹ ਹਾਲਾਤ ਬਣਾਏ ਸਨ, ਉਹ ਆਪਣੀ ਗਲਤੀ ਕਦੇ ਨਹੀਂ ਮੰਨਣਗੇ। ਇਸ ਦੀ ਥਾਂ ਉਹ ਯੂ ਐੱਨ ਓ ਨੂੰ ਵਰਤਣ ਤੇ ਰੂਸ ਨੂੰ ਕਟਹਿਰੇ ਵਿੱਚ ਖੜੇ ਕਰਨ ਲਈ ਤਾਣ ਲਾ ਰਹੇ ਹਨ, ਜਿਸ ਵਿੱਚ ਅਮਰੀਕੀ ਦਬਾਅ ਹੇਠਲੇ ਸੰਸਾਰ ਦੇ ਦੇਸ਼ ਉਨ੍ਹਾਂ ਨਾਲ ਖੜੇ ਵੀ ਹੋ ਗਏ, ਪਰ ਸੰਸਾਰ ਦੇ ਸਾਰੇ ਦੇਸ਼ ਇਸ ਨਾਲ ਸਹਿਮਤ ਨਹੀਂ ਹੋ ਸਕੇ। ਰੂਸ ਦੇ ਖਿਲਾਫ ਮਤੇ ਪੇਸ਼ ਹੋਏ ਤਾਂ ਭਾਰਤ ਨੇ ਹਮਾਇਤ ਜਾਂ ਵਿਰੋਧ ਕਰਨ ਦੀ ਥਾਂ ਵੋਟਿੰਗ ਤੋਂ ਲਾਂਭੇ ਰਹਿਣ ਦਾ ਪੈਂਤੜਾ ਮੱਲ ਲਿਆ, ਜਿਸ ਨਾਲ ਅਮਰੀਕਾ ਦੇ ਕਈ ਭਗਤ ਨਾਰਾਜ਼ ਹੋ ਗਏ, ਪਰ ਉਹ ਇਹ ਨਹੀਂ ਵੇਖ ਸਕੇ ਕਿ ਜਿਸ ਪਾਕਿਸਤਾਨ ਖਾਤਰ ਅਮਰੀਕਾ ਬਹੁਤ ਵਾਰੀ ਭਾਰਤ ਦੇ ਖਿਲਾਫ ਯੂ ਐੱਨ ਓ ਵਿੱਚ ਖੜੋਂਦਾ ਰਿਹਾ ਸੀ, ਉਹ ਪਾਕਿਸਤਾਨ ਵੀ ਉਸ ਨਾਲ ਖੜਾ ਨਹੀਂ ਹੋਇਆ। ਇਸ ਸੰਬੰਧ ਵਿੱਚ ਇਹ ਦਲੀਲ ਦਿੱਤੀ ਜਾ ਰਹੀ ਹੈ ਕਿ ਡੋਨਾਲਡ ਟਰੰਪ ਦੇ ਵਕਤ ਅਮਰੀਕਾ ਅਤੇ ਪਾਕਿਸਤਾਨ ਦੇ ਸੰਬੰਧ ਕੁਝ ਖਰਾਬ ਹੋ ਗਏ ਸਨ, ਪਰ ਇਹ ਗੱਲ ਭੁਲਾ ਦਿੱਤੀ ਜਾਂਦੀ ਹੈ ਕਿ ਅਫਗਾਨਿਸਤਾਨ ਵਿੱਚ ਆਪਣੀਆਂ ਲੋੜਾਂ ਲਈ ਅਮਰੀਕੀ ਫੌਜ ਨੂੰ ਅੱਜ ਵੀ ਪਾਕਿਸਤਾਨ ਆਪਣੀਆਂ ਸਾਰੀਆਂ ਫੌਜੀ ਸਹੂਲਤਾਂ ਦੇਈ ਜਾਂਦਾ ਹੈ। ਅਮਰੀਕੀ ਬਲਾਕ ਵੱਲੋਂ ਰੂਸ ਵਿਰੁੱਧ ਪੇਸ਼ ਕੀਤੇ ਮਤਿਆਂ ਵੇਲੇ ਬੰਗਲਾ ਦੇਸ਼ ਤੇ ਕੁਝ ਹੋਰਨਾਂ ਨੇ ਵੀ ਭਾਰਤ ਵਾਲਾ ਪੈਂਤੜਾ ਹੀ ਲਿਆ ਹੈ। ਭਾਰਤ ਦੇ ਇਸ ਪੈਂਤੜੇ ਦਾ ਵਿਰੋਧ ਕਰਨ ਵਾਲੇ ਲੋਕ ਇਸ ਮੁੱਦੇ ਉੱਤੇ ਭਾਰਤ ਵਾਲਾ ਪੈਂਤੜਾ ਲੈਣ ਵਾਲੇ ਕਿਸੇ ਹੋਰ ਦੇਸ਼ ਦੇ ਖਿਲਾਫ ਏਹੋ ਜਿਹੀ ਨੁਕਤਾਚੀਨੀ ਨਹੀਂ ਕਰਦੇ ਅਤੇ ਯੂਕਰੇਨ ਵਿੱਚ ਫਸੇ ਨੌਜਵਾਨਾਂ ਦੇ ਦੁੱਖਾਂ ਨੂੰ ਭਾਰਤ ਦੇ ਪੈਂਤੜੇ ਨਾਲ ਜੋੜ ਰਹੇ ਹਨ।

ਭਾਰਤ ਦੇ ਅੱਜ ਵਾਲੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀਆਂ ਕਈ ਗੱਲਾਂ ਦੇ ਅਸੀਂ ਲੋਕ ਵੀ ਵਿਰੋਧੀ ਹੋ ਸਕਦੇ ਹਾਂ, ਪਰ ਇਸ ਜੰਗ ਵਾਲੇ ਮਾਮਲੇ ਵਿੱਚ ਭਾਰਤ ਦੀ ਨਿਰਪੱਖਤਾ ਹੀ ਸਹੀ ਹੈ। ਇਹ ਯਾਦ ਰੱਖਣਾ ਚਾਹੀਦਾ ਹੈ ਕਿ ਭਾਰਤ ਦੀ ਆਜ਼ਾਦੀ ਅਤੇ ਦੇਸ਼ ਦੀ ਵੰਡ ਦੇ ਬਾਅਦ ਨਵੇਂ ਜਨਮੇ ਦੇਸ਼ ਪਾਕਿਸਤਾਨ ਦੇ ਪੱਖ ਵਿੱਚ ਯੂ ਐੱਨ ਓ ਵਿੱਚ ਜਦੋਂ ਕਦੇ ਕੋਈ ਮਤਾ ਭਾਰਤ ਦੇ ਖਿਲਾਫ ਪੇਸ਼ ਹੋਇਆ, ਰੂਸ ਨੇ ਪਿਛਲੇ ਕਮਿਊਨਿਸਟ ਰਾਜ ਵੇਲੇ ਵੀ ਅਤੇ ਅਜੋਕੇ ਵਲਾਦੀਮੀਰ ਪੂਤਿਨ ਵਾਲੇ ਗੈਰ ਕਮਿਊਨਿਸਟ ਦੌਰ ਵਿੱਚ ਵੀ ਹਮੇਸ਼ਾ ਭਾਰਤ ਦੇ ਪੱਖ ਵਿੱਚ ਸਟੈਂਡ ਲਿਆ ਹੈ। ਔਕੜ ਦੇ ਵਕਤ ਪਰਖੇ ਹੋਏ ਏਦਾਂ ਦੇ ਮਿੱਤਰ ਦੇਸ਼ ਦੇ ਕਿਸੇ ਕਦਮ ਨਾਲ ਸਹਿਮਤੀ ਨਾ ਵੀ ਹੋਵੇ ਤਾਂ ਉਸ ਨਾਲ ਗੱਲ ਕੀਤੀ ਜਾ ਸਕਦੀ ਹੈ, ਪਰ ਉਸ ਦੇ ਵਿਰੁੱਧ ਉਨ੍ਹਾਂ ਦੇਸ਼ਾਂ ਨਾਲ ਖੜੇ ਹੋਣਾ ਔਖਾ ਹੋ ਜਾਂਦਾ ਹੈ, ਜਿਨ੍ਹਾਂ ਨੇ ਹਮੇਸ਼ਾ ਭਾਰਤ ਦਾ ਵਿਰੋਧ ਕੀਤਾ ਹੈ। ਭਾਰਤ ਅੱਧੀ ਸਦੀ ਤੋਂ ਵੱਧ ਸਮਾਂ ਸੰਸਾਰ ਰਾਜਨੀਤੀ ਵਿੱਚ ਗੁੱਟ-ਨਿਰਪੱਖ ਰਿਹਾ ਹੈ ਅਤੇ ਉਸ ਦੌਰ ਵਿੱਚ ਇਸ ਦੀ ਇੱਜ਼ਤ ਵੀ ਅਜੋਕੇ ਦੌਰ ਨਾਲੋਂ ਹਮੇਸ਼ਾ ਵੱਧ ਹੁੰਦੀ ਸੀ। ਇਸ ਨੂੰ ਉਹ ਭੂਮਿਕਾ ਫਿਰ ਨਿਭਾਉਣ ਦੀ ਲੋੜ ਹੈ। ਕਿਸੇ ਵਕਤੀ ਭੜਕਾਹਟ ਕਾਰਨ ਭਾਰਤ ਨੂੰ ਕਿਸੇ ਨਾਟੋ ਵਰਗੇ ਫੌਜੀ ਗੱਠਜੋੜ ਨੂੰ ਚਲਾਉਣ ਵਾਲਿਆਂ ਦਾ ਪਿਛਲੱਗ ਨਹੀਂ ਬਣਨਾ ਚਾਹੀਦਾ।

ਸਾਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਜਦੋਂ ਅਮਰੀਕਾ ਨੇ ਅਫਗਾਨਿਸਤਾਨ ਵਿੱਚ ਲੜਨ ਜਾਣਾ ਸੀ ਤਾਂ ਉਸ ਵੇਲੇ ਦੇ ਅਮਰੀਕੀ ਰਾਸ਼ਟਰਪਤੀ ਨੇ ਕਿਹਾ ਸੀ ਕਿ ਜਿਹੜਾ ਅਮਰੀਕਾ ਨਾਲ ਨਹੀਂ, ਉਹ ਸਾਡਾ ਦੁਸ਼ਮਣ ਨਾਲ ਮੰਨਿਆ ਜਾਵੇਗਾ। ਇਸ ਘੂਰੀ ਹੇਠ ਉਸ ਵੇਲੇ ਦੀ ਭਾਰਤ ਸਰਕਾਰ ਨੇ ਝੱਟ ਉਸ ਦਾ ਸਾਥ ਦੇਣ ਦਾ ਐਲਾਨ ਕਰ ਦਿੱਤਾ ਸੀ, ਪਰ ਓਦੋਂ ਵੀ ਭਾਰਤ ਦੇ ਲੋਕਾਂ ਦੀ ਬਹੁ-ਗਿਣਤੀ ਇਹ ਸਮਝਦੀ ਸੀ ਕਿ ਹਾਲਾਤ ਜੋ ਵੀ ਹੋਣ, ਭਾਰਤ ਨੂੰ ਬੇਗਾਨੀ ਜੰਗ ਵਿੱਚ ਆਪਣਾ ਸਿਰ ਨਹੀਂ ਫਸਾਉਣਾ ਚਾਹੀਦਾ। ਭਾਰਤ ਦੇ ਲੋਕ ਅੱਜ ਵੀ ਇਹੋ ਚਾਹੁਣਗੇ। ਕਮਿਊਨਿਸਟ ਬਲਾਕ ਦੀ ਹੋਂਦ ਖਤਮ ਹੋਣ ਦੇ ਬਾਅਦ ਬੇਸ਼ੱਕ ਇਹ ਕਿਹਾ ਜਾ ਰਿਹਾ ਹੈ ਕਿ ਇਸ ਵੇਲੇ ਦੁਨੀਆ ਵਿੱਚ ਇੱਕੋ ਮਹਾਂਸ਼ਕਤੀ ਅਮਰੀਕਾ ਰਹਿ ਗਿਆ ਹੈ, ਪਰ ਅਮਲ ਵਿੱਚ ਅੱਜ ਵੀ ਅਮਰੀਕਾ ਤੇ ਰੂਸ ਦੋ ਮਹਾਂਸ਼ਕਤੀਆਂ ਦੀ ਹੋਂਦ ਕਾਇਮ ਹੈ ਤੇ ਇਸ ਨਾਲ ਇੱਕ ਹੋਰ ਮਹਾਂਸ਼ਕਤੀ ਚੀਨ ਲਗਾਤਾਰ ਆਪਣੇ ਉਭਾਰ ਦੇ ਸਬੂਤ ਦੇ ਰਿਹਾ ਹੈ। ਸੰਸਾਰ ਮਹਾਂਸ਼ਕਤੀਆਂ ਨੇ ਜਦੋਂ ਵੱਡੀ ਲੜਾਈ, ਜਿਸ ਨੂੰ 'ਸੰਸਾਰ ਜੰਗ' ਕਹਿੰਦੇ ਸਨ, ਲੜੀ ਸੀ, ਉਸ ਦਾ ਕਾਰਨ ਮਾਲ ਵੇਚਣ ਲਈ ਮੰਡੀਆਂ ਮੰਨੇ ਜਾਂਦੇ ਦੇਸ਼ਾਂ ਉੱਤੇ ਕਬਜ਼ੇ ਦੀ ਸੋਚ ਸੀ ਤੇ ਏਦਾਂ ਦੀ ਸੋਚ ਅਜੇ ਕਾਇਮ ਹੈ। ਜਦੋਂ ਅਮਰੀਕਾ ਦੇ ਇੱਕ ਇਸ਼ਾਰੇ ਉੱਤੇ ਸੰਸਾਰ ਦੀਆਂ ਪ੍ਰਮੁੱਖ ਟੈਕਨੀਕ ਵਾਲੀਆਂ ਕੰਪਨੀਆਂ ਕਿਸੇ ਦੇਸ਼ ਵਿਰੁੱਧ ਪਾਬੰਦੀਆ ਲਾਉਣ ਤੁਰ ਪੈਂਦੀਆਂ ਹਨ ਤਾਂ ਇਸ ਦਾ ਅਰਥ ਵੀ ਦੁਨੀਆ ਦੇ ਦੇਸ਼ਾਂ ਨੂੰ ਸਮਝ ਪੈਣਾ ਚਾਹੀਦਾ ਹੈ। ਇਹ ਸੰਸਾਰ ਪੱਧਰ ਦੀ ਉਸ ਖਿੱਚੋਤਾਣ ਦਾ ਪਹਿਲਾ ਪੜਾਅ ਹੈ, ਜਿਸ ਦਾ ਅਗਲਾ ਪੜਾਅ ਤੀਸਰੀ ਸੰਸਾਰ ਜੰਗ ਹੋ ਸਕਦਾ ਹੈ। ਭਾਰਤ ਨੂੰ ਉਸ ਤੋਂ ਬਚਣ ਦੀ ਲੋੜ ਹੈ। ਯੂ ਐੱਨ ਨਾਕਾਮ ਹੋਈ ਹੈ, ਉਸ ਦੇ ਪੱਲੇ ਕੁਝ ਨਹੀਂ ਰਿਹਾ ਜਾਪਦਾ, ਇਸ ਲਈ ਹਰ ਤਰ੍ਹਾਂ ਦੀ ਬਹਿਸ ਅਮਰੀਕਾ ਦੀ ਅੱਖ ਦੇ ਇਸ਼ਾਰੇ ਮੁਤਾਬਕ ਹੁੰਦੀ ਜਾਪਣ ਲੱਗੀ ਹੈ। ਇਹ ਅੱਖ ਦਾ ਇਸ਼ਾਰਾ ਬਹੁਤ ਖਤਰਨਾਕ ਹੋ ਸਕਦਾ ਹੈ ਅਤੇ ਵਿਕਾਸ ਕਰਦੇ ਦੇਸ਼ਾਂ ਵਾਲਿਆਂ ਨੂੰ ਏਦਾਂ ਦੇ ਇਸ਼ਾਰਿਆਂ ਅੱਗੇ ਸਾਬਤ ਕਦਮੀ ਨਾਲ ਟਿਕਣ ਦੀ ਲੋੜ ਹੈ, ਇਸ ਵੇਲੇ ਥਿੜਕਣਾ ਭਵਿੱਖ ਵਿੱਚ ਮਹਿੰਗਾ ਪੈ ਸਕਦਾ ਹੈ।

# ਸਮਾਂ ਸਭ ਤੋਂ ਵੱਡੀ ਪੂੰਜੀ ਹੈ

ਜ਼ਿੰਦਗੀ ਨਾਲ ਜੁੜੀਆਂ ਕਈ ਚੁਣੌਤੀਆਂ ਦੇ ਵਿਚਕਾਰ, ਅਜੋਕੇ ਹਾਲਾਤਾਂ ਵਿੱਚ ਆਪਣੀ ਹੋਂਦ ਨੂੰ ਸਹੀ ਢੰਗ ਨਾਲ ਬਣਾਈ ਰੱਖਣਾ ਵੀ ਇੱਕ ਸਮੱਸਿਆ ਹੈ, ਜਿਸ ਨੂੰ ਲਗਭਗ ਹਰ ਵਿਅਕਤੀ ਹਰ ਪਲ ਮਹਿਸੂਸ ਕਰਦਾ ਹੈ। ਅਸੀਂ ਕਿਤਾਬਾਂ ਵਿੱਚ ਕਈ ਥਾਂ ਪੜ੍ਹਿਆ ਹੈ, ਕਈ ਵਾਰ ਯਾਦ ਕਰਵਾਇਆ ਹੈ ਕਿ ਰੱਬ ਅੱਗੇ ਅਰਦਾਸ ਕਰਦੇ ਹੋਏ ਵੀ ਅੱਜ ਦੇ ਦਿਨ ਦੀਆਂ ਖੁਸ਼ੀਆਂ ਹੀ ਮੰਗਣੀਆਂ ਚਾਹੀਦੀਆਂ ਹਨ। ਯਾਨੀ ਜੇ ਅੱਜ ਦੀ ਰੋਟੀ ਮਿਲ ਜਾਵੇ ਤਾਂ ਅੱਜ ਦਾ ਦਿਨ ਬਿਨਾਂ ਕਿਸੇ ਦੁੱਖ-ਦਰਦ ਦੇ ਲੰਘ ਜਾਵੇ। ਇਹ ਵੀ ਸੱਚ ਹੈ ਕਿ ਕੀ ਅੱਜ ਦੀਆਂ ਮੁਸ਼ਕਲਾਂ ਅਤੇ ਜ਼ੁੰਮੇਵਾਰੀਆਂ ਘੱਟ ਹਨ ਕਿ ਅਸੀਂ ਅਤੀਤ ਅਤੇ ਭਵਿੱਖ ਦਾ ਬੋਝ ਆਪਣੇ ਆਪ 'ਤੇ ਥੋਪ ਕੇ ਆਪਣੇ ਆਪ ਨੂੰ ਪੂਰੀ ਤਰ੍ਹਾਂ ਥਕਾ ਦੇਈਏ।

ਅੱਜ ਦੇ ਸਮੇਂ ਵਿਚ ਰਹਿਣਾ ਨਿਸ਼ਚਿਤ ਤੌਰ 'ਤੇ ਮਹੱਤਵਪੂਰਨ ਹੈ। ਪਰ ਇਹ ਵੀ ਸੰਭਵ ਨਹੀਂ ਹੈ ਕਿ ਅੱਜ ਦੇ ਆਪਾ-ਧਾਪੀ ਦੀ ਖ਼ਾਤਰ ਅਸੀਂ ਭਵਿੱਖ ਲਈ ਕੋਈ ਵਿਉਂਤਬੰਦੀ ਨਾ ਕਰੀਏ ਜਾਂ ਅਤੀਤ ਤੋਂ ਕੋਈ ਸਬਕ ਨਾ ਲਾਈਏ। ਪਰ ਭਵਿੱਖ ਦੀ ਨੀਂਹ ਵਰਤਮਾਨ ਦੀ ਧਰਤੀ 'ਤੇ ਹੀ ਰੱਖੀ ਜਾ ਸਕਦੀ ਹੈ ਅਤੇ ਅਤੀਤ ਦੇ ਸਬਕ ਵੀ ਇੱਥੇ ਪੜ੍ਹਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਇਹ ਕਹਿਣਾ ਗਲਤ ਨਹੀਂ ਹੋਵੇਗਾ ਕਿ ਜੇਕਰ ਅਤੀਤ ਅਤੇ ਭਵਿੱਖ ਸਾਡੇ ਵਿਚਾਰਾਂ ਵਿੱਚ ਹੈ ਤਾਂ ਵਰਤਮਾਨ ਸਾਡੀ ਮਿਹਨਤ ਅਤੇ ਜ਼ਮੀਰ ਵਿੱਚ ਹੈ। ਅਜਿਹੀ ਸਥਿਤੀ ਵਿੱਚ ਅੱਜ ਹਾਰਨਾ ਸਾਡਾ ਸਭ ਤੋਂ ਵੱਡਾ ਨੁਕਸਾਨ ਕਿਹਾ ਜਾ ਸਕਦਾ ਹੈ।

ਭਵਿੱਖ ਦੇ ਸੁਪਨਿਆਂ ਨੂੰ ਪਾਲਦੇ ਹੋਏ ਅਸੀਂ ਅਕਸਰ ਇੰਨੇ ਗੁਆਚ ਜਾਂਦੇ ਹਾਂ ਕਿ ਅਸੀਂ ਭੁੱਲ



ਜਾਂਦੇ ਹਾਂ ਕਿ ਅੱਜ ਸਾਨੂੰ ਕੁਝ ਵੀ ਪ੍ਰਾਪਤ ਕਰਨ ਲਈ ਸਰਗਰਮ ਅਤੇ ਸਰਗਰਮ ਹੋਣ ਦੀ ਲੋੜ ਹੈ। ਇਸ ਦੇ ਨਾਲ ਹੀ ਅਤੀਤ ਵਿੱਚ ਰਹਿਣਾ ਕਿਸੇ ਨਸ਼ੇ ਤੋਂ ਘੱਟ ਨਹੀਂ ਹੈ। ਦੋਨਾਂ ਮੂਡਾਂ ਵਿੱਚ ਲੀਨ ਹੋਣਾ ਸਾਨੂੰ ਪੈਸਿਵ ਅਤੇ ਉਦਾਸ ਬਣਾ ਸਕਦਾ ਹੈ। ਇਸ ਤੋਂ ਬਚਣ ਲਈ ਸ਼ਾਇਦ ਸਾਨੂੰ ਵਰਤਮਾਨ ਨੂੰ ਪੂਰਾ ਮੁੱਲ ਦੇਣ ਦੀ ਲੋੜ ਹੈ।

ਹਾਲਾਂਕਿ, ਵਰਤਮਾਨ 'ਤੇ ਪੂਰੀ ਤਰ੍ਹਾਂ ਕੇਂਦ੍ਰਿਤ ਹੋਣਾ ਇੰਨਾ ਆਸਾਨ ਨਹੀਂ ਹੈ। ਕੁਦਰਤੀ ਤੌਰ 'ਤੇ ਮਨੁੱਖ ਇੱਕ ਸਮਾਜਿਕ ਜਾਨਵਰ ਹੈ ਅਤੇ ਉਸਦਾ ਜੀਵਨ ਬਹੁਤ ਸਾਰੇ ਸਿੱਧੇ ਅਤੇ ਅਸਿੱਧੇ ਸਰੋਤਾਂ ਦੁਆਰਾ ਨਿਯੰਤਰਿਤ ਹੁੰਦਾ ਹੈ। ਜੀਵਨ ਨੂੰ ਪ੍ਰਭਾਵਿਤ ਕਰਨ ਵਾਲੇ ਇਹਨਾਂ ਸਾਰੇ ਕਾਰਕਾਂ ਦੇ ਵਿਚਕਾਰ ਖੁਸ਼ੀ ਦੀ ਕੁੰਜੀ ਦੀ ਖੋਜ ਵਿੱਚ, ਸਾਨੂੰ ਜੀਵਨ ਨੂੰ ਇਸਦੇ ਸਹੀ ਅਰਥਾਂ ਵਿੱਚ ਸਮਝਣ ਲਈ ਬਹੁਤ ਕੁਝ ਸਿੱਖਣ ਦੀ ਲੋੜ ਹੈ। ਇਹ ਇੱਕ ਕਲਾ ਹੈ ਜੋ ਆਪਣੇ ਆਪ ਸਿੱਖਣੀ ਪੈਂਦੀ ਹੈ। ਨਹੀਂ ਤਾਂ ਅਦਿੱਖ, ਕਾਲਪਨਿਕ ਸਮੇਂ ਦੇ ਚੱਕਰ ਵਿੱਚ ਇੱਕ ਅਵਾਰਾ ਪੁਲਾੜ ਯਾਨ ਵਾਂਗ ਘੁੰਮਦਾ ਰਹੇਗਾ।

ਵਰਤਮਾਨ ਵਿੱਚ ਹੋਣ ਦੀ ਕਲਾ ਸਿੱਖਣ ਲਈ, ਸਾਨੂੰ ਆਪਣੇ ਬਚਪਨ ਵਿੱਚ ਵਾਪਸ ਜਾਣਾ ਪਵੇਗਾ, ਜਦੋਂ ਸਾਡੇ ਵਿੱਚ ਕੁਦਰਤੀ ਤੌਰ 'ਤੇ ਧਿਆਨ ਕੇਂਦਰਿਤ ਕਰਨ ਦੀ ਅਦਭੁਤ ਯੋਗਤਾ ਸੀ। ਯਾਦ ਕੀਤਾ ਜਾ ਸਕਦਾ ਹੈ ਕਿ ਅਸੀਂ ਚੀਜ਼ਾਂ ਅਤੇ ਨਜ਼ਾਰਿਆਂ ਨੂੰ ਕਿਵੇਂ ਘੂਰਦੇ ਸਾਂ। ਪੜ੍ਹਦਿਆਂ-ਖੇਡਦਿਆਂ ਅਸੀਂ ਇੰਨੇ ਇਕਾਗਰ ਹੋ ਜਾਂਦੇ ਸੀ ਕਿ ਆਲੇ-ਦੁਆਲੇ ਦਾ ਮਾਹੌਲ, ਸਭ ਕੁਝ ਸਾਡੇ ਲਈ ਅਲੋਪ ਹੋ ਜਾਂਦਾ ਸੀ। ਅਸੀਂ ਧਿਆਨ ਕੇਂਦਰਿਤ ਕਰਨ ਦੀ ਕਲਾ ਵਿੱਚ ਮਾਹਰ ਹੋ ਕੇ ਬਹੁਤ ਜਲਦੀ ਬਹੁਤ ਕੁਝ ਸਿੱਖ ਲੈਂਦੇ ਸੀ। ਬਚਪਨ ਵਿੱਚ ਵੀ ਜੇਕਰ ਅਸੀਂ ਅਤੀਤ ਅਤੇ ਭਵਿੱਖ ਦਾ ਬੋਝ ਚੁੱਕਦੇ ਰਹੇ ਤਾਂ ਅੱਜ ਇਸ ਮੁਕਾਮ ਤੱਕ ਪਹੁੰਚਣਾ ਸਾਡੇ ਲਈ ਸੰਭਵ ਨਹੀਂ ਸੀ।

ਆਪਣੇ ਆਪ ਨੂੰ ਵਰਤਮਾਨ ਵਿੱਚ ਬਣਾਈ ਰੱਖਣ ਲਈ, ਸਭ ਤੋਂ ਪਹਿਲਾਂ ਸਾਨੂੰ ਆਪਣੇ ਆਪ ਨੂੰ ਉਨ੍ਹਾਂ ਵਿਚਾਰਾਂ, ਸਥਿਤੀਆਂ ਤੋਂ ਥੋੜਾ ਦੂਰ ਰੱਖਣਾ ਹੋਵੇਗਾ ਜੋ ਸਾਨੂੰ ਸਾਡੇ ਟੀਚੇ ਤੋਂ ਭਟਕਾਉਂਦੇ ਹਨ। ਨਵੀਂ ਤਕਨਾਲੋਜੀ ਅਤੇ ਸੰਚਾਰ ਸਾਧਨਾਂ ਨਾਲ ਜੁੜੇ ਬਹੁਤ ਸਾਰੇ ਫਾਇਦਿਆਂ ਦੇ ਨਾਲ, ਇੱਕ ਵੱਡਾ ਨੁਕਸਾਨ ਸਾਡੀ ਨਿੱਜਤਾ ਦੀ ਉਲੰਘਣਾ ਵੀ ਹੈ। ਇਸ ਦੇ ਨਾਲ ਹੀ ਕਈ ਚੰਗੀਆਂ ਗੱਲਾਂ ਦੇ ਨਾਲ-ਨਾਲ ਕਈ ਬੇਕਾਰ ਗੱਲਾਂ ਵੀ ਸਾਡੇ ਮਨ ਅੰਦਰ ਪਹੁੰਚਦੀਆਂ ਰਹਿੰਦੀਆਂ ਹਨ, ਜੋ ਸਾਨੂੰ ਬੇਸਬਰੇ ਅਤੇ ਕਈ ਵਾਰ ਗੁੱਸੇ ਵੀ ਕਰਦੀਆਂ ਹਨ।

ਇਸ ਤਰ੍ਹਾਂ ਬਿਨਾਂ ਕੁਝ ਕੀਤੇ ਸਾਡੀ ਊਰਜਾ ਅਤੇ ਸਮਾਂ ਦੋਵੇਂ ਬਰਬਾਦ ਹੁੰਦੇ ਹਨ। ਤਕਨਾਲੋਜੀ ਦੀ ਸਮਝਦਾਰੀ ਨਾਲ ਵਰਤੋਂ ਸਾਡੇ ਵਰਤਮਾਨ ਨੂੰ ਅਰਥ ਦੇ ਸਕਦੀ ਹੈ। ਕੋਸ਼ਿਸ਼ ਇਹ ਹੋਣੀ ਚਾਹੀਦੀ ਹੈ ਕਿ ਅਸੀਂ ਵੀ ਆਪਣੇ ਵਿਚਾਰਾਂ ਨੂੰ ਜ਼ਰੂਰੀ ਕੰਮ ਨਾਲ ਜੋੜ ਸਕੀਏ। ਵਰਤਮਾਨ ਵਿੱਚ ਸਰੀਰਕ ਅਤੇ ਮਾਨਸਿਕ ਤੌਰ 'ਤੇ ਪੂਰੀ ਤਰ੍ਹਾਂ ਮੌਜੂਦ ਰਹੋ। ਇਹ ਕੋਸ਼ਿਸ਼ ਸਿਰਫ਼ ਕੰਮ 'ਤੇ ਲਾਗੂ ਕਰਨ ਤੱਕ ਹੀ ਸੀਮਤ ਨਹੀਂ ਹੋਣੀ ਚਾਹੀਦੀ।

ਇਸ ਨੂੰ ਵਧਾਇਆ ਜਾਣਾ ਚਾਹੀਦਾ ਹੈ ਅਤੇ ਤੁਹਾਡੀ ਰੋਜ਼ਾਨਾ ਰੁਟੀਨ ਵਿੱਚ ਵੀ ਲਾਗੂ ਕੀਤਾ ਜਾਣਾ ਚਾਹੀਦਾ ਹੈ। ਉਦਾਹਰਣ ਵਜੋਂ, ਭੋਜਨ ਕਰਦੇ ਸਮੇਂ, ਸਾਡਾ ਪੂਰਾ ਧਿਆਨ ਭੋਜਨ ਦੇ ਰੰਗ, ਸੁਆਦ ਦੇ ਨਾਲ-ਨਾਲ ਇਸ ਗੱਲ 'ਤੇ ਕੇਂਦਰਿਤ ਹੋਣਾ ਚਾਹੀਦਾ ਹੈ ਕਿ ਉਹ ਭੋਜਨ ਸਾਨੂੰ ਕਿਵੇਂ ਪੋਸ਼ਣ ਅਤੇ ਸੰਤੁਸ਼ਟ ਕਰ ਰਿਹਾ ਹੈ। ਕਿਸੇ ਨਾਲ ਗੱਲ ਕਰਦੇ ਸਮੇਂ ਵੀ ਸਾਨੂੰ ਉੱਥੇ ਪੂਰੀ ਤਰ੍ਹਾਂ ਹਾਜ਼ਰ ਹੋਣਾ ਚਾਹੀਦਾ ਹੈ। ਅਜਿਹੀ ਸਥਿਤੀ ਵਿੱਚ, ਜੋ ਵੀ ਸੰਚਾਰ ਹੋਵੇਗਾ, ਸਾਨੂੰ ਜੋ ਅਨੁਭਵ ਮਿਲੇਗਾ, ਉਹ ਨਾ ਸਿਰਫ ਬਹੁਤ ਪ੍ਰਭਾਵਸ਼ਾਲੀ ਹੋਵੇਗਾ, ਅਸੀਂ ਜੀਵਨ ਵਿੱਚ ਵਧੇਰੇ ਸੰਤੁਸ਼ਟ ਅਤੇ ਖੁਸ਼ ਵੀ ਹੋਵਾਂਗੇ।

ਸਮਾਂ ਸਭ ਤੋਂ ਵੱਡੀ ਸੰਪੱਤੀ ਹੈ, ਜੋ ਹਰ ਰੋਜ਼ ਘੱਟਦਾ ਜਾ ਰਿਹਾ ਹੈ। ਇਸ ਦੀ ਚੰਗੀ ਵਰਤੋਂ ਕਰਨਾ ਬਹੁਤ ਜ਼ਰੂਰੀ ਹੈ। ਅੱਜ ਮੈਂ ਇੱਕ ਬੂਟਾ ਲਗਾ ਰਿਹਾ ਹਾਂ, ਮੇਰੇ ਹੱਥ ਕਾਲੀ ਮਿੱਟੀ ਨਾਲ ਢੱਕੇ ਹੋਏ ਹਨ, ਮੈਂ ਇਸਨੂੰ ਪਾਣੀ, ਖਾਦ ਹਰ ਦਿਨ ਸਮਰਪਣ ਨਾਲ ਦਿੰਦਾ ਰਹਾਂਗਾ, ਮੈਂ ਹਰ ਰੋਜ਼ ਆਪਣੇ ਅੰਦਰ ਜੋਸ਼, ਉਤਸ਼ਾਹ ਮਹਿਸੂਸ ਕਰਦਾ ਰਹਾਂਗਾ। ਚਿੰਤਾ ਨਾ ਕਰੋ ਕਿ ਫੁੱਲ ਕੱਲ੍ਹ ਖਿੜੇਗਾ ਜਾਂ ਨਹੀਂ. ਮੈਨੂੰ ਇਹ ਮਿਲੇਗਾ ਜਾਂ ਨਹੀਂ? ਪਰ ਲੋੜ ਹੈ ਕਿ ਇਹੋ

ਸੋਚਦਿਆਂ ਮੇਰੇ ਅੰਦਰ ਹਰ ਰੋਜ਼ ਇੱਕ ਨਵਾਂ ਫੁੱਲ ਖਿੜਦਾ ਹੈ, ਜਿਸ ਤੋਂ ਮੇਰੇ ਵਰਤਮਾਨ ਦੀ ਮਹਿਕ ਆਉਂਦੀ ਹੈ।

*-ਵਿਜੈ ਗਰਗ*
*ਰਿਟਾਇਰਡ ਪ੍ਰਿੰਸੀਪਲ*
*ਮਲੋਟ।*

# ਮਨੁੱਖੀ ਅਧਿਕਾਰਾਂ ਦੀਆਂ ਚੁਣੌਤੀਆਂ ਨੂੰ ਤੁਰੰਤ ਦੂਰ ਕਰਨ ਦੀ ਲੋੜ

-ਸਲਿਲ ਸਰੋਜ-

ਮੌਲਿਕ ਮਨੁੱਖੀ ਅਧਿਕਾਰ ਯੂਨੀਵਰਸਲ ਅਤੇ ਨਾ-ਮੁਆਫ ਕਰਨ ਯੋਗ ਹਨ ਅਤੇ ਦੁਨੀਆ ਦੇ ਸਾਰੇ ਲੋਕ ਨਸਲ, ਰੰਗ, ਲਿੰਗ, ਜਾਤੀਅਤਾ, ਉਮਰ, ਭਾਸ਼ਾ, ਧਰਮ, ਰਾਸ਼ਟਰੀ ਤੇ ਸਮਾਜਿਤ ਕਦਰਾਂ-ਕੀਮਤਾਂ, ਅਪੰਗਤਾ, ਜਾਇਦਾਦ, ਜਨਮ ਜਾਂ ਹੋਰ ਸਥਿਤੀ ਦੇ ਆਧਾਰ ਉੱਤੇ ਵਿਤਕਰੇ ਬਿਨਾਂ ਉਨ੍ਹਾਂ ਦਾ ਆਨੰਦ ਮਾਣਨ ਦੇ ਹੱਕਦਾਰ ਹਨ। ਆਜ਼ਾਦੀ, ਬਰਾਬਰੀ ਤੇ ਸ਼ਾਨਦਾਰ ਜ਼ਿੰਦਗੀ ਹੀ ਵਿਸ਼ਵ ਵਿੱਚ ਨਿਆਂ ਅਤੇ ਸ਼ਾਂਤੀ ਨਾਲ ਆਜ਼ਾਦੀ ਦਾ ਮੂਲ ਆਧਾਰ ਪੇਸ਼ ਕਰ ਸਕਦੀ ਹੈ। ਇਹ ਬੜਾ ਚਿੰਤਾ ਦਾ ਵਿਸ਼ਾ ਹੈ ਕਿ ਵੱਖ-ਵੱਖ ਖੇਤਰਾਂ ਵਿੱਚ ਮਨੁੱਖੀ ਅਧਿਕਾਰਾਂ ਦੀ ਅਣਦੇਖੀ ਤੇ ਉਲੰਘਣਾ ਕੀਤੀ ਜਾ ਰਹੀ ਹੈ।

ਜੇ ਗਰੀਬੀ ਨੂੰ ਖਤਮ ਕਰਨ, ਮਨੁੱਖੀ ਸ਼ਾਨ ਅਤੇ ਅਧਿਕਾਰਾਂ ਨੂੰ ਉਤਸ਼ਹ ਦੇਣ ਅਤੇ ਸੁਸ਼ਾਸਨ ਰਾਹੀਂ ਸਾਰਿਆਂ ਨੂੰ ਬਰਾਬਰ ਮੌਕੇ ਦੇਣ ਲਈ ਕੋਈ ਸਥਾਈ ਮਨੁੱਖੀ ਵਿਕਾਸ ਦਾ ਸਰੋਤ ਨਹੀਂ ਤਾਂ ਮਨੁੱਖੀ ਅਧਿਕਾਰਾਂ ਦਾ ਕੋਈ ਅਰਥ ਨਹੀਂ। ਵਿਸ਼ਵੀਕਰਨ ਦੀ ਪ੍ਰਕਿਰਿਆ ਤੇ ਕਮਜ਼ੋਰ ਵਰਗਾਂ ਅਤੇ ਸੀਮਤ ਸੋਮਿਆਂ ਵਾਲੇ ਲੋਕਾਂ ਨੂੰ ਬਾਹਰ ਕਰਨ ਅਤੇ ਹਾਸ਼ੀਏ ਉੱਤੇ ਰੱਖਣ ਦੀ ਇਸ ਦੀ ਸਮੱਰਥਾ ਦੇ ਸੰਦਰਭ ਵਿੱਚ ਇਹ ਵਿਸ਼ੇਸ਼ ਤੌਰ ਉੱਤੇ ਪ੍ਰਾਸੰਗਿਕ ਹੈ। ਵਿਕਾਸ, ਜੋ ਆਪਣੇ ਘੇਰੇ ਵਿੱਚ ਸਮਾਜਿਕ, ਆਰਥਿਕ ਤੇ ਸਿਆਸੀ ਪਰਿਵੇਸ਼ ਨੂੰ ਸ਼ਾਮਲ ਕਰਦਾ ਹੈ, ਅਸਲੀ ਅਰਥਾਂ ਵਿੱਚ ਤਦੇ ਸੰਭਵ ਹੈ, ਜਦੋਂ ਗਰੀਬੀ ਨੂੰ ਖਤਮ ਕੀਤਾ ਜਾਵੇ, ਜੋ ਮਨੁੱਖੀ ਅਧਿਕਾਰਾਂ ਲਈ ਸਭ ਤੋਂ ਵੱਡਾ ਖਤਰਾ ਅਤੇ ਚੁਣੌਤੀ ਹੈ।

ਬਦਕਿਸਮਤੀ ਨਾਲ ਵਿਕਾਸ ਦੇ ਫਲ ਸਾਡੇ ਸਾਰੇ ਨਾਗਰਿਕਾਂ ਤੱਕ ਇੱਕੋ ਅਨੁਪਾਤ ਵਿੱਚ ਨਹੀਂ ਪਹੁੰਚ ਸਕੇ ਅਤੇ ਇਸ ਦੇ ਨਤੀਜੇ ਵਜੋਂ ਅਮੀਰਾਂ ਅਤੇ ਵਾਂਝਿਆਂ ਦਰਮਿਆਨ ਪਾੜੇ ਦੇ ਨਾਲ-ਨਾਲ ਬਰਾਬਰੀ ਲਗਾਤਾਰ ਵਧ ਰਹੀ ਹੈ। ਸਾਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਵਿਕਾਸ ਦਾ ਲਾਭ ਲੋਕਾਂ ਦੇ ਹਰ ਵਰਗ ਤੱਕ ਇੱਕੋ ਜਿਹਾ ਪਹੁੰਚੇ।

ਹਰ ਵਿਅਕਤੀ ਨੂੰ ਮਿਲੇ ਅਧਿਕਾਰ ਤੇ ਮੌਕੇ ਲੋਕਤੰਤਰ ਨੂੰ ਪ੍ਰਮੁੱਖ ਬਣਾਉਂਦੇ ਹਨ, ਪਰ ਸਭ ਤੋਂ ਵੱਧ ਚਿੰਤਾ ਵਾਲੀ ਗੱਲ ਇਹ ਹੈ ਕਿ ਭਾਰਤ ਸੌੜੇ ਫਿਰਕੂ ਹਿੱਤਾਂ ਲਈ ਸਾਡੇ ਲੋਕਾਂ ਵਿਚਾਲੇ ਫਿਰਕੂਪੁਣੇ ਤੇ ਫੁੱਟ ਨੂੰ ਸ਼ਹਿ ਦੇਣ ਦੀ ਪ੍ਰਵਿਰਤੀ ਦੇਖ ਰਿਹਾ ਹੈ, ਜੋ ਲੋਕਤੰਤਰ ਨੂੰ ਕਮਜ਼ੋਰ ਕਰਦਾ ਹੈ ਜੋ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਲਈ ਹਾਲਤਾਂ ਪੈਦਾ ਕਰੇਗਾ। ਇਸ ਤਰ੍ਹਾਂ ਮਨੁੱਖੀ ਅਧਿਕਾਰ ਸਿੱਖਿਆ ਨੂੰ ਸਾਰੇ ਪੱਧਰਾਂ, ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਵਿੱਚ ਸਾਡੀ ਰਸਮੀ ਸਿੱਖਿਆ ਪ੍ਰਣਾਲੀ ਦਾ ਅਨਿੱਖੜਵਾਂ ਅੰਗ ਬਣਾਉਣ ਦੀ ਤਤਕਾਲ ਲੋੜ ਹੈ, ਜੋ ਗਿਆਨ ਅਤੇ ਹੁਨਰ ਪੇਸ਼ ਕਰ ਕੇ ਨਜ਼ਰੀਏ ਨੂੰ ਢਾਲ ਕੇ ਮਨੁੱਖੀ ਅਧਿਕਾਰਾਂ ਦਾ ਯੂਨੀਵਰਸਲ ਸੱਭਿਆਚਾਰ ਬਣਾਉਣ ਵਿੱਚ ਮਦਦ ਕਰੇਗੀ।

ਯੂਨੀਵਰਸਲ ਵੋਟ ਅਧਿਕਾਰ ਦੀ ਆਜ਼ਾਦੀ ਅਤੇ ਬਰਾਬਰੀ ਉੱਤੇ ਆਧਾਰਿਤ ਲੋਕਤੰਤਰ ਨਾਲ ਸਦੀਆਂ ਦੇ ਪ੍ਰਯੋਗਾਂ ਬਾਅਦ ਵੀ ਦੁਨੀਆ ਭਰ ਵਿੱਚ ਔਰਤਾਂ ਨਾਲ ਵਿਤਕਰਾ ਜਾਰੀ ਹੈ ਅਤੇ ਕਈ ਕਿਸਮ ਦੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਹੁੰਦੀ ਹੈ। ਔਰਤਾਂ ਵਿਰੁੱਧ ਅਪਰਾਧ ਤੇਜ਼ੀ ਨਾਲ ਵਧ ਰਹੇ ਹਨ, ਅਸਲ ਵਿੱਚ ਮਨੁੱਖਤਾ ਦੇ ਵਿਰੁੱਧ ਅਪਰਾਧ ਹਨ। ਸਾਡਾ ਸੰਵਿਧਾਨ ਮਰਦਾਂ ਤੇ ਔਰਤਾਂ ਨੂੰ ਸਿਆਸੀ, ਸਮਾਜਿਕ ਤੇ ਆਰਥਿਕ ਖੇਤਰਾਂ ਵਿੱਚ ਬਰਾਬਰ ਅਧਿਕਾਰ ਅਤੇ ਮੌਕੇ ਪੇਸ਼ ਕਰਦਾ ਹੈ ਅਤੇ ਇਹ ਜ਼ਰੂਰੀ ਹੈ ਕਿ ਸਾਡੀਆਂ ਉਚ ਪ੍ਰਤੀਨਿਧੀ ਅਥਾਰਿਟੀਆਂ ਵਿੱਚ ਸੀਟਾਂ ਦੇ ਰਾਖਵੇਂਕਰਨ ਦੇ ਇਲਾਵਾ ਅਸਲੀ ਤੌਰ ਉੱਤੇ ਮਹਿਲਾ ਸਸ਼ਕਤੀਕਰਨ ਦੀ ਸਹੂਲਤ ਲਈ ਸਾਰੇ ਕਦਮ ਚੁੱਕੇ ਜਾਣ।

ਚਿੰਤਾ ਦਾ ਇੱਕ ਹੋਰ ਖੇਤਰ ਬੱਚਿਆਂ ਦੇ ਅਧਿਕਾਰਾਂ ਦੀ ਲਗਾਤਾਰ ਉਲੰਘਣਾ ਹੈ, ਖਾਸ ਤੌਰ ਉੱਤੇ ਸਾਡੇ ਸਮਾਜ ਦੇ ਕਮਜ਼ੋਰ ਵਰਗਾਂ ਨਾਲ ਸਬੰਧਤ, ਜੋ ਅਕਸਰ ਸੈਕਸ ਸ਼ੋਸ਼ਣ, ਤਸੀਹੇ, ਹਿੰਸਾ, ਅਣਹੋਂਦ, ਨਾਂਹ ਅਤੇ ਬੰਧੂਆ ਮਜ਼ਬੂਰੀ ਦੇ ਸ਼ਿਕਰ ਹੁੰਦੇ ਹਨ। ਕਿਰਤ ਲਈ ਬੱਚਿਆਂ ਦਾ ਸ਼ੋਸ਼ਣ ਇੱਕ ਵੱਡਾ ਵਰਗ ਵੱਲੋਂ ਅਨੁਭਵ ਕੀਤਾ ਜਾਣ ਵਾਲਾ ਕੁਪੋਸ਼ਣ ਸਾਡੇ ਸਮਾਜ ਦੀ ਗੰਭੀਰ ਹਕੀਕਤ ਹੈ, ਜਿਸ ਲਈ ਜ਼ਰੂਰੀ ਹੈ ਕਿ ਮੌਜੂਦਾ ਕਾਨੂੰਨਾਂ ਨੂੰ ਨਵੇਂ ਆਰਡੀਨੈਂਸਾਂ ਨਾਲ ਬੱਚਿਆਂ ਦੇ ਸ਼ੋਸ਼ਣ ਵਿਰੁੱਧ ਅਤੇ ਉਨ੍ਹਾਂ ਦੇ ਬਚਪਨ ਲਈ ਸਖਤੀ ਨਾਲ ਲਾਗੂ ਕੀਤਾ ਜਾਵੇ।

ਭਾਰਤ ਵਿੱਚ ਮਨੁੱਖੀ ਅਧਿਕਾਰ ਅੰਦੋਲਨ ਨੇ ਇੱਕ ਲੰਬਾ ਸਫਰ ਕੀਤਾ ਹੈ ਤੇ ਪਿਛਲੇ ਛੇ ਦਹਾਕਿਆਂ ਦੌਰਾਨ ਕਈ ਮਨੁੱਖੀ ਅਧਿਕਾਰ ਕੇਂਦਰਿਤ ਕਾਨੂੰਨ ਬਣੇ ਹਨ, ਜਿਨ੍ਹਾਂ ਸਾਰਿਆਂ ਨੂੰ ਈਮਾਨਦਾਰੀ ਨਾਲ ਲਾਗੂ ਕਰਨਾ ਚਾਹੀਦਾ ਹੈ। ਭਾਰਤ ਵਿੱਚ ਮਨੁੱਖੀ ਅਧਿਕਾਰਾਂ ਦੀਆਂ ਚੁਣੌਤੀਆਂ ਦਾ ਹੱਲ ਫੌਰੀ ਕਰਨ ਦੀ ਲੋੜ ਹੈ। ਜਦੋਂ ਤੱਕ ਮੌਲਿਕ ਮਨੁੱਖੀ ਅਧਿਕਾਰਾਂ ਦਾ ਸਨਮਾਨ ਸ਼ਾਸਨ ਦਾ ਆਧਾਰ ਨਹੀਂ ਹੈ, ਉਦੋਂ ਤੱਕ ਅਸਲੀ ਅਰਥਾਂ ਵਿੱਚ ਕੋਈ ਤਰੱਕੀ ਸੰਭਵ ਨਹੀਂ ਹੈ। ਅਸਲੀ ਅਰਥਾਂ ਅਧਿਕਾਰਾਂ ਲਈ ਉਚਿਤ ਸਨਮਾਨ ਰਾਹੀਂ ਹੀ ਵਿਕਾਸ ਕਾਇਮ ਰੱਖਿਆ ਜਾ ਸਕਦਾ ਹੈ। ਮੀਡੀਆ ਅਤੇ ਨਾਗਰਿਕ ਸਮਾਜ ਸੰਗਠਨਾਂ ਨੂੰ ਮਨੁੱਖੀ ਅਧਿਕਾਰ ਜਾਗਰੂਕਰਤਾ ਪੈਦਾ ਕਰਨ ਤੇ ਰਸਮੀ ਕਾਰਵਾਈ ਲਈ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਨੂੰ ਸਾਹਮਣੇ ਲਿਆਉਣ ਵਿੱਚ ਬੜੀ ਮਹੱਤਵਪੂਰਨ ਭੂਮਿਕਾ ਨਿਭਾਉਣੀ ਚਾਹੀਦੀ ਹੈ।

ਲੋਕਤੰਤਰ ਦੇ ਵਿਕਾਸ ਅਤੇ ਮਨੁੱਖੀ ਅਧਿਕਾਰਾਂ ਦਾ ਸਨਮਾਨ ਤਾਲੇ-ਮੇਲ ਅਤੇ ਆਪਸੀ ਤੌਰ ਉੱਤੇ ਮਜ਼ਬੂਤ ਕਰਨ ਵਾਲੇ ਹਨ। ਲੋਕਤੰਤਰੀ ਕਦਰਾਂ-ਕੀਮਤਾਂ ਦੀ ਰਾਖੀ ਕਰਨੀ, ਕਾਨੂੰਨ ਨੂੰ ਬਣਾਈ ਰੱਖਣਾ ਅਤੇ ਨਾਲ ਮਨੁੱਖੀ ਅਧਿਕਾਰਾਂ ਨੂੰ ਉਤਸ਼ਾਹਿਤ ਕਰਨਾ ਇੱਕ ਸੱਭਿਅਕ ਹੋਂਦ ਦੀ ਸਭ ਤੋਂ ਬੁਨਿਆਦੀ ਲੋੜ ਹੈ, ਜੋ ਕਿਸੇ ਲੋਕਤੰਤਰ ਦੇ ਲਾਜ਼ਮੀ ਟੀਚੇ ਬਣੇ ਰਹਿੰਦੇ ਹਨ। ਬੇਸ਼ੱਕ ਅਸੀਂ ਦੁਨੀਆ ਵਿੱਚ ਸਭ ਤੋਂ ਵੱਡਾ ਲੋਕਤੰਤਰ ਸਥਾਪਿਤ ਕਰਨ ਵਿੱਚ ਸਫਲ ਰਹੇ ਹਾਂ, ਅਸੀਂ ਅੱਜ ਤੱਕ ਆਪਣੇ ਨਾਗਰਿਕਾਂ ਦੇ ਅਧਿਕਾਰਾਂ ਨੂੰ ਚੰਗੀ ਤਰ੍ਹਾਂ ਮਹਿਸੂਸ ਨਹੀਂ ਕਰਵਾ ਸਕੇ ਅਤੇ ਉਨ੍ਹਾਂ ਦੀ ਰੱਖਿਆ ਨਹੀਂ ਸਕੇ ਜੋ ਸਾਡੇ ਲੋਕਤੰਤਰ ਦੇ ਵੱਧਣ-ਫੁੱਲਣ ਲਈ ਜ਼ਰੂਰੀ ਹਨ। ਦੇਸ਼ ਵਿੱਚ ਸ਼ਾਸਨ ਅਤੇ ਨਾਗਰਿਕ ਸਮਾਜ ਦੇ ਪੱਧਰ ਉੱਤੇ ਮਨੁੱਖੀ ਅਧਿਕਾਰਾਂ ਲਈ ਸਨਮਾਨ ਦਾ ਸੱਭਿਆਚਾਰ ਵਿਕਸਿਤ ਕਰਨਾ ਸਮੇਂ ਦੀ ਮੰਗ ਹੈ।

## ਵਿਧਾਇਕ ਸਿਮਰਜੀਤ ਸਿੰਘ ਬੈਂਸ ਅਦਾਲਤ ਵੱਲੋਂ ਭਗੌੜਾ ਕਰਾਰ



ਲੁਧਿਆਣਾ, 10 ਮਾਰਚ (ਪੋਸਟ ਬਿਊਰੋ)- ਐਡੀਸ਼ਨਲ ਚੀਫ ਜੁਡੀਸ਼ਲ ਮੈਜਿਸਟਰੇਟ ਨੇ ਵਿਧਾਨ ਸਭਾ ਖੇਤਰ ਆਤਮਨਗਰ ਤੋਂ ਵਿਧਾਇਕ ਅਤੇ ਲੋਕ ਇਨਸਾਫ ਪਾਰਟੀ ਦੇ ਪ੍ਰਧਾਨ ਸਿਮਰਜੀਤ ਸਿੰਘ ਬੈਂਸ ਨੂੰ ਕ੍ਰਿਮੀਨਲ ਕੇਸ ਵਿੱਚ ਭਗੌੜਾ ਕਰਾਰ ਦਿੱਤਾ ਹੈ। ਇਸ ਤੋਂ ਬਾਅਦ ਉਨ੍ਹਾਂ ਖਿਲਾਫ ਥਾਣਾ ਡਵੀਜ਼ਨ ਨੰਬਰ ਪੰਜ 'ਚ ਕੇਸ ਦਰਜ ਕੀਤਾ ਗਿਆ ਹੈ ਤੇ ਪੁਲਸ ਉਨ੍ਹਾਂ ਦੀ ਗ੍ਰਿਫਤਾਰੀ ਦੇ ਯਤਨ ਕਰ ਰਹੀ ਹੈ।

ਵਰਨਣ ਯੋਗ ਹੈ ਕਿ ਅਦਾਲਤ ਨੇ ਪਹਿਲਾਂ 18 ਜਨਵਰੀ ਨੂੰ ਸਿਮਰਜੀਤ ਸਿੰਘ ਬੈਂਸ ਦੇ ਵਾਰੰਟ ਜਾਰੀ ਕੀਤੇ ਸਨ। ਉਸ ਦੇ ਖਿਲਾਫ ਅਗਸਤ 2020 ਵਿੱਚ ਸਰਕਾਰੀ ਹੁਕਮ ਨਾ ਮੰਨ ਕੇ ਪੁਲਸ ਕਮਿਸ਼ਨਰ ਦਫਤਰ ਦੇ ਬਾਹਰ ਧਰਨਾ ਦੇਣ ਅਤੇ ਕੋਰੋਨਾ ਦੀ ਮਾਰ ਦੌਰਾਨ ਨਿਯਮਾਂ ਦੀਆਂ ਧੱਜੀਆਂ ਉਡਾਉਣ ਦਾ ਕੇਸ ਦਰਜ ਕੀਤਾ ਸੀ। ਇਸ ਮੌਕੇ ਪ੍ਰਦਰਸ਼ਨ ਕਰਦੇ ਲੋਕਾਂ ਨੇ ਮਾਸਕ ਨਹੀਂ ਪਾਇਆ ਸੀ। ਸੁਣਵਾਈ ਦੌਰਾਨ ਵਿਧਾਇਕ ਬੈਂਸ ਤੇ ਉਨ੍ਹਾਂ ਦਾ ਭਰਾ ਹਾਜ਼ਰ ਨਹੀਂ ਹੋਏ। ਉਨ੍ਹਾਂ ਦੇ ਵਕੀਲ ਵੱਲੋਂ ਦੋਵਾਂ ਦੀ ਹਾਜ਼ਰੀ ਮੁਆਫ ਕਰਵਾਉਣ ਲਈ ਅਰਜ਼ੀ ਵੀ ਦਾਇਰ ਕੀਤੀ ਗਈ ਸੀ।

## ਬੀ ਬੀ ਐਮ ਬੀ ਵਿਚੋਂ ਕੇਂਦਰ ਸਰਕਾਰ ਨੇ ਪੰਜਾਬ ਦੇ ਹੱਕ ਖਤਮ ਕਰਨ ਵੱਲ ਅਗਲੇ ਕਦਮ ਵਧਾਏ

ਚੰਡੀਗੜ੍ਹ, 10 ਮਾਰਚ (ਪੋਸਟ ਬਿਊਰੋ)- ਭਾਰਤ ਸਰਕਾਰ ਨੇ ਭਾਖੜਾ ਬਿਆਸ ਮੈਨੇਜਮੈਂਟ ਬੋਰਡ(ਬੀ ਬੀ ਐਮ ਬੀ) ਤੋਂ ਪੰਜਾਬ ਦੀ ਪੱਕੀ ਮੈਂਬਰੀ ਖਤਮ ਕਰਨ ਲਈ ਕਦਮ ਅੱਗੇ ਵਧਾ ਲਏ ਹਨ। ਪੰਜਾਬ ਦੀਆਂ ਰਾਜਸੀ ਤੇ ਕਿਸਾਨ ਧਿਰਾਂ ਵੱਲੋਂ ਕੀਤੇ ਜ਼ੋਰਦਾਰ ਵਿਰੋਧ ਦੇ ਬਾਵਜੂਦ ਕੇਂਦਰ ਸਰਕਾਰ ਟੱਸ ਤੋਂ ਮੱਸ ਨਹੀਂ ਹੋਈ। ਕੇਂਦਰੀ ਬਿਜਲੀ ਮੰਤਰਾਲੇ ਨੇ ਉਲਟਾ ਬੀ ਬੀ ਐਮ ਬੀ ਵਿੱਚੋਂ ਪੰਜਾਬ ਦੀ 27 ਮਾਰਚ ਨੂੰ ਖਤਮ ਹੋ ਰਹੀ ਪੱਕੀ ਮੈਂਬਰੀ ਨੂੰ ਅਸਥਾਈ ਕਰ ਕੇ ਦੇਸ਼ ਵਿੱਚੋਂ ਨਵਾਂ ਮੈਂਬਰ (ਪਾਵਰ) ਲਾਉਣ ਦੀ ਤਿਆਰੀ ਵਿੱਢ ਦਿੱਤੀ ਹੈ।



ਵਰਨਣ ਯੋਗ ਹੈ ਕਿ ਕੇਂਦਰ ਸਰਕਾਰ ਨੇ ਬੀ ਬੀ ਐਮ ਬੀ ਵਿੱਚੋਂ ਪੰਜਾਬ ਅਤੇ ਹਰਿਆਣੇ ਦੀ ਪ੍ਰਤੀਨਿਧਤਾ ਖਤਮ ਕਰ ਕੇ ਇਸ ਕੇਂਦਰੀ ਅਦਾਰੇ ਦੇ ਨਵੇਂ ਮੈਂਬਰ ਲਾਉਣ ਲਈ ਦੂਜੇ ਰਾਜਾਂ ਲਈ ਵੀ ਰਾਹ ਖੋਲ੍ਹ ਦਿੱਤੇ ਹਨ। 23 ਫਰਵਰੀ ਨੂੰ ਇਸ ਬਾਰੇ ਨੋਟੀਫਿਕੇਸ਼ਨ ਵੀ ਜਾਰੀ ਹੋ ਗਿਆ ਸੀ, ਜਿਸ ਦਾ ਪੰਜਾਬ ਦੀਆਂ ਧਿਰਾਂ ਨੇ ਸਖਤ ਵਿਰੋਧ ਕਰ ਕੇ ਇਸ ਕੇਂਦਰੀ ਫੈਸਲੇ ਨੂੰ ਸੂਬਾਈ ਅਧਿਕਾਰਾਂ ਉੱਤੇ ਡਾਕਾ ਕਿਹਾ ਸੀ। ਕੇਂਦਰੀ ਬਿਜਲੀ ਮੰਤਰਾਲੇ ਨੇ ਕੱਲ੍ਹ ਬੀ ਬੀ ਐਮ ਬੀ ਵਿੱਚ ਪੰਜਾਬ ਤੋਂ ਤੈਨਾਤ ਮੈਂਬਰ (ਪਾਵਰ) ਹਰਮਿੰਦਰ ਸਿੰਘ ਦੀ ਮਿਆਦ, ਜੋ 27 ਮਾਰਚ 2022 ਨੂੰ ਖਤਮ ਹੋਣੀ ਹੈ, ਵਿੱਚ 27 ਮਾਰਚ ਤੋਂ ਛੇ ਮਹੀਨੇ ਦਾ ਵਾਧਾ ਕਰ ਦਿੱਤਾ ਹੈ।ਮੰਤਰਾਲੇ ਨੇ ਹੁਕਮ ਜਾਰੀ ਕਰ ਕੇ ਕਿਹਾ ਹੈ ਕਿ ਮੈਂਬਰ ਹਰਮਿੰ-ਦਰ ਸਿੰਘ ਓਦੋਂ ਤਕ ਤੈਨਾਤ ਰਹਿਣ-ਗੇ, ਜਦੋਂ ਤਕ ਨਵਾਂ ਮੈਂਬਰ ਨਿਯੁਕਤ ਨਹੀਂ ਕਰ ਲਿਆ ਜਾਂਦਾ।

ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੂੰ ਦੋ ਦਿਨ ਪਹਿਲਾਂ ਭਰੋਸਾ ਦਿੱਤਾ ਸੀ ਕਿ ਉਹ ਪੰਜਾਬ ਦੀ ਮੰਗ ਉੱਤੇ ਮੁੜ ਵਿਚਾਰ ਕਰਨਗੇ। ਫਿਰ ਵੀ ਕੇਂਦਰ ਨੇ ਪੰਜਾਬ ਦੇ ਮੈਂਬਰ ਦੀ ਮਿਆਦ ਵਿੱਚ ਆਰਜ਼ੀ ਵਾਧਾ ਕਰ ਕੇ ਦੱਸ ਦਿੱਤਾ ਹੈ ਕਿ ਨਵੀਂ ਨਿਯੁਕਤੀ ਨਵੇਂ ਨਿਯਮਾਂ ਮੁਤਾਬਕ ਹੀ ਕੀਤੀ ਜਾਵੇਗੀ।ਇਹ ਵੀ ਪਤਾ ਲੱਗਾ ਹੈ ਕਿ ਕੇਂਦਰ ਸਰਕਾਰ ਨੇ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਵਿੱਚੋਂ ਪੰਜਾਬ-ਹਰਿਆਣਾ ਨੂੰ ਕੱਢਣ ਦੀ ਯੋਜਨਾ ਪਹਿਲਾਂ ਹੀ ਘੜੀ ਹੋਈ ਸੀ। ਹਰਿਆਣਾ ਸਰਕਾਰ ਨੇ ਬੀ ਬੀ ਐਮ ਬੀ ਵਿੱਚੋਂ ਆਪਣੇ ਮੈਂਬਰ (ਸਿੰਚਾਈ) ਗੁਲਾਬ ਸਿੰਘ ਨਰਵਾਲ ਨੂੰ 9 ਸਤੰਬਰ 2020 ਨੂੰ ਵਾਪਸ ਬੁਲਾ ਲਿਆ ਸੀ ਤੇ ਫਿਰ ਹਰਿਆਣਾ ਸਰਕਾਰ ਨੇ 23 ਅਕਤੂਬਰ 2020 ਨੂੰ ਹਰਿਆਣੇ ਵਿੱਚੋਂ ਤਿੰਨ ਮੈਂਬਰਾਂ ਦਾ ਪੈਨਲ ਕੇਂਦਰ ਨੂੰ ਭੇਜ ਦਿੱਤਾ ਸੀ। ਕੇਂਦਰ ਸਰਕਾਰ ਨੇਇਸ ਦੇ ਬਾਵਜੂਦ ਹਰਿਆਣੇਵਾਲੇ ਮੈਂਬਰ ਦੀ ਨਿਯੁਕਤੀ ਨਹੀਂ ਸੀ ਕੀਤੀ। ਇਸੇ ਤਰ੍ਹਾਂ ਪੰਜਾਬ ਦੇ ਕੇਸਵਿੱਚ ਨਿਯਮਾਂ ਮੁਤਾਬਕ ਜਦੋਂ ਕਿਸੇ ਮੈਂਬਰ ਦੀ ਮਿਆਦ ਖਤਮ ਹੋ ਰਹੀ ਹੋਵੇ ਤਾਂ ਉਸ ਤੋਂ ਛੇ ਮਹੀਨੇ ਪਹਿਲਾਂ ਨਵੀਂ ਨਿਯੁਕਤੀ ਲਈ ਪ੍ਰਕਿਰਿਆ ਸ਼ੁਰੂ ਕੀਤੀ ਜਾਂਦੀ ਹੈ। ਪੰਜਾਬ ਦੇ ਮੈਂਬਰ (ਪਾਵਰ) ਦੀ ਮਿਆਦ 27 ਮਾਰਚ ਤੋਂ ਖਤਮ ਹੋਣ ਤੋਂ ਛੇ ਮਹੀਨੇ ਪਹਿਲਾਂ ਨਵੇਂ ਮੈਂਬਰ ਦੀ ਭਰਤੀ ਪ੍ਰਕਿਰਿਆ ਕੇਂਦਰ ਨੇ ਸ਼ੁਰੂ ਨਹੀਂ ਕੀਤੀ, ਜਿਸ ਤੋਂ ਕੇਂਦਰ ਦੀ ਯੋਜਨਾ ਸਮਝ ਪੈਂਦੀ ਹੈ।ਪੰਜਾਬ ਦੀ ਨਵੀਂ ਸਰਕਾਰ ਲਈ ਪਹਿਲੀ ਚੁਣੌਤੀ ਇਹੋ ਹੋਵੇਗੀ ਕਿ ਕੇਂਦਰ ਸਰਕਾਰ ਵੱਲੋਂ ਲਏ ਇਸ ਫੈਸਲੇ ਨੂੰ ਕਿਵੇਂ ਵਾਪਸ ਕਰਾਇਆ ਜਾਵੇ। ਦੂਸਰੇ ਪਾਸੇ ਪੰਜਾਬ ਦੇ ਮੈਂਬਰ ਦੀ ਮਿਆਦ ਵਿਚ ਛੇ ਮਹੀਨੇ ਲਈ ਵਾਧਾ ਕਰ ਕੇ ਮਾਮਲੇ ਨੂੰ ਠੰਢਾ ਕਰਨ ਦੀ ਕੋਸ਼ਿਸ਼ ਵੀ ਕੀਤੀ ਹੈ।

## ਡੀਜ਼ਲ ਦੀ ਵੱਧ ਖ਼ਰੀਦ ਹੋਣ ਕਰਕੇ ਕਈ ਪੈਟਰੋਲ ਪੰਪਾਂ ਉੱਤੇ ਸੋਕਾ

ਜਲੰਧਰ, 10 ਮਾਰਚ (ਪੋਸਟ ਬਿਊਰੋ)- ਭਾਰਤ ਦੀਆਂ ਤੇਲ ਕੰਪਨੀਆਂ ਵੱਲੋਂ ਪੈਟਰੋਲ ਅਤੇ ਡੀਜ਼ਲ ਮਹਿੰਗਾ ਕਰਨ ਦੀ ਸ਼ੰਕਾ ਕਾਰਨ ਡੀਜ਼ਲ ਦੀ ਵੱਧ ਵਿਕਰੀ ਹੋਣ 'ਤੇ ਜਿੱਥੇ ਕਈ ਪੈਟਰੋਲ ਪੰਪਾਂ ਉੱਤੇ ਡੀਜ਼ਲ ਦਾ ਸੋਕਾ ਪੈ ਗਿਆ ਹੈ, ਉੱਥੇ ਕਈ ਤੇਲ ਕੰਪਨੀਆਂ ਨੇ ਤੇਲ ਦੀ ਸਪਲਾਈ ਵੀ ਘਟਾ ਦਿੱਤੀ ਹੈ।

ਰੂਸ ਵੱਲੋਂ ਯੂਕਰੇਨ ਉੱਤੇ ਹਮਲਾ ਕਰਨ ਤੋਂ ਬਾਅਦ ਅੰਤਰਰਾਸ਼ਟਰੀ ਬਾਜ਼ਾਰ ਵਿੱਚ ਕੱਚੇ ਤੇਲ ਦੀ ਕੀਮਤ 128 ਡਾਲਰ ਪ੍ਰਤੀ ਬੈਰਲ ਤਕ ਪੁੱਜ ਗਈ ਹੈ। ਪੰਜਾਬ ਵਿਧਾਨ ਸਭਾ ਚੋਣਾਂ ਲਈ ਵੋਟਾਂ ਪੈਣ ਤੋਂ ਬਾਅਦ ਜਿੱਥੇ ਪੈਟਰੋਲ ਅਤੇ ਡੀਜ਼ਲ ਦੀ ਪ੍ਰਤੀ ਲੀਟਰ ਕੀਮਤ ਵਿੱਚ 15 ਰੁਪਏ ਦਾ ਵਾਧਾ ਹੋਣ ਦੀ ਸੰਭਾਵਨਾ ਦੱਸੀ ਜਾ ਰਹੀ ਹੈ, ਜਿਸ ਕਰਕੇ ਕਿਸਾਨਾਂ ਵਿੱਚ ਇਸ ਗੱਲ ਦੀ ਕਾਫ਼ੀ ਘਬਰਾਹਟ ਹੈ ਅਤੇ ਇਸੇ ਕਰਕੇ ਦੋ ਦਿਨਾਂ ਤੋਂ ਡੀਜ਼ਲ ਦੀ ਜ਼ਿਆਦਾ ਖਰੀਦ ਹੋਣ ਕਰਕੇ ਕਈ ਪੈਟਰੋਲ ਪੰਪਾਂ ਉੱਤੇ ਡੀਜ਼ਲ ਦੀ ਸਪਲਾਈ ਘਟਾ ਦਿੱਤੀ ਹੈ ਤੇ ਕਈਆਂ ਦੀ ਸਪਲਾਈ ਫਿਲਹਾਲ ਰੋਕ ਦਿੱਤੀ ਗਈ ਹੈ।

ਹੋਰ ਤਾਂ ਹੋਰ, ਜਿੱਥੇ ਪਹਿਲਾਂ ਤੇਲ ਕੰਪਨੀਆਂ ਦਾ ਡਿਪੂ ਰਾਤ 10 ਵਜੇ ਤਕ ਖੁੱਲ੍ਹਾ ਰਹਿੰਦਾ ਸੀ, ਪਰ ਕੁਝ ਡਿਪੂ ਤਾਂ ਅੱਠ ਵਜੇ ਹੀ ਬੰਦ ਹੋਣ ਲੱਗ ਗਏ ਸਨ, ਇਸ ਵੇਲੇ ਪੈਟਰੋਲ 96 ਰੁਪਏ ਤੇ ਡੀਜ਼ਲ ਦੀ ਕੀਮਤ 84 ਰੁਪਏ ਪ੍ਰਤੀ ਲੀਟਰ ਦੇ ਕਰੀਬ ਹੈ। ਪੈਟਰੋਲ ਪੰਪ ਐਸੋਸੀਏਸ਼ਨ ਪੰਜਾਬ ਦੇ ਪ੍ਰਧਾਨ ਪਰਮਜੀਤ ਸਿੰਘ ਦੋਆਬਾ ਨੇ ਦੱਸਿਆ ਕਿ ਇਸ ਵੇਲੇ ਕਈ ਪੈਟਰੋਲ ਪੰਪ ਡਰਾਈ ਹੋ ਗਏ ਹਨ। ਉਹ ਤੇਲ ਕੰਪਨੀਆਂ ਦੇ ਅਫ਼ਸਰਾਂ ਨੂੰ ਫ਼ੋਨ ਕਰ ਚੁੱਕੇ ਹਨ। ਆਉਣ ਵਾਲੇ ਸਮੇਂ ਵਿੱਚ ਤੇਲ ਦੇ ਮਹਿੰਗਾ ਹੋਣ ਕਰਕੇ ਹੀ ਤੇਲ ਕੰਪਨੀਆਂ ਵੱਲੋਂ ਤੇਲ ਸਪਲਾਈ ਘਟਾਈ ਗਈ ਦੱਸੀ ਜਾ ਰਹੀ ਹੈ।

## ਪਾਕਿਸਤਾਨ ਦੇ ਡਰੋਨ ਨੂੰ ਬੀ ਐਸ ਐਫ ਨੇ ਫਾਇਰਿੰਗ ਕਰ ਕੇ ਸੁੱਟਿਆ

ਫਿਰੋਜ਼ਪੁਰ, 10 ਮਾਰਚ (ਪੋਸਟ ਬਿਊਰੋ)- ਕੱਲ੍ਹ ਤੜਕੇ ਪਾਕਿਸਤਾਨੀ ਸਮਗਲਰਾਂ ਵੱਲੋਂ ਹਿੰਦ-ਪਾਕਿਸਤਾਨ ਸਰਹੱਦ ਦੇ ਫਿਰੋਜ਼ਪੁਰ ਸੈਕਟਰ ਵਿੱਚ ਡਰੋਨ ਰਾਹੀਂ ਹੈਰੋਇਨ ਭੇਜਣ ਦੀ ਕੋਸ਼ਿਸ਼ ਅਸਫਲ ਸਾਬਤ ਹੋਣ ਤੋਂ ਦੋ ਦਿਨ ਬਾਅਦ ਫਿਰ ਪਾਕਿਸਤਾਨ ਵੱਲੋਂ ਅੰਮ੍ਰਿਤਸਰ ਸੈਕਟਰ ਵਿੱਚ ਪਿੰਡ ਹਵੇਲੀਆਂ ਵਿੱਚ ਡਰੋਨ ਭੇਜਿਆ ਗਿਆ ਹੈ।ਬੀ ਐਸ ਐਫ ਜਵਾਨਾਂ ਨੇ ਇੱਕ ਵਾਰ ਫਿਰ ਸਾਵਧਾਨੀ ਦਿਖਾਉਂਦੇ ਹੋਏ ਫਾਇਰਿੰਗ ਕਰ ਕੇ ਡਰੋਨ ਨੂੰ ਹੇਠਾਂ ਸੁੱਟ ਦਿੱਤਾ।

ਅਧਿਕਾਰੀਆਂ ਅਨੁਸਾਰ ਸਫੇਦ ਰੰਗ ਦਾ ਡਰੋਨ ਡੀ ਜੇ ਆਈ ਫੈਨਟੋਮ ਚਾਰ ਤਕਨੀਕ ਦਾ ਹੈ ਤੇ ਇਸੇ ਤਕਨੀਕ ਵਾਲਾ ਡਰੋਨ ਦੋ ਦਿਨ ਪਹਿਲਾਂ ਫਿਰੋਜ਼ਪੁਰ ਸੈਕਟਰ ਵਿੱਚ ਹੈਰੋਇਨ ਸਮਗਲਿੰਗ ਕਰਨ ਲਈ ਵਰਤਿਆ ਗਿਆ ਸੀ। ਉਨ੍ਹਾਂ ਦੱਸਿਆ ਕਿ ਇਸ ਦੇ ਨਾਲ ਫਿਰੋਜ਼ਪੁਰ ਸੈਕਟਰ ਵਿੱਚ ਕੱਲ੍ਹ ਤੜਕੇ ਚਲਾਈ ਗਈ ਤਲਾਸ਼ੀ ਮੁਹਿੰਮ ਦੌਰਾਨ ਜ਼ਮੀਨ ਵਿੱਚ ਦਬਾਅ ਕੇ ਰੱਖੇ ਦੋ ਪਲਾਸਟਿਕ ਦੇ ਬੈਗ ਮਿਲੇ, ਜਿਨ੍ਹਾਂ ਵਿੱਚੋਂ 9 ਪੈਕਟ ਹੈਰੋਇਨ ਨਿਕਲੀ। ਬਰਾਮਦ ਹੈਰੋਇਨ ਦੀ ਕੀਮਤ ਅੰਤਰਰਾਸ਼ਟਰੀ ਬਾਜ਼ਾਰ ਵਿੱਚ 45 ਕਰੋੜ ਰੁਪਏ ਦੱਸੀ ਜਾ ਰਹੀ ਹੈ।ਸਵੇਰੇ ਬੀ ਐਸ ਐਫ ਦੇ ਜਵਾਨਾਂ ਨੇ ਪੂਰੇ ਇਲਾਕੇ ਵਿੱਚ ਤਲਾਸ਼ੀ ਮੁਹਿੰਮ ਚਲਾਈ ਤਾਂ ਗੁਰਦੀਪ ਸਿੰਘ ਪੁੱਤਰ ਸੰਤੋਖ ਸਿੰਘ ਦੇ ਖੇਤਾਂ ਵਿੱਚੋਂ ਕਾਲੀ ਰੱਸੀ ਨਾਲ ਬੰਨ੍ਹਿਆ ਇੱਟ ਦਾ ਟੁਕੜਾ ਕਰੀਬ 300 ਗ੍ਰਾਮ ਤੇ ਇੱਕ ਚਿੱਟੇ ਰੰਗ ਦਾ ਡਰੋਨ ਬਰਾਮਦ ਹੋਇਆ। ਅਨੁਮਾਨ ਹੈ ਕਿ ਰਿਮੋਟ ਕੰਟਰੋਲ ਰੇਂਜ ਤੋਂ ਬਾਹਰ ਹੋਣ ਕਾਰਨ ਡਰੋਨ ਖੇਤਾਂ ਵਿੱਚ ਡਿੱਗਿਆ ਹੋਏਗਾ।

## ਠੱਗਾਂ ਦੀ ਫਰਜ਼ੀ ਰੇਡ ਪਾਰਟੀ ਵੱਲੋਂ 3 ਮਹੀਨੇ ਵਿੱਚ 4 ਵਾਰਦਾਤਾਂ

ਲੁਧਿਆਣਾ, 10 ਮਾਰਚ (ਪੋਸਟ ਬਿਊਰੋ)- ਬਾਲੀਵੁੱਡ ਦੀ ਫਿਲਮ 'ਸਪੈਸ਼ਲ 26' ਵਾਂਗ ਇਸ ਸ਼ਹਿਰ ਵਿੱਚ ਫਰਜ਼ੀ ਰੇਡ ਪਾਰਟੀ ਨੇ ਤਿੰਨ ਮਹੀਨੇ ਵਿੱਚ ਚੌਥੀ ਵਾਰਦਾਤ ਕੀਤੀ ਹੈ। ਇਸ ਵਾਰ ਠੱਗਾਂ ਨੇ ਸਾਹਨੇਵਾਲ ਦੇ ਆਯੁਰਵੈਦਿਕ ਯੋਗੀਆ ਫਾਰਮੇਸੀ, ਵੈਦ ਯੋਗੀਆ ਦਵਾਖਾਨਾ ਦੇ ਵੈਦ, ਉਨ੍ਹਾਂ ਦੇ ਪਰਵਾਰ ਸਮੇਤ ਛੇ ਜਣਿਆਂ ਨੂੰ ਬੰਦੀ ਬਣਾ ਕੇ ਲੱਖਾਂ ਦੀ ਨਕਦੀ ਲੈ ਕੇ ਫਰਾਰ ਹੋ ਗਏ। ਘਟਨਾ ਦੇ ਬਾਅਦ ਸੀ ਸੀ ਟੀ ਵੀ ਕੈਮਰਿਆਂ ਦੀ ਡੀ ਵੀ ਆਰ ਨਾਲ ਲੈ ਗਏ।



ਵੈਦ ਹਰਭਜਨ ਸਿੰਘ ਨੇ ਦੱਸਿਆ ਕਿ ਮੰਗਲਵਾਰ ਰਾਤ ਨੂੰ ਮਰੀਜ਼ਾਂ ਨੂੰ ਦਵਾਈਆਂ ਦੇਣ ਦੇ ਬਾਅਦ ਸੇਵਾਦਾਰ ਗੇਟ ਬੰਦ ਕਰਨ ਲੱਗੇ ਤਾਂ ਕੁਝ ਲੋਕ ਅੰਦਰ ਆਉਣ ਲੱਗੇ। ਤਦ ਪਿੱਛੋਂ ਪੰਜਾਬ ਪੁਲਸ ਦੀ ਵਰਦੀ ਵਿੱਚ ਇੱਕ ਦੋਸ਼ੀ ਨੇ ਕਿਹਾ ਈ ਡੀ (ਇਨਫੋਰਸਮੈਂਟ ਡਾਇਰੈਕਟੋਰੇਟ) ਦੇ ਅਫਸਰ ਰੇਡ ਕਰਨ ਲਈ ਆਏ ਹਨ। ਉਨ੍ਹਾਂ ਨਾਲ ਸਿਵਲ ਕੱਪੜਿਆਂ ਵਿੱਚ ਆਏ ਲੋਕਾਂ ਨੇ ਆਪਣੇ ਆਈ ਡੀ ਕਾਰਡ ਦਿਖਾਏ ਅਤੇ 15 ਦੇ ਕਰੀਬ ਲੋਕ ਅੰਦਰ ਆ ਗਏ ਤੇ ਬਾਕੀ ਬਾਹਰ ਖੜ੍ਹੇ ਸਨ। ਦੋਸ਼ੀਆਂ ਨੇ ਹਰਭਜਨ ਸਿੰਘ, ਉਨ੍ਹਾਂ ਦੀ ਪਤਨੀ ਜਸਵੀਰ ਕੌਰ, ਬੇਟੇ ਸੁਖਪ੍ਰੀਤ ਸਿੰਘ, ਸੇਵਾਦਾਰ ਸਭ ਨੂੰ ਇੱਕ ਕਮਰੇ ਵਿੱਚ ਬੰਦੀ ਬਣਾ ਲਿਆ, ਸਾਰਿਆਂ ਦੇ ਮੋਬਾਈਲ ਲੈ ਲਏ। ਲੁੱਟ-ਖਸੁੱਟ ਕਰਨ ਦੇ ਬਾਅਦ ਸੀ ਸੀ ਟੀ ਵੀ ਕੈਮਰਿਆਂ ਦੀ ਡੀ ਵੀ ਆਰ ਨਾਲ ਲੈ ਗਏ, ਪਰ ਜਾਂਦੇ ਹੋਏ ਹਰਭਜਨ ਸਿੰਘ ਨੂੰ ਇੱਕ ਚਿੱਟੇ ਕਾਗਜ਼ ਉੱਤੇ ਲਿਖ ਕੇ ਦੇ ਗਏ ਕਿ ਇੱਥੋਂ ਕੋਈ ਕੈਸ਼ ਨਹੀਂ ਮਿਲਿਆ, ਉਨ੍ਹਾਂ ਨੂੰ ਮਿਲੀ ਇਨਫਰਮੇਸ਼ਨ ਗਲਤ ਸੀ। ਹੇਠਾਂ ਈ ਡੀ ਆਫਿਸ ਲਿਖ ਕੇ ਆਪਣੇ ਸਾਈਨ ਕਰ ਕੇ ਦੇ ਗਏ। ਇਸ ਮਾਮਲੇ ਵਿੱਚ ਪੁਲਸ ਨੇ ਆਸ-ਪਾਸ ਦੇ ਸੀ ਸੀ ਟੀ ਵੀ ਕੈਮਰੇ ਦੇਖੇ ਤਾਂ ਉਸ ਵਿੱਚ ਤਿੰਨ ਗੱਡੀਆਂ ਨਜ਼ਰ ਆਈਆਂ ਹਨ। ਇਸੇ ਤਰ੍ਹਾਂ ਦੀਆਂ ਤਿੰਨ ਵਾਰਦਾਤਾਂ ਪਹਿਲਾ ਵੀ ਹੋ ਚੁੱਕੀਆਂ ਹਨ।

## ਨਵਜੋਤ ਸਿੱਧੂ ਨੂੰ ਚੁਣੌਤੀ ਦੇਣ ਵਾਲਾ ਹੈਡ ਕਾਂਸਟੇਬਲ ਡੋਪ ਪਾਜ਼ੇਟਿਵ

ਅੰਮ੍ਰਿਤਸਰ, 10 ਮਾਰਚ (ਪੋਸਟ ਬਿਊਰੋ)- ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੱਧੂ ਦੇ ਪੁਲਸ ਦੀ ਪੈਂਟ ਗਿੱਲੀ ਕਰਨ ਵਾਲੇ ਬਿਆਨ ਉੱਤੇ ਇਤਰਾਜ਼ ਕਰਨ ਵਾਲੇ ਹੈਡ ਕਾਂਸਟੇਬਲ ਸੰਦੀਪ ਸਿੰਘ ਦਾ ਡੋਪ ਟੈਸਟ ਪਾਜ਼ੇਟਿਵ ਮਿਲਿਆ ਹੈ। ਕੱਲ੍ਹ ਦੁਪਹਿਰੇ ਸਿਵਲ ਹਸਪਤਾਲ ਤੋਂ ਮਿਲੀ ਰਿਪੋਰਟ ਪਿੱਛੋਂ ਉਚ ਅਧਿਕਾਰੀਆਂ ਨੇ ਉਸ ਖਿਲਾਫ ਵਿਭਾਗੀ ਜਾਂਚ ਲਈ ਹੁਕਮ ਜਾਰੀ ਕੀਤੇ ਹਨ ਅਤੇ ਅਗਲੀ ਕਾਰਵਾਈ ਕੀਤੀ ਜਾ ਰਹੀ ਹੈ।




ਏ ਸੀ ਪੀ (ਪੂਰਬੀ) ਨੇ ਦੱਸਿਆ ਕਿ ਇਸ ਕੇਸ ਦੀ ਜਾਂਚ ਕਰਵਾਈ ਜਾ ਰਹੀ ਹੈ।ਪੁਲਸ ਮੁਤਾਬਕ ਸੰਦੀਪ ਸਿੰਘ ਦੇ ਖਿਲਾਫ ਇੱਕ ਔਰਤ ਨੇ ਕੁੱਟਮਾਰ ਦੇ ਦੋਸ਼ ਵਿੱਚ ਸ਼ਿਕਾਇਤ ਦਿੱਤੀ ਸੀ। ਜਦੋਂ ਪੁੱਛਗਿੱਛ ਲਈ ਸੰਦੀਪ ਸਿੰਘ ਨੂੰ ਬੁਲਾਇਆ ਤਾਂ ਉਹ ਥਾਣੇ ਨਹੀਂ ਪੁੱਜਾ। ਇਸ ਪਿੱਛੋਂ ਪੁਲਸ ਅਫਸਰਾਂ ਨੇ ਉਸ ਨੂੰ ਹਿਰਾਸਤ ਵਿੱਚ ਲੈ ਕੇ ਪੁੱਛਗਿੱਛ ਕੀਤੀ ਤਾਂ ਉਨ੍ਹਾਂ ਨੂੰ ਸ਼ੱਕ ਹੋਇਆ ਕਿ ਉਸ ਨੇ ਨਸ਼ਾ ਕੀਤਾ ਹੋਇਆ ਹੈ। ਉਸੇ ਸਮੇਂ ਉਸ ਦਾ ਸਿਵਲ ਹਸਪਤਾਲ ਤੋਂ ਡੋਪ ਟੈਸਟ ਕਰਵਾਇਆ ਗਿਆ, ਜੋ ਪਾਜ਼ੇਟਿਵ ਪਾਇਆ ਗਿਆ। ਵਰਨਣ ਯੋਗ ਹੈ ਕਿ ਹੈਡ ਕਾਂਸਟੇਬਲ ਸੰਦੀਪ ਸਿੰਘ ਇਸ ਸਮੇਂ ਕੋਤਵਾਲੀ ਥਾਣੇ ਦੇ ਅਧੀਨ ਇੱਕ ਮੰਦਰ ਅੱਗੇ ਕੁਇਕ ਐਕਸ਼ਨ ਟੀਮ ਦਾ ਮੈਂਬਰ ਹੈ। ਪੰਜਾਬ ਵਿਧਾਨ ਸਭਾ ਚੋਣਾਂ ਤੋਂ ਕੁਝ ਸਮਾਂ ਪਹਿਲਾਂ ਕਾਂਗਰਸੀ ਨੇਤਾ ਨਵਜੋਤ ਸਿੰਘ ਸਿੱਧੂ ਨੇ ਥਾਣੇਦਾਰ ਦੀ ਪੈਂਟ ਗਿੱਲੀ ਕਰਨ ਵਾਲਾ ਬਿਆਨ ਦਿੱਤਾ ਸੀ। ਇਸ ਉੱਤੇਸੰਦੀਪ ਨੇ ਕਿਹਾ ਸੀ ਕਿ ਉਹ ਥਾਣੇਦਾਰ ਨਹੀਂ, ਸਿਰਫ ਹੈਡ ਕਾਂਸਟੇਬਲ ਹੈ, ਪਰ ਨਵਜੋਤ ਸਿੰਘ ਨੂੰ ਚੁਣੌਤੀ ਦਿੰਦਾ ਹੈ ਕਿ ਸਿੱਧੂ ਉਸ ਨੂੰ ਦਬਕਾ ਮਾਰਨ, ਜੇ ਉਸ ਦੇ ਮੱਥੇ ਉੱਤੇ ਪਸੀਨੇ ਦੀ ਬੂੰਦ ਵੀ ਆਈ ਤਾਂ ਉਹ ਸਿੱਧੂ ਦਾ ਜੂਠਾ ਪਾਣੀ ਪੀਣਗੇ।

## ਜ਼ਬਤ ਕੀਤੀ ਹੋਈ ਕਾਰ ਦੀ ਥਾਣੇਦਾਰ ਵੱਲੋਂ ਵਰਤੋਂ ਦਾ ਹਾਈ ਕੋਰਟ ਨੇ ਨੋਟਿਸ ਲਿਆ

ਮੁੱਲਾਂਪੁਰ ਦਾਖਾ, 10 ਮਾਰਚ (ਪੋਸਟ ਬਿਊਰੋ)- ਪੁਲਸ ਵੱਲੋਂ ਜ਼ਬਤ ਕੀਤੀ ਫਾਰਚੂਨਰ ਕਾਰ ਮਾਲਖਾਨੇ ਜਮ੍ਹਾਂ ਕਰਵਾਉਣਅਤੇਮਾਡਲ ਥਾਣਾ ਦਾਖਾ ਦੇ ਓਦੋਂ ਦੇ ਐਸ ਐਚ ਓ ਇੰਸਪੈਕਟਰ ਪ੍ਰੇਮ ਸਿੰਘ ਭੰਗੂ ਵੱਲੋਂ ਸਕੂਟਰੀ ਦਾ ਫਰਜ਼ੀ ਨੰਬਰ ਲਾ ਕੇ ਕਈ ਸਾਲਾਂ ਤਕ ਚਲਾਉਣ ਦਾ ਪੰਜਾਬ ਹਰਿਆਣਾ ਹਾਈ ਕੋਰਟ ਨੇ ਨੋਟਿਸ ਲਿਆ ਹੈ।

ਅਦਾਲਤ ਨੇ ਇਸ ਬਾਰੇ ਪੰਜਾਬ ਸਰਕਾਰ, ਡਾਇਰੈਕਟਰ ਜਨਰਲ ਪੰਜਾਬ ਪੁਲਸ, ਜ਼ਿਲਾ ਪੁਲਸ ਮੁਖੀ ਲੁਧਿਆਣਾ (ਦਿਹਾਤੀ), ਇੰਚਾਰਜ ਸਪੈਸ਼ਲ ਬਰਾਂਚ ਲੁਧਿਆਣਾ (ਦਿਹਾਤੀ) ਪ੍ਰੇਮ ਸਿੰਘ ਭੰਗੂ ਅਤੇ ਬੀਮਾ ਕੰਪਨੀ ਤੋਂ ਜਵਾਬ ਮੰਗਿਆ ਹੈ। ਜਸਟਿਸ ਅਲਕਾ ਸਰੀਨ ਦੀ ਅਦਾਲਤ ਨੇ ਇਸ ਦਾ ਨੋਟਿਸ ਲੈਂਦਿਆਂ ਦੋ ਅਦਾਲਤੀ ਕੇਸਾਂ ਦੀ ਜਾਇਦਾਦ ਨੂੰ ਫਰਜ਼ੀ ਨੰਬਰ ਲਾ ਕੇ ਵਰਤੇ ਜਾਣ ਬਾਰੇ ਜਵਾਬ ਮੰਗਿਆ ਹੈ, ਪਰ ਸਰਕਾਰੀ ਵਕੀਲ ਦੇ ਕੇ ਖੁਰਾਣਾ ਵੱਲੋਂ ਜਵਾਬ ਦੇਣ ਲਈ ਸਮਾਂ ਮੰਗਣ ਉੱਤੇ ਅਦਾਲਤ ਨੇ 19 ਅਪ੍ਰੈਲ ਨੂੰ ਅਗਲੀ ਸੁਣਵਾਈ ਤੈਅ ਕੀਤੀ ਹੈ।

ਮੁੱਲਾਂਪੁਰ ਦੇ ਢਾਬਾ ਮਾਲਕ ਰਵਿੰਦਰ ਪਾਲ ਨੇ ਇਸ ਬਾਰੇ ਪਟੀਸ਼ਨ ਦਾਖਲ ਕਰ ਕੇ ਕੇਸ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਧਿਆਨ ਵਿੱਚ ਲਿਆਂਦਾ ਸੀ। 14 ਅਗਸਤ 2017 ਨੂੰ ਇੱਕ ਵਿਆਹ ਸਮਾਗਮ ਦੌਰਾਨ ਮੈਰਿਜ ਪੈਲੇਸ ਸਾਹਮਣੇ ਫਾਰਚੂਨਰ ਹਥਿਆਰਾਂ ਦੀ ਨੋਕ ਉੱਤੇ ਖੋਹੀ ਜਾਣ ਪਿੱਛੋਂ ਇਸ ਬਾਰੇ ਥਾਣਾ ਦਾਖਾ ਵਿੱਚ 15 ਅਗਸਤ 2017 ਨੂੰ ਕੇਸ ਦਰਜ ਹੋਇਆ ਸੀ। ਮੁਹਾਲੀ ਜ਼ਿਲ੍ਹੇ ਦੇ ਥਾਣਾ ਜ਼ੀਰਕਪੁਰ ਵਿੱਚ ਚਾਰ ਫਰਵਰੀ 2018 ਨੂੰ ਦੇਹਾਂ ਦੀ ਘਟਨਾ ਦਾ ਕੇਸ ਦਰਜ ਹੋਇਆ ਸੀ, ਜਿਸ ਦੀ ਜਾਂਚ ਵਿੱਚ ਮੋਗਾ ਜ਼ਿਲ੍ਹੇ ਦੇ ਇੱਕ ਪਿੰਡ ਤੋਂ ਦੋਸ਼ੀ ਬੂਟਾ ਸਿੰਘ ਦੇ ਘਰੋਂ ਇਹ ਲਗਜ਼ਰੀ ਕਾਰ ਨੌਂ ਫਰਵਰੀ 2018 ਨੂੰ ਬਰਾਮਦ ਹੋ ਗਈ ਸੀ। ਕਾਰ ਦੇ ਅਸਲ ਮਾਲਕ ਅਗਰ ਨਗਰ (ਲੁਧਿਆਣਾ) ਦੇ ਵਾਸੀ ਸੌਰਭ ਜੈਨ ਨੇ ਘਟਨਾ ਦੇ ਤਿੰਨ ਮਹੀਨੇ ਬਾਅਦ ਇਸ ਕਾਰ ਦੀ ਕੀਮਤ ਬੀਮਾ ਕੰਪਨੀ ਤੋਂ ਵਸੂਲ ਕਰ ਲਈ ਤੇ ਟਰਾਂਸਪੋਰਟ ਅਥਾਰਟੀ ਨੇ ਕਾਰ ਦਾ ਰਜਿਸਟਰੇਸ਼ਨ ਨੰਬਰ ਬਲਾਕ ਕਰ ਦਿੱਤਾ ਸੀ।

ਥਾਣਾ ਦਾਖਾ ਦੀ ਪੁਲਸ ਨੇ 13 ਮਾਰਚ 2018 ਨੂੰ ਇਹ ਫਾਰਚੂਨਰ ਥਾਣਾ ਜ਼ੀਰਕਪੁਰ ਤੋਂ ਕਬਜ਼ੇ ਵਿੱਚ ਲੈ ਕੇ 29 ਅਪ੍ਰੈਲ 2018 ਨੂੰ ਲੁਧਿਆਣਾ ਦੀ ਅਦਾਲਤ ਵਿੱਚ ਚਲਾਨ ਪੇਸ਼ ਕਰ ਦਿੱਤਾ, ਪਰ ਦੋ ਅਦਾਲਤੀ ਕੇਸਾਂ ਦੀ ਇਸ ਪ੍ਰਾਪਰਟੀ ਨੂੰ ਮਾਲਖਾਨੇ ਵਿੱਚ ਜਮ੍ਹਾਂ ਕਰਨ ਦੀ ਥਾਂ ਉਸ ਵੇਲੇ ਦੇ ਦਾਖਾ ਥਾਣੇ ਦੇ ਮੁਖੀ ਪ੍ਰੇਮ ਸਿੰਘ ਭੰਗੂ ਨੇ ਸਕੂਟਰੀ ਦਾ ਫਰਜ਼ੀ ਨੰਬਰ ਪੀ ਬੀ 10 ਏ ਜ਼ੈਡ 1500 ਲਾ ਕੇ ਖੁਦ ਵਰਤਣੀ ਸ਼ੁਰੂ ਕਰ ਦਿੱਤੀ ਸੀ।

## ਮੌੜ ਮੰਡੀ ਬਲਾਸਟ ਮਾਮਲੇ ਵਿਚ ਹਾਈ ਕੋਰਟ ਨੇ ਪੰਜਾਬ ਸਰਕਾਰ ਨੂੰ ਰਿਪੋਰਟ ਪੇਸ਼ ਕਰਨ ਲਈ ਕਿਹਾ

ਚੰਡੀਗੜ੍ਹ, 10 ਮਾਰਚ (ਪੋਸਟ ਬਿਊਰੋ)- ਪਿਛਲੀ ਵਾਰ ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਦੌਰਾਨ 31 ਜਨਵਰੀ 2017 ਨੂੰ ਮੌੜ ਮੰਡੀ ਵਿੱਚ ਇੱਕ ਚੋਣ ਜਨਸਭਾ ਦੇ ਨੇੜੇਬਲਾਸਟ ਹੋਣ ਦੇ ਕੇਸ ਵਿੱਚ ਦਾਖਲ ਰਿਵਿਊ ਪਟੀਸ਼ਨ ਉੱਤੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਚੀਫ ਜਸਟਿਸ ਉੱਤੇ ਆਧਾਰਤ ਬੈਂਚ ਨੇ ਸੁਣਵਾਈ ਕਰਦਿਆਂ ਕੱਲ੍ਹ ਇੱਕ ਵਾਰ ਫਿਰ ਪੰਜਾਬ ਸਰਕਾਰ ਨੂੰ ਇਸ ਦੀ ਸਟੇਟਸ ਰਿਪੋਰਟ ਦਾਖਲ ਕਰਨ ਨੂੰ ਕਿਹਾ ਹੈ।




ਇਸ ਮਾਮਲੇ ਵਿੱਚ ਪਾਤੜਾਂ ਵਾਸੀ ਗੁਰਜੀਤ ਸਿੰਘ ਨੇ ਮੁੜ ਵਿਚਾਰ ਪਟੀਸ਼ਨ ਦਰਜ ਕਰ ਕੇ ਨਵੇਂ ਸਿਰੇ ਤੋਂ ਸੁਣਵਾਈ ਦੀ ਮੰਗ ਕੀਤੀ ਹੈ। ਉਸ ਨੇ ਦੋਸ਼ ਲਾਇਆ ਕਿ ਇਸ ਦੀ ਜਾਂਚ ਲਈ ਬਣਾਈ ਵਿਸ਼ੇਸ਼ ਜਾਂਚ ਟੀਮ(ਐਸ ਆਈ ਟੀ) ਨੇ ਹਾਈ ਕੋਰਟ ਦੇ ਹੁਕਮ ਅਨੁਸਾਰ ਸਹੀ ਜਾਂਚ ਨਹੀਂ ਕੀਤੀ ਅਤੇ ਉਸ ਬੰਬ ਬਲਾਸਟ ਕੇਸ ਵਿੱਚ ਹਾਈ ਕੋਰਟ ਦੇ ਹੁਕਮਾਂ ਦੇ ਬਾਵਜੂਦ ਮੁੱਖ ਦੋਸ਼ੀ ਗ੍ਰਿਫਤਾਰ ਨਹੀਂ ਕੀਤਾ। ਇਸ ਬਲਾਸਟ ਵਿੱਚ ਪੰਜ ਬੱਚਿਆਂ ਸਮੇਤ ਸੱਤ ਲੋਕਾਂ ਦੀ ਮੌਤ ਹੋਈ ਸੀ। ਜਾਂਚ ਏਜੰਸੀਆਂ ਅਤੇ ਪੰਜਾਬ ਪੁਲਸ ਦੀ ਐਸ ਆਈ ਟੀ ਨੇ ਬਲਾਸਟ ਪਿੱਛੇ ਡੇਰਾ ਸੱਚਾ ਸੌਦਾ ਨਾਲ ਜੁੜੇ ਲੋਕਾਂ ਦਾ ਹੱਥ ਦੱਸ ਕੇ ਤਿੰਨ ਲੋਕਾਂ ਨੂੰ ਨਾਮਜ਼ਦ ਕੀਤਾ ਸੀ, ਜਿਸ ਵਿੱਚ ਮੁੱਖ ਦੋਸ਼ੀ ਗੁਰਤੇਜ ਸਿੰਘ ਕਾਲਾ ਨੂੰ ਬਣਾਇਆ ਸੀ, ਜੋ ਡੇਰੇ ਦੀ ਵਰਕਸ਼ਾਪ ਦਾ ਇੰਚਾਰਜ ਸੀ। ਜਾਂਚ ਵਿੱਚ ਪਤਾ ਲੱਗਾ ਕਿ ਗੁਰਤੇਜ ਜਿਸ ਕਾਰ ਵਿੱਚ ਕੁੱਕਰ ਬੰਬ ਲਿਆਇਆ ਸੀ, ਉਹ ਕਾਰ ਡੇਰਾ ਸੱਚਾ ਸੌਦਾਸਿਰਸਾ ਦੇ ਨਾਲ ਸਬੰਧਤ ਸੀ। ਬਲਾਸਟ ਵਿੱਚ ਕਾਲੇ ਦਾ ਸਾਥ ਦੇਣ ਵਾਲਿਆਂ ਵਿੱਚ ਡੇਰਾ ਮੁਖੀ ਗੁਰਮੀਤ ਰਾਮ ਰਹੀਮ ਦਾ ਮੁੱਖ ਸੁਰੱਖਿਆ ਕਰਮਚਾਰੀ ਅਮਰੀਕ ਸਿੰਘ ਤੇ ਕੁਰੂਕਸ਼ੇਤਰ ਦਾ ਡੇਰਾ ਪ੍ਰੇਮੀ ਅਤੇ ਇਲੈਕਟ੍ਰੀਸ਼ੀਅਨ ਅਵਤਾਰ ਸਿੰਘ ਸ਼ਾਮਲ ਦੱਸੇ ਗਏ ਸਨ। ਮੁੜ ਵਿਚਾਰ ਪਟੀਸ਼ਨ ਵਿੱਚ ਕਿਹਾ ਗਿਆ ਹੈ ਕਿ ਮੌੜ ਮੰਡੀ ਦੇ ਬਲਾਸਟ ਦੀ ਜਾਂਚ ਨੂੰ ਗੰਭੀਰਤਾ ਨਾਲ ਨਹੀਂ ਲਿਆ ਗਿਆ। ਇਹੀ ਵਜ੍ਹਾ ਹੈ ਕਿ ਅਜੇ ਤਕ ਮੁੱਖ ਦੋਸ਼ੀ ਗ੍ਰਿਫਤਾਰ ਤਕ ਨਹੀਂ ਕੀਤਾ ਗਿਆ, ਇੱਥੋਂ ਤਕ ਕਿ ਕੋਰਟ ਵਿੱਚ ਪੇਸ਼ ਕੀਤੀ ਗਈ ਚਾਰਜਸ਼ੀਟ ਵੀ ਅਧੂਰੀ ਸੀ।

## ਵੀਜ਼ਾ ਲੱਗਣ ਪਿੱਛੋਂ ਲਾਕਡਾਊਨ ਕਾਰਨ ਟਿਕਟ ਨਾ ਮਿਲੀ, ਪੈਸੇ ਨਹੀਂ ਮੋੜੇ ਤਾਂ ਏਜੰਟ ਉੱਤੇ ਕੇਸ

ਜਲੰਧਰ, 10 ਮਾਰਚ (ਪੋਸਟ ਬਿਊਰੋ)- ਅੰਮ੍ਰਿਤਸਰ ਦੇ ਇੱਕ ਨੌਜਵਾਨ ਨੇ ਜਲੰਧਰ ਦੇ ਏਜੰਟ ਉੱਤੇ ਦੋ ਲੱਖ 45 ਹਜ਼ਾਰ ਰੁਪਏ ਦੇ ਫਰਾਡ ਦਾ ਕੇਸ ਦਰਜ ਕਰਵਾਇਆ ਹੈ।

ਪੁਲਸ ਨੂੰ ਦਿੱਤੀ ਸ਼ਿਕਾਇਤ ਵਿੱਚ ਗੁਰਮੇਲ ਸਿੰਘ ਪੁੱਤਰ ਬਲਵਿੰਦਰ ਸਿੰਘ ਵਾਸੀ ਨੰਗਲ ਗੁਰੂ, ਅੰਮ੍ਰਿਤਸਰ ਨੇ ਦੱਸਿਆ ਕਿ ਉਸ ਨੇ ਅਰਮੀਨੀਆ ਜਾਣ ਦੇ ਲਈ ਏਜੰਟ ਅਮਨਦੀਪ ਸਿੰਘ ਪੁੱਤਰ ਕੁਲਬੀਰ ਸਿੰਘ ਵਾਸੀ ਅਸ਼ੋਕ ਵਿਹਾਰ ਸਲੇਮਪੁਰ ਰੋਡ ਨਾਲ ਸੰਪਰਕ ਕੀਤਾ ਸੀ। ਏਜੰਟ ਨੇ ਉਸ ਕੋਲੋਂ 2 ਲੱਖ 50 ਹਜ਼ਾਰ ਰੁਪਏ ਮੰਗੇ।ਉਸ ਨੇ ਅਮਨਦੀਪ ਨੂੰ ਪਾਸ-ਪੋਰਟ ਦੇ ਕੇ ਉਸਦੇ ਬੈਂਕ ਖਾਤੇ ਵਿੱਚ 50 ਹਜ਼ਾਰ ਰੁਪਏ ਟਰਾਂਸਫਰ ਕਰ ਦਿੱਤੇ। ਕੁਝ ਦਿਨਾਂ ਬਾਅਦ ਉਸ ਨੇ 50-50 ਹਜ਼ਾਰ ਰੁਪਏ ਕਰ ਕੇ ਏਜੰਟ ਨੂੰ 2 ਲੱਖ ਰੁਪਏ ਦੇ ਦਿੱਤੇ। ਏਜੰਟ ਨੇਭਰੋਸਾ ਦਿੱਤਾ ਕਿ ਜਲਦ ਹੀ ਉਸਦਾ ਵੀਜ਼ਾ ਤੇ ਟਿਕਟ ਆ ਜਾਵੇਗੀ। ਫਿਰ ਏਜੰਟ ਨੇ ਉਸ ਤੋਂ 45 ਹਜ਼ਾਰ ਰੁਪਏ ਦੀ ਮੰਗ ਕਰਦਿਆਂ ਤਿਆਰ ਰਹਿਣ ਨੂੰ ਕਿਹਾ। ਗੁਰਮੇਲ ਸਿੰਘ ਨੇ ਉਸ ਨੂੰ 45 ਹਜ਼ਾਰ ਰੁਪਏ ਵੀ ਦੇ ਦਿੱਤੇ। ਏਜੰਟ ਨੇ ਕੁਝ ਸਮੇਂ ਬਾਅਦ ਉਸ ਨੂੰ ਵੀਜ਼ਾ ਤੇ ਟਿਕਟ ਦਿੱਤੇ, ਜਿਹੜੇ ਜਾਅਲੀ ਨਿਕਲੇ। ਜਾਂਚ ਵਿੱਚ ਪਤਾ ਲੱਗਾ ਕਿ ਏਜੰਟ ਨੇ ਗੁਰਮੇਲ ਸਿੰਘ ਦਾ ਵੀਜ਼ਾ ਲੁਆਇਆ ਸੀ, ਪਰ ਲਾਕਡਾਊਨ ਦੇ ਕਾਰਨ ਟਿਕਟ ਨਹੀਂ ਹੋ ਸਕੀ ਅਤੇ ਵੀਜ਼ਾ ਐਕਪਾਇਰ ਹੋ ਗਿਆ। ਏਜੰਟ ਨੇ ਫਿਰ ਦੁਬਈ ਭੇਜਣ ਦਾ ਭਰੋਸਾ ਦਿੱਤਾ, ਪਰ ਗੱਲ ਨਹੀਂ ਬਣੀ। ਪੁਲਸ ਜਾਂਚ ਵਿੱਚ ਸਾਹਮਣੇ ਆਇਆ ਕਿ ਏਜੰਟ ਬਿਨਾਂ ਲਾਇਸੈਂਸ ਦੇ ਨਾਜਾਇਜ਼ ਢੰਗ ਨਾਲ ਏਜੰਸੀ ਦਾ ਕੰਮ ਕਰਦਾ ਸੀ।ਅਮਨਦੀਪ ਸਿੰਘ ਖਿਲਾਫ ਵੱਖ-ਵੱਖ ਧਾਰਾਵਾਂ ਅਧੀਨ ਕੇਸ ਦਰਜ ਕੀਤਾ ਗਿਆ ਹੈ।

## ਯੂਕਰੇਨ ਤੋਂ ਆਏ ਵਿਦਿਆਰਥੀਆਂ ਨੂੰ ਐਡਜਸਟ ਕਰਨ ਉੱਤੇ ਵਿਵਾਦ

* ਪੰਜਾਬ ਮੈਡੀਕਲ ਐਂਡ ਡੈਂਟਲ ਟੀਚਰਜ਼ ਐਸੋਸੀਏਸ਼ਨ ਵੱਲੋਂ ਵਿਰੋਧ

ਪਟਿਆਲਾ, 10 ਮਾਰਚ (ਪੋਸਟ ਬਿਊਰੋ)-ਰੂਸ ਵੱਲੋਂ ਛੇੜੀ ਗਈ ਜੰਗ ਤੋਂਬਾਦ ਤਰ੍ਹਾਂ ਪ੍ਰਭਾਵਤ ਹੋਣ ਕਾਰਨ ਯੂਕਰੇਨ ਤੋਂ ਆਏ ਮੈਡੀਕਲ ਵਿਦਿਆਰਥੀਆਂ ਨੂੰ ਇਸ ਰਾਜ ਵਿੱਚ ਚਲਾਏ ਜਾ ਰਹੇ ਮੈਡੀਕਲ ਕਾਲਜਾਂ ਵਿੱਚ ਐਮ ਬੀ ਬੀ ਐਸ ਅੰਡਰ ਗਰੈਜੂਏਟ ਕੋਰਸ ਪੂਰਾ ਕਰਨ ਲਈ ਐਡਜਸਟ ਕਰਨ ਦੀ ਕਾਰਵਾਈ ਤੋਂ ਪੰਜਾਬ ਟੀਚਰਜ਼ ਐਸੋਸੀਏਸ਼ਨ (ਪੀ ਐਸ ਐਮ ਡੀ ਟੀ ਏ) ਨਾਖ਼ੁਸ਼ ਹੋ ਗਈ ਹੈ ਅਤੇ ਭਾਰਤ ਸਰਕਾਰ ਜਾਂ ਨੈਸ਼ਨਲ ਮੈਡੀਕਲ ਕਮਿਸ਼ਨ ਦੇ ਅਜਿਹੇ ਕਿਸੇ ਵੀ ਕਦਮ ਦਾ ਐਸੋਸੀਏਸ਼ਨ ਨੇ ਵਿਰੋਧ ਕਰਨ ਦਾ ਫੈਸਲਾ ਕਰ ਲਿਆ ਹੈ।

ਪੰਜਾਬ ਸਟੇਟ ਮੈਡੀਕਲ ਐਂਡ ਡੈਂਟਲ ਟੀਚਰਜ਼ ਐਸੋਸੀਏਸ਼ਨ ਦੇ ਸੂਬਾ ਪ੍ਰਧਾਨ ਡਾਕਟਰ ਜੀ ਐਸ ਭੁੱਲਰ ਤੇ ਹੋਰਾਂ ਨੇ ਕਿਹਾ ਕਿ ਐਸੋਸੀਏਸ਼ਨ ਉਨ੍ਹਾਂ ਵਿਦਿਆਰਥੀਆਂ ਪ੍ਰਤੀ ਪੂਰੀ ਹਮਦਰਦੀ ਰੱਖਦੀ ਹੈ, ਜਿਨ੍ਹਾਂ ਨੂੰ ਆਪਣਾ ਮੈਡੀਕਲ ਕੋਰਸ ਪੂਰਾ ਕੀਤੇ ਬਿਨਾਂ ਯੂਕਰੇਨ ਛੱਡਣਾ ਪਿਆ, ਪਰ ਉਨ੍ਹਾਂ ਨੂੰ ਐਡਜਸਟ ਕਰਨ ਦੀ ਕਾਰਵਾਈ ਪੰਜਾਬ ਵਿੱਚ ਆਪਣੇ ਅੰਡਰ ਗ੍ਰੈਜੂਏਟ ਕੋਰਸ ਕਰਦੇ ਵਿਦਿਆਰਥੀਆਂ ਦੀ ਕੀਮਤ ਉੱਤੇ ਨਹੀਂ ਕਰਨੀ ਚਾਹੀਦੀ। ਐਸੋਸੀਏਸ਼ਨ ਦੇ ਆਗੂਆਂ ਨੇ ਕਿਹਾ ਕਿ ਯੂਕਰੇਨ ਤੋਂ ਆਏ ਵਿਦਿਆਰਥੀਆਂ ਦੇ ਇੰਨੇ ਵੱਡੇ ਬੋਝ ਨੂੰ ਇਨ੍ਹਾਂ ਸਰਕਾਰੀ ਸੰਸਥਾਵਾਂ ਦੇ ਵਿਦਿਆਰਥੀ ਤੇ ਫੈਕਲਟੀ ਬਰਦਾਸ਼ਤ ਨਹੀਂ ਕਰ ਸਕਦੇ ਕਿਉਂਕਿ ਅਜਿਹੀ ਸੂਰਤ ਵਿੱਚ ਨਾ ਸਿਰਫ ਇਨ੍ਹਾਂ ਵਿਦਿਆਰਥੀਆਂ ਦੇ ਆਪਣੇ ਕੋਰਸਾਂ ਅਤੇ ਅਧਿਆਪਨ ਉੱਤੇ ਮਾੜਾ ਪ੍ਰਭਾਵ ਪਵੇਗਾ, ਸਗੋਂ ਅਜਿਹੇ ਉਮੀਦਵਾਰਾਂ ਦੇ ਦਾਖਲੇ ਲਈ ਉਨ੍ਹਾਂ ਉੱਤੇ ਨਿਰਾਸ਼ਾਜਨਕ ਪ੍ਰਭਾਵ ਵੀ ਪਵੇਗਾ, ਜੋ ਦਾਖਲੇ ਲੈਣ ਲਈ ਨੀਟ ਵਿੱਚ ਉਨ੍ਹਾਂ ਦਾ ਮੁਕਾਬਲਾ ਨਹੀਂ ਕਰ ਸਕਦੇ।ਪੰਜਾਬ ਦੇ ਸਰਕਾਰੀ ਮੈਡੀਕਲ ਕਾਲਜਾਂ ਤੋਂ ਐਮ ਬੀ ਬੀ ਐਸ ਕੋਰਸ ਪੂਰਾ ਕਰਨ ਦੀ ਇਸ ਕਾਰਵਾਈ ਨੂੰ ਉਹ ਬੈਕਡੋਰ ਐਂਟਰੀ ਦੱਸਦੇ ਹਨ, ਜਿਸ ਦੇ ਤਰਕ ਹੇਠ ਇਸ ਜਥੇਬੰਦੀ ਦਾ ਆਖਣਾ ਹੈ ਕਿ ਇਹ ਉਨ੍ਹਾਂ ਵਿਦਿਆਰਥੀਆਂ ਨਾਲ ਬੇਇਨਸਾਫੀ ਹੋਵੇਗੀ, ਜਿਨ੍ਹਾਂ ਨੇ ਇੱਥੇ ਦਾਖਲਾ ਟੈਸਟ ਵਿੱਚ ਆ ਕੇ ਆਯੂਰਵੈਦ ਜਾਂ ਹੋਮਿਓਪੈਥੀ ਪਾਸ ਕਰਨੀ ਸੀ। ਐਸੋਸੀਏਸ਼ਨ ਦਾ ਇਹ ਵੀ ਤਰਕ ਹੈ ਕਿ ਸਰਕਾਰੀ ਮੈਡੀਕਲ ਕਾਲਜਾਂ ਕੋਲ ਆਪਣੇ ਵਿਦਿਆਰਥੀਆਂ ਦੇ ਬੈਠਣ ਲਈ ਪਹਿਲਾਂ ਹੀ ਥਾਂ ਘੱਟ ਹੈ ਕਿਉਂਕਿ ਪਹਿਲਾਂ ਹੀ 150 ਵਿਦਿਆਰਥੀਆਂ ਵਾਲੇ ਪ੍ਰਬੰਧਾਂ ਵਿੱਚ 230 ਵਿਦਿਆਰਥੀ ਅਡਜਸਟ ਕੀਤੇ ਹੋਏ ਹਨ।





# ਆਸਾਮ ਵਿੱਚ ਭਾਜਪਾ ਅੱਸੀ ਵਿੱਚੋਂ 74 ਨਗਰ ਪਾਲਿਕਾਵਾਂ ’ਚ ਜੇਤੂ



ਗੁਹਾਟੀ, 10 ਮਾਰਚ (ਪੋਸਟ ਬਿਊਰੋ)- ਆਸਾਮ ਵਿੱਚ ਸਤਾਧਾਰੀ ਭਾਜਪਾ ਨੇ ਰਾਜ ਦੇ 80 ਨਗਰ ਪਾਲਿਕਾਵਾਂ ਵਿੱਚੋਂ 74 ਉੱਤੇ ਜਿੱਤ ਦਰਜ ਕੀਤੀ ਹੈ। ਵਿਰੋਧੀ ਕਾਂਗਰਸ ਪਾਰਟੀ ਦਾ ਪੂਰੀ ਤਰ੍ਹਾਂ ਨਾਲ ਸਫਾਇਆ ਹੋ ਗਿਆ ਹੈ ਅਤੇ ਉਹ ਸਭ ਤੋਂ ਪੁਰਾਣੀ ਪਾਰਟੀ ਕੇਵਲ ਇੱਕ ਨਗਰਪਾਲਿਕਾ ਬੋਰਡ ਜਿੱਤਣ ਵਿੱਚ ਸਫਲ ਰਹੀ ਹੈ।

ਰਾਜ ਸਰਕਾਰ ਵਿੱਚ ਭਾਜਪਾ ਦੀ ਸਹਿਯੋਗੀ ਆਸਾਮ ਗਣ ਪਰੀਸ਼ਦਨੇ ਦੋ ਨਗਰ ਨਿਗਮ ਬੋਰਡ ਜਿੱਤੇ। ਬਦਰੂਦੀਨ ਅਜਮਲ ਦੀ ਆਗਵਾਈ ਵਾਲੀ ਏ ਆਈ ਯੂ ਡੀ ਐਫ ਚੋਣ ਵਿੱਚ ਕਿਸੇ ਨਗਰਪਾਲਿਕਾ ਬੋਰਡ ਨੂੰ ਜਿੱਤਣ ਵਿੱਚ ਨਾਕਾਮ ਰਹੀ। ਰਾਜ ਦੇ 80 ਨਗਰ ਬੋਰਡਾਂ ਦੇ ਲਈ 6 ਮਾਰਚ ਨੂੰ ਪਹਿਲੀ ਵਾਰ ਈ ਵੀ ਐਮ ਰਾਹੀਂਵੋਟਾਂ ਪਈਆਂ ਸਨ। ਇਨ੍ਹਾਂ ਚੋਣਾਂ ਵਿੱਚ ਲੱਗਭਗ 70 ਪ੍ਰਤੀਸ਼ਤ ਮਤਦਾਨ ਹੋਇਆ ਸੀ।ਆਸਾਮ ਰਾਜ ਚੋਣ ਕਮਿਸ਼ਨ (ਏ ਐਸ ਈ ਸੀ) ਦੇ ਅਨੁਸਾਰ ਭਾਜਪਾ ਨੂੰ 672 ਬੋਰਡਾਂ ਵਿੱਚ ਜਿੱਤ ਮਿਲੀ ਹੈ ਜਦਕਿ ਕਾਂਗਰਸ ਦੇ ਖਾਤੇ ਵਿੱਚ 71 ਬੋਰਡ ਆਏ। ਹੋਰਾਂ ਨੂੰ 149 ਬੋਰਡਾਂ ਵਿੱਚ ਜਿੱਤ ਮਿਲੀ ਹੈ। 57 ਬੋਰਡਾਂ ਵਿੱਚ ਉਮੀਦਵਾਰ ਨਿਰਵਿਰੋਧ ਚੁਣੇ ਗਏ। ਮਰਿਆਨੀ ਨਗਰ ਬੋਰਡ ਦੀਆਂ ਕੁਲ 10 ਵਿੱਚੋਂ ਸੱਤ ਸੀਟਾਂ ਉੱਤੇਅਜ਼ਾਦ ਉਮੀਦਵਾਰਾਂ ਨੇ ਜਿੱਤ ਹਾਸਲ ਕੀਤੀ ਹੈ, ਜਦਕਿ ਤਿੰਨ ਸੀਟਾਂ ਉੱਤੇ ਭਾਜਪਾ ਨੂੰ ਜਿੱਤ ਮਿਲੀ। ਪੰਜ ਨਗਰ ਬੋਰਡਾਂ ਵਿੱਚ ਕਿਸੇ ਨੂੰ ਸਪੱਸ਼ਟ ਬਹੁਮਤ ਨਹੀਂ ਮਿਲੀ।

ਇਸ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਟਵੀਟ ਕੀਤਾ‘ਨਗਰ ਪਾਲਿਕਾਵਾਂ ਚੋਣ ਵਿੱਚ ਭਾਜਪਾ ਤੇ ਉਸਦੇ ਸਹਿਯੋਗੀ ਦਲਾਂ ਨੂੰ ਅਸ਼ੀਰਵਾਦ ਦੇਣ ਲਈ ਆਸਾਮ ਦੀ ਜਨਤਾ ਦਾ ਧਨਵਾਦ। ਇਥੇ ਸਾਡੇ ਵਿਕਾਸ ਦੇ ਏਜੰਡੇ ਪ੍ਰਤੀ ਉਨ੍ਹਾਂ ਦੇ ਵਿਸ਼ਵਾਸ ਨੂੰ ਦਰਸਾਉਂਦਾ ਹੈ। ਮੈਂ ਆਪਣੇ ਪੱਛਮੀ ਕਾਰਜਕਰਤਾਵਾਂ ਨੂੰ ਉਨ੍ਹਾਂ ਦੇ ਯਤਨਾਂ ਤੇ ਲੋਕਾਂ ਦੀ ਸੇਵਾ ਦੇ ਲਈ ਪ੍ਰਸੰਸਾ ਕਰਦਾ ਹਾਂ।'ਨਤੀਜਿਆਂ ਉੱਤੇ ਟਿੱਪਣੀ ਕਰਦੇ ਹੋਏ ਆਸਾਮ ਦੇ ਮੁੱਖ ਮੰਤਰੀ ਹਿਮੰਤ ਬਿਸਵ ਸਰਮਾ ਨੇ ਕਿਹਾ ਕਿ ਵਿਸ਼ਾਲਫਤਵਾ ਵਿਕਾਸ ਦੇ ਲਈ ਹੈ ਅਤੇ ਪਾਰਟੀ ਨੂੰ ਨਵੇਂ ਜੋਸ਼ ਨਾਲ ਏਜੰਡਾ ਅੱਗੇ ਵਧਾਉਣ ਲਈ ਪ੍ਰੇਰਿਤ ਕਰੇਗਾ।

# ਜ਼ਿਲ੍ਹਾ ਅਦਾਲਤੀ ਕੰਪਲੈਕਸ ਦੇ ਬਾਹਰ ਜ਼ੋਰਦਾਰ ਧਮਾਕਾ, ਇੱਕ ਮੌਤ



ਊਧਮਪੁਰ, 10 ਮਾਰਚ (ਪੋਸਟ ਬਿਊਰੋ)- ਜੰਮੂ ਖੇਤਰ ਦੇ ਊਧਮਪੁਰ ਸ਼ਹਿਰ ਵਿੱਚ ਕੱਲ੍ਹ ਜ਼ਿਲ੍ਹਾ ਅਦਾਲਤੀ ਕੰਪਲੈਕਸ ਦੇ ਬਾਹਰ ਜ਼ੋਰਦਾਰ ਧਮਾਕਾ ਹੋਇਆ, ਜਿਸ ਦੌਰਾਨ ਇੱਕ ਵਿਅਕਤੀ ਦੀ ਮੌਤ ਹੋ ਗਈ ਤੇ 14 ਹੋਰ ਜ਼ਖ਼ਮੀ ਹੋ ਗਏ। ਧਮਾਕੇ ਦੀ ਆਵਾਜ਼ 2 ਕਿਲੋਮੀਟਰ ਤਕ ਸੁਣੀ ਗਈ ਸੀ।

ਮਿਲੇ ਵੇਰਵਿਆਂ ਮੁਤਾਬਕ ਕੱਲ੍ਹ ਬਾਅਦ ਦੁਪਹਿਰ ਅਦਾਲਤੀ ਕੰਪਲੈਕਸ ਦੇ ਬਾਹਰ ਸਲਾਤੀਆ ਚੌਕ ਵਿੱਚ ਇਹ ਧਮਾਕਾ ਹੋਇਆ ਤਾ ਮੌਕੇ ਉੱਤੇ 15 ਵਿਅਕਤੀ ਜ਼ਖ਼ਮੀ ਹੋ ਗਏ, ਜਿਨ੍ਹਾਂ ਨੂੰ ਹਸਪਤਾਲ ਦਾਖ਼ਲ ਕਰਵਾਇਆ ਗਿਆ। ਉਨ੍ਹਾਂ ਵਿੱਚੋਂ ਇੱਕ ਨੇ ਹਸਪਤਾਲ ਵਿੱਚ ਦਮ ਤੋੜ ਦਿੱਤਾ। ਧਮਾਕੇ ਦੀ ਸੂਚਨਾ ਮਿਲਦਿਆਂ ਹੀ ਉਚ ਅਧਿਕਾਰੀ ਮੌਕੇ ’ਤੇ ਪੁੱਜੇ। ਮ੍ਰਿਤਕ ਦੀ ਪਛਾਣ ਜੁਗਲ ਪੁੱਤਰ ਕਿਕਰੂ ਵਾਸੀ ਤਲਪੜ ਵਜੋਂ ਹੋਈ ਹੈ। ਮੱਢਲੀ ਜਾਂਚ ਦੌਰਾਨ ਇਹ ਧਮਾਕਾ ਛੋਟੇ ਆਈ ਈ ਡੀ ਨਾਲ ਹੋਇਆ ਲੱਗ ਰਿਹਾ ਹੈ। ਮਾਹਿਰਾਂ ਵੱਲੋਂ ਜਾਂਚ ਤੋਂ ਬਾਅਦ ਹੀ ਇਸ ਸਬੰਧੀ ਕੁਝ ਦੱਸਿਆ ਜਾ ਸਕੇਗਾ।ਪੁਲਸ ਪੂਰੇ ਮਾਮਲੇ ਦੀ ਜਾਂਚ ਵਿੱਚ ਰੁੱਝ ਗਈ ਹੈ।

## ਫੜਨਵੀਸ ਵੱਲੋਂ ਦਿੱਤੀ ਗਈ ਵੀਡੀਓ ਦੀ ਮਹਾਰਾਸ਼ਟਰ ਸਰਕਾਰ ਜਾਂਚ ਕਰਾਏਗੀ: ਸ਼ਰਦ ਪਵਾਰ

ਮੁੰਬਈ, 10 ਮਾਰਚ (ਪੋਸਟ ਬਿਊਰੋ)- ਐਨ ਸੀ ਪੀ ਪਾਰਟੀ ਦੇ ਮੁਖੀ ਸ਼ਰਦ ਪਵਾਰ ਨੇ ਕਿਹਾ ਹੈ ਕਿ ਮਹਾਰਾਸ਼ਟਰ ਦੀ ਸਰਕਾਰ ਭਾਜਪਾ ਆਗੂ ਅਤੇ ਸਾਬਕਾ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਵੱਲੋਂ ਦਿੱਤੀ ਗਈ ਵੀਡੀਓ ਫੁਟੇਜ ਦੀ ਪੱਕੇ ਤੌਰ ਉੱਤੇ ਜਾਂਚ ਕਰਵਾਏਗੀ। ਇਸ ਵੀਡੀਓ ਨੂੰ ਪੇਸ਼ ਕਰਨ ਸਮੇਂਫੜਨਵੀਸ ਨੇ ਦੋਸ਼ ਲਾਇਆ ਸੀ ਕਿ ਹੁਕਮਰਾਨ ਗੱਠਜੋੜ ਆਪਣੇ ਸਿਆਸੀ ਵਿਰੋਧੀਆਂ ਖਿਲਾਫ ਸਾਜ਼ਿਸ਼ਾਂ ਘੜ ਰਿਹਾ ਹੈ।

ਕੱਲ੍ਹ ਇੱਥੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਪਵਾਰ ਨੇ ਕਿਹਾ ਕਿ ਉਨ੍ਹਾਂ ਦਾ ਨਾਂਅ ਵੀ ਸਿੱਧੇ ਜਾਂ ਅਸਿੱਧੇ ਢੰਗ ਨਾਲ ਜੋੜਿਆ ਜਾ ਰਿਹਾ ਹੈ, ਪਰ ਉਹ ਇਸ ਸਾਜ਼ਿਸ਼ ਨਾਲ ਕਿਤੇ ਵੀ ਜੁੜਦੇ ਨਹੀਂ। ਫੜਨਵੀਸ ਨੇ ਬੀਤੇ ਦਿਨੀਂ ਡਿਪਟੀ ਸਪੀਕਰ ਨਰਹਰੀ ਜ਼ੀਰਵਾਲ ਨੂੰ ਵੀਡੀਓ ਰਿਕਾਰਡਿੰਗ ਵਾਲੀ ਪੈਨ ਡਰਾਈਵ ਸੌਂਪ ਕੇ ਕਿਹਾ ਸੀ ਕਿ ਫੁਟੇਜ ਨੂੰ ਦੇਖਣ ਤੋਂ ਪਤਾ ਲੱਗਦਾ ਹੈ ਕਿ ਪੁਲਸ ਤੇ ਹੁਕਮਰਾਨ ਮਹਾ ਵਿਕਾਸ ਅਘਾੜੀ ਗੱਠਜੋੜ ਦੇ ਮੈਂਬਰਾਂ ਵੱਲੋਂ ਉਨ੍ਹਾਂ ਨੂੰ ਗਿਰੀਸ਼ ਮਹਾਜਨ ਤੇ ਹੋਰ ਭਾਜਪਾ ਆਗੂਆਂ ਨੂੰ ਫਸਾਉਣ ਦੀਆਂ ਸਾਜ਼ਿਸ਼ਾਂ ਘੜੀਆਂ ਜਾ ਰਹੀਆਂ ਹਨ। ਸ਼ਰਦ ਪਵਾਰ ਨੂੰ ਜਦੋਂ ਪੁੱਛਿਆ ਗਿਆ ਕਿ ਉਨ੍ਹਾਂ ਉੱਤੇ ਦੋਸ਼ ਲਾਇਆ ਗਿਆ ਹੈ ਕਿ ਉਹ ਫੜਨਵੀਸ ਤੇ ਭਾਜਪਾ ਆਗੂ ਗਿਰੀਸ਼ ਮਹਾਜਨ ਨੂੰ ਸਿਆਸੀ ਤੌਰ ਉੱਤੇ ਖਤਮ ਕਰਾਉਣਾ ਚਾਹੁੰਦੇ ਹਨ ਤਾਂ ਉਹ ਹੱਸ ਪਏ। ਉਨ੍ਹਾਂ ਕਿਹਾ ਕਿ ਇੰਝ ਕਿਸੇ ਨੂੰ ਖਤਮ ਨਹੀਂ ਕਰਵਾਇਆ ਜਾ ਸਕਦਾ। ਉਨ੍ਹਾਂ ਕਿਹਾ ਕਿ 125 ਘੰਟਿਆਂ ਦੀ ਰਿਕ-ਾਰਡਿੰਗ ਕਿਸੇ ਤਾਕਤਵਾਰ ਏਜੰਸੀ ਤੋਂ ਕਰਵਾਈ ਜਾ ਸਕਦੀ ਹੈ ਅਤੇ ਅਜਿਹੀਆਂ ਏਜੰਸੀਆਂ ਸਿਰਫ ਭਾਰਤ ਸਰਕਾਰ ਦੇ ਅਧੀਨ ਹਨ।ਪਵਾਰ ਨੇ ਕਿਹਾ ਕਿ ਵਿਰੋਧੀਆਂ ਨੂੰ ਨਿਸ਼ਾਨਾ ਬਣਾਉਣ ਦੇ ਲਈ ਮਹਾ ਵਿਕਾਸ ਅਘਾੜੀ ਸਰਕਾਰ ਸੱਤਾ ਦੀ ਦੁਰਵਰਤੋਂ ਨਹੀਂ ਕਰ ਰਹੀ। ਉਨ੍ਹਾਂ ਦਾਅਵਾ ਕੀਤਾ ਕਿ ਸੂਬਾ ਸਰਕਾਰ ਨੂੰ ਅਸਥਿਰ ਕਰਨ ਦੀਆਂ ਕੋਸ਼ਿਸ਼ਾਂ ਨਾਕਾਮ ਹੋਣ ਮਗਰੋਂ ਅਜਿਹੇ ਹੱਥਕੰਡੇ ਅਪਣਾਏ ਜਾ ਰਹੇ ਹਨ। ਐਨ ਸੀ ਪੀ ਮੁਖੀ ਸ਼ਰਦ ਪਵਾਰ ਨੇ ਆਸ ਪ੍ਰਗਟਾਈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸ਼ਿਵ ਸੈਨਾ ਦੇ ਪਾਰਲੀਮੈਂਟ ਦੇ ਮੈਂਬਰ ਸੰਜੇ ਰਾਊਤ ਵੱਲੋਂ ਕੇਂਦਰੀ ਏਜੰਸੀਆਂ ਦੀ ਦੁਰਵਰਤੋਂ ਬਾਰੇ ਦਿੱਤੀ ਗਈ ਸ਼ਿਕਾਇਤ ਦੀ ਜਾਂਚ ਕਰਾਉਣਗੇ।


# ਭਾਰਤ ਵਿੱਚ ਕੋਰੋਨਾ ਦੀ ਚੌਥੀ ਲਹਿਰ ਦਾ ਕੋਈ ਖਦਸ਼ਾ ਨਹੀਂ



ਨਵੀਂ ਦਿੱਲੀ, 10 ਮਾਰਚ (ਪੋਸਟ ਬਿਊਰੋ)- ਉਘੇ ਵਾਇਰਸ ਵਿਗਿਆਨੀ ਡਾਕਟਰ ਟੀ ਜੈਕਬ ਜੌਹਨ ਨੇ ਕੱਲ੍ਹ ਇੱਥੇ ਕਿਹਾ ਕਿ ਉਨ੍ਹਾਂ ਨੂੰ ਇਸ ਗੱਲ ਦਾ ਦ੍ਰਿੜ੍ਹ ਵਿਸ਼ਵਾਸ ਹੈ ਕਿ ਭਾਰਤ ਵਿੱਚ ਕੋਵਿਡ-19 ਦੀ ਚੌਥੀ ਲਹਿਰ ਨਹੀਂ ਆਵੇਗੀ ਬਸ਼ਰਤੇ ਵਾਇਰਸ ਦਾ ਕੋਈ ਅਣਕਿਆਸਿਆ ਸਰੂਪ ਸਾਹਮਣੇ ਨਾ ਆ ਜਾਵੇ, ਜੋ ਬਿਲਕੁਲ ਵੱਖਰੀ ਤਰ੍ਹਾਂ ਪੇਸ਼ ਆਏ।

ਭਾਰਤੀ ਮੈਡੀਕਲ ਖੋਜ ਕੌਂਸਲ ਦੇ ਐਡਵਾਂਸ ਰਿਸਰਚ ਸੈਂਟਰ ਦੇ ਸਾਬਕਾ ਡਾਇਰੈਕਟਰ ਜੌਹਨ ਨੇ ਕਿਹਾ ਕਿ ਇਹ ਗੱਲ ਪੂਰੇ ਵਿਸ਼ਵਾਸ ਨਾਲ ਕਹੀ ਜਾ ਸਕਦੀ ਹੈ ਕਿ ਕੋਰੋਨਾ ਦੀ ਤੀਜੀ ਲਹਿਰ ਮੁੱਕ ਚੁੱਕੀ ਹੈ। ਉਨ੍ਹਾਂ ਕਿਹਾ ਕਿ ‘‘ਰੋਜ਼ਾਨਾ ਰਿਪੋਰਟ ਹੁੰਦੇ ਕੇਸਾਂ ਦੀ ਗਿਣਤੀ ਲਗਾਤਾਰ ਘਟਣ ਨਾਲ ਹੌਲੀ-ਹੌਲੀ ਸਥਿਰ ਹੋ ਰਹੀ ਹੈ। ਪਿਛਲੇ ਚਾਰ ਹਫਤਿਆਂ ਵਿੱਚ ਕੇਸਾਂ ਦੀ ਗਿਣਤੀ ਥੋੜ੍ਹੀ ਬਹੁਤੀ ਉਪਰ ਥੱਲੇ ਹੋਈ ਹੈ। ਮੈਂ ਨਿੱਜੀ ਤੌਰ ਉੱਤੇ ਮੰਨਦਾ ਹਾਂ ਕਿ ਬੀਤੇ ਚਾਰ ਹਫਤਿਆਂ ਤੋਂ ਵੀ ਵਧ ਸਮੇਂ ਤੋਂ ਅਸੀਂ ਉਸ ਗੇੜ ਵਿੱਚ ਹਾਂ, ਜਿੱਥੇ ਇਹ ਮੁੱਕਣ ਕੰਢੇ ਹੈ। ਦੇਸ਼ ਦੇ ਸਾਰੇ ਰਾਜਾਂ ਵਿੱਚ ਇੱਕੋ ਜਿਹਾ ਰੁਝਾਨ ਵੇਖਣ ਨੂੰ ਮਿਲ ਰਿਹੈ।'' ਦੇਸ਼ ਵਿੱਚ ਇਸ ਵੇਲੇ ਕੋਰੋਨਾ ਦੇ ਸਰਗਰਮ ਕੇਸਾਂ ਦੀ ਗਿਣਤੀ 49,948 ਹੈ, ਜੋ 14 ਮਈ 2021 ਨੂੰ ਦਰਜ 49,219 ਕੇਸਾਂ ਮਗਰੋਂ ਸਭ ਤੋਂ ਹੇਠਲਾ ਅੰਕੜਾ ਹੈ।

# ਮੋਦੀ ਸਰਕਾਰ ਜ਼ਮੀਨਾਂ ਤੇ ਜਾਇਦਾਦਾਂ ਵੇਚ ਕੇ 6 ਲੱਖ ਕਰੋੜ ਰੁਪਏ ਇਕੱਠੇ ਕਰੇਗੀ



ਨਵੀਂ ਦਿੱਲੀ, 10 ਮਾਰਚ, (ਪੋਸਟ ਬਿਊਰੋ)-ਭਾਰਤ ਦੀ ਨਰਿੰਦਰ ਮੋਦੀ ਸਰਕਾਰ ਭਵਿੱਖ ਵਿੱਚ ਸਰਕਾਰੀ ਕੰਪਨੀਆਂ ਅਤੇ ਸਰਕਾਰੀ ਅਦਾਰਿਆਂ ਦੀਆਂ ਅਣ-ਵਰਤੀਆਂ ਜ਼ਮੀਨਾਂ ਤੇ ਜਾਇਦਾਦਾਂ ਨੂੰ ਵੇਚ ਕੇ ਸਰਕਾਰੀ ਖਜ਼ਾਨਾ ਭਰੇਗੀ। ਇਸ ਲਈ ਅੱਜ ਬੁੱਧਵਾਰ 9 ਮਾਰਚ ਨੂੰ ਕੇਂਦਰੀ ਮੰਤਰੀ ਮੰਡਲ ਨੇ ਇੱਕ ਕਾਰਪੋਰੇਸ਼ਨ ਬਣਾਉਣ ਦੀ ਮਨਜ਼ੂਰੀ ਦੇ ਦਿੱਤੀ ਹੈ, ਜਿਸ ਨੂੰ ਨੈਸ਼ਨਲ ਲੈਂਡ ਮੋਨੇਟਾਈਜੇਸ਼ਨ ਕਾਰਪੋਰੇਸ਼ਨ (ਐਨਐਲਐਮਸੀ) ਦਾ ਨਾਮ ਦਿੱਤਾ ਗਿਆ ਹੈ।

ਮਿਲੀ ਜਾਣਕਾਰੀ ਅਨੁਸਾਰ ਭਾਰਤ ਸਰਕਾਰ ਨੇ ਨਵੀਂ ਕਾਰਪੋਰੇਸ਼ਨ ਬਣਾਉਣ ਲਈ 5,000 ਕਰੋੜ ਰੁਪਏ ਦੀ ਮੁੱਢਲੀ ਅਧਿਕਾਰਤ ਸ਼ੇਅਰ ਪੂੰਜੀ ਅਤੇ 150 ਕਰੋੜ ਰੁਪਏ ਦੀ ਸ਼ੇਅਰ ਪੂੰਜੀ ਅਲਾਟ ਕੀਤੀ ਹੈ। ਇਹ ਕਾਰ-ਪੋਰੇਸ਼ਨ ਸੌ ਫੀਸਦੀ ਸਰਕਾਰ ਦੀ ਮਾਲਕੀ ਹੋਵੇਗੀ। ਵਰਨਣ ਯੋਗ ਹੈ ਕਿ 2022 ਦੇ ਸਾਲਾਨਾ ਬੱਜਟ ਤੋਂ ਪਹਿਲਾਂ ਕੇਂਦਰ ਸਰਕਾਰ ਨੇ ਆਰਥਿਕ ਸਰਵੇਖਣ ਨਾਲ ਜੁੜੀ ਯੋਜਨਾ ਦਾ ਬਲਿਊ ਪ੍ਰਿੰਟ ਪੇਸ਼ ਕਰ ਕੇ ਕਿਹਾਸੀ ਕਿ 2024-25 ਤੱਕ ਸਰਕਾਰ ਦੀਆਂ ਬੇਕਾਰ ਪਈਆਂ ਜ਼ਮੀਨਾਂ ਤੇ ਜਾਇਦਾਦਾਂ ਵੇਚ ਕੇ ਜਾਂ ਲੀਜ਼ ਉੱਤੇ ਦੇ ਕੇ 6 ਲੱਖ ਕਰੋੜ ਰੁਪਏ ਦੀ ਪੂੰਜੀ ਹਾਸਲ ਕੀਤੀ ਜਾ ਸਕਦੀ ਹੈ। ਇਹ ਪੈਸਾ ਵੱਖ-ਵੱਖ ਵਿਕਾਸ ਯੋਜਨਾਵਾਂਤੇਜ਼ ਕਰਨ ਤੇ ਸਰਕਾਰ ਦਾ ਆਰਥਿਕ ਬੋਝ ਘਟਾਉਣ ਲਈ ਬਹੁਤ ਮਦਦਗਾਰ ਹੋਵੇਗਾ। ਕੇਂਦਰੀ ਖਜ਼ਾਨਾ ਮੰਤਰੀ ਨਿਰਮਲਾ ਸੀਤਾਰਮਨ ਨੇ ਇਸ ਮੰਤਵ ਲਈ ਵਿਸ਼ੇਸ਼ ਅਦਾਰਾ ਬਣਾਉਣ ਦਾ ਐਲਾਨ ਕੀਤਾ ਸੀ। ਐਨਐਲਐਮਸੀ ਉਸੇ ਰੂਪ ਵਿੱਚਬਣਾਈ ਗਈ ਹੈ। ਇਸ ਦਾਇੱਕ ਮੁੱਖ ਕਾਰਜਕਾਰੀ ਅਧਿਕਾਰੀ (ਸੀਈਓ) ਤੇ ਉਨ੍ਹਾਂ ਨਾਲ ਤਕਨੀਕੀ ਟੀਮ ਹੋਵੇਗੀ, ਜਿਹੜੀਆਂ ਪਛਾਣੀਆਂ ਗਈਆਂ ਜ਼ਮੀਨਾਂ, ਜਾਇਦਾਦਾਂ ਦਾ ਮੁਲਾਂਕਣ ਕਰੇਗੀ ਤੇ ਉਨ੍ਹਾਂ ਨੂੰ ਸਭ ਤੋਂ ਵਧੀਆ ਕੀਮਤਾਂ ਉੱਤੇ ਵੇਚਣਾ ਜਾਂ ਲੀਜ਼ ਉੱਤੇ ਦੇਣਾ ਯਕੀਨੀ ਬਣਾਏਗੀ। ਇਹ ਟੀਮ ਇਸ ਪ੍ਰਕਿਰਿਆ ਨਾਲ ਸਬੰਧਤ ਕਾਨੂੰਨੀ ਅਤੇ ਰਸਮੀ ਕਾਰਵਾਈਆਂ ਨੂੰ ਦੇਖੇਗੀ। ਅੰਦਾਜ਼ੇ ਅਨੁਸਾਰ ਇਸ ਵੇਲੇ ਕੇਂਦਰ ਸਰਕਾਰ ਕੋਲ ਕਰੀਬ 3400 ਏਕੜ ਜ਼ਮੀਨ ਅਣ-ਵਰਤੀ ਪਈ ਹੈ। ਇਸ ਤੋਂ ਬਿਨਾ ਕਈ ਬਿਲਡਿੰਗਾਂ ਅਤੇ ਹੋਰ ਜਾਇਦਾਦਾਂ ਹਨ। ਇਹ ਜਾਇਦਾਦ ਭਾਰਤ ਸਰਕਾਰ ਦੀਆਂ ਕੰਪਨੀਆਂ ਅਤੇ ਅਦਾਰਿਆਂ ਨਾਲ ਸੰਬੰਧਤ ਹੈ, ਜਿਵੇਂ ਭਾਰਤ ਟੈਲੀਕਾਮ ਨਿਗਮ ਲਿਮਿਟਿਡ, ਮਹਾਂਨਗਰ ਟੈਲੀਫੋਨ ਨਿਗਮ ਲਿਮਿਟਿਡ, ਭਾਰਤ ਪੈਟਰੋਲੀਅਮ ਕਾਰਪੋਰੇਸ਼ਨ ਲਿਮਿਟਿਡ, ਆਦਿ।ਕਿਹਾ ਜਾ ਰਿਹਾ ਹੈ ਕਿ ਸੜਕ, ਰੇਲ, ਬਿਜਲੀ, ਤੇਲ ਤੇ ਗੈਸ ਤੇ ਟੈਲੀਕਾਮ ਦੇ ਖੇਤਰਾਂ ਵਿੱਚ ਸਰਕਾਰੀ ਕੰਪਨੀਆਂ ਕੋਲ ਅਜਿਹੀਆਂ ਜਾਇਦਾਦਾਂ ਦਾ ਕੁੱਲ ਹਿੱਸਾ 83 ਫੀਸਦੀ ਹੈ।

# ਤਾਮਿਲ ਨਾਡੂ ਦਾ ਨੌਜਵਾਨ ਯੂਕਰੇਨ ਵਿੱਚ ਰੂਸ ਦੇ ਖਿਲਾਫ ਲੜ ਰਿਹੈ



ਚੇਨਈ, 10 ਮਾਰਚ (ਪੋਸਟ ਬਿਊਰੋ)- ਤਾਮਿਲ ਨਾਡੂ ਦਾ ਇੱਕ ਨੌਜਵਾਨ ਯੂਕਰੇਨ ਦੀ ਫੌਜ ਵਿੱਚ ਸ਼ਾਮਲ ਹੋ ਕੇ ਰੂਸ ਦੇ ਖਿਲਾਫ ਲੜ ਰਿਹਾ ਹੈ। ਇਸ ਨੌਜਵਾਨ ਨੇ ਦੋ ਵਾਰ ਭਾਰਤੀ ਫੌਜ ਵਿੱਚਸ਼ਾਮਲ ਹੋਣ ਦੀ ਕੋਸ਼ਿਸ਼ ਕੀਤੀ ਸੀ, ਪ੍ਰੰਤੂ ਸਫਲ ਨਹੀਂ ਹੋ ਸਕਿਆ ਅਤੇ ਅੱਜਕੱਲ੍ਹ ਯੂਕਰੇਨ ਦੀ ਫੌਜ ਵੱਲੋਂ ਲੜਦਾ ਪਿਆ ਹੈ।

ਭਾਰਤ ਸਰਕਾਰ ਨੂੰ ਖੁਫੀਆ ਰਿਪੋਰਟਾਂ ਤੋਂ ਪਤਾ ਲੱਗਾ ਹੈ ਕਿ ਕੋਇੰਟਬੂਟਰ ਦਾ ਨੌਜਵਾਨ ਸਨੀਕੇਸ਼ ਰਵੀਚੰਦਰਨ (21 ਸਾਲ) ਖਾਰਕੀਵ ਨੈਸ਼ਨਲ ਯੂਨੀਵਰਸਿਟੀ ਵਿੱਚ ਏਅਰੋਸਪੇਸ ਇੰਜੀਨੀਅਰਿੰਗ ਦਾ ਇੱਕ ਵਿਦਿਆਰਥੀ ਹੈ।ਕੇਂਦਰੀ ਖੁਫੀਆ ਬਿਊਰੋ ਦੇ ਅਧਿਕਾਰੀ ਕੁਝ ਦਿਨ ਪਹਿਲਾਂ ਸਨੀਕੇਸ਼ ਦੇ ਘਰ ਪਹੁੰਚੇ ਅਤੇ ਉਸ ਬਾਰੇ ਜਾਣਕਾਰੀ ਇਕੱਠੀ ਕੀਤੀ ਕਿ ਉਹ ਯੂਕਰੇਨੀ ਫੌਜ ਵਿੱਚ ਕਿਉਂ ਸ਼ਾਮਲ ਹੋਇਆ। ਪੁਲਸ ਅਧਿਕਾਰੀਆਂ ਅਨੁਸਾਰ ਉਸ ਦੇ ਮਾਤਾ-ਪਿਤਾ ਨੇ ਦੱਸਿਆ ਕਿ ਉਸ ਨੂੰ ਫੌਜ ਅਤੇ ਹਥਿਆਰਾਂ ਦੀ ਟਰੇਨਿੰਗ ਦਾ ਸ਼ੌਕ ਹੈ। ਜਦ ਖੁਫੀਆ ਵਿਭਾਗ ਦੇ ਅਧਿਕਾਰੀ ਉਸ ਦੇ ਘਰ ਪਹੁੰਚੇ, ਇਸ ਦੇ ਬਾਅਦ ਉਸ ਦੇ ਪਰਵਾਰ ਨੂੰ ਪਤਾ ਲੱਗਾ ਕਿ ਸਨਕੇਸ਼ ਯੂਕਰੇਨ ਦੀ ਫੌਜ ਵਿੱਚ ਹੈ। ਉਸ ਦੇ ਪਿਤਾ ਨੇ ਕਿਹਾ, ‘ਮੈਂ ਬਹੁਤ ਪ੍ਰੇਸ਼ਾਨ ਹਾਂ। ਮੈਂ ਭਾਰਤ ਸਰਕਾਰ ਨੂੰ ਆਪਣੇ ਬੇਟੇ ਨੂੰ ਵਾਪਸ ਲਿਆਉਣ ਦੀ ਅਪੀਲ ਕੀਤੀ ਹੈ। ਉਸ ਨੇ ਕੁਝ ਦਿਨ ਪਹਿਲਾਂ ਘਰ ਸੰਪਰਕ ਕੀਤਾ ਤੇ ਕਿਹਾ ਸੀ ਕਿ ਉਹ ਸੁਰੱਖਿਅਤ ਹੈ ਅਤੇ ਉਹ ਸਾਡੀ ਗੱਲ ਨਹੀਂ ਸੁਣ ਰਿਹਾ।’

# ਮਕਾਨ ਵਿੱਚ ਅੱਗ ਲੱਗਣ ਨਾਲ ਇੱਕੋ ਪਰਵਾਰ ਦੇ ਪੰਜ ਜੀਆਂ ਦੀ ਮੌਤ



ਕੇਰਲ, 10 ਮਾਰਚ (ਪੋਸਟ ਬਿਊਰੋ)- ਵਰਕਲਾ ਦੇ ਦਲਵਾਪੁਰਮ ਵਿੱਚ ਇੱਕ ਮਕਾਨ ਵਿੱਚ ਅੱਗ ਲੱਗਣ ਨਾਲ ਇੱਕ ਬੱਚੇ ਸਮੇਤ ਪੰਜ ਲੋਕਾਂ ਦੀ ਸੜ ਕੇ ਮੌਤ ਹੋ ਗਈ।ਇਲੈਕਟ੍ਰਿਕ ਅਤੇ ਫੋਰੇਂਸਿਕ ਮਾਹਰਾਂ ਦੀ ਰਿਪੋਰਟ ਮਿਲਣ ਤੋਂ ਬਾਅਦ ਹੀ ਅੱਗ ਲੱਗਣ ਦੇ ਸਹੀ ਕਾਰਨਾਂ ਦਾ ਪਤਾ ਲੱਗ ਸਕੇਗਾ। ਦੋ ਮੰਜਲਾ ਮਕਾਨ ਦੇ ਵੱਖ-ਵੱਖ ਕਮਰਿਆਂ ਵਿੱਚੋਂ ਲਾਸ਼ਾਂ ਬਰਾਮਦ ਹੋਈਆਂ ਹਨ।ਪਰਵਾਰ ਦੇ ਇੱਕ ਹੋਰ ਮੈਂਬਰ ਨੂੰ ਨੇੜੇ ਦੇ ਹਸਪਤਾਲਦਾਖ਼ਲ ਕਰਵਾਇਆ ਗਿਆ ਹੈ, ਉਸਦੀ ਹਾਲਤ ਗੰਭੀਰ ਹੈ। ਅੱਗ ਵਿੱਚ ਮਾਰੇ ਗਏ ਪ੍ਰਥਾਪਨ (62), ਪਤਨੀ ਸੇਰਲੀ (52), ਨੂੰਹ ਅਬਰਾਮੀ (24) ਅਤੇ ਛੋਟਾ ਪੁੱਤਰ (27) ਹਨ। ਅਬਰਾਮੀ ਦਾ ਅੱਠ ਮਹੀਨਿਆਂ ਦਾ ਬੇਟਾ ਰੇਆਨ ਵੀ ਮਾਰਿਆ ਗਿਆ। ਪ੍ਰਥਾਪਨ ਦਾ ਬੇਟਾ ਨਿਹਿਲ ਇਕੱਲਾ ਬਚਿਆ ਹੈ ਅਤੇ ਸੜਿਆ ਹੋਇਆ ਹੈ, ਜੋ ਕਿ ਹਸਪਤਾਲ ਵਿੱਚ ਦਾਖ਼ਲ ਹੈ।

ਸਥਾਨਕ ਲੋਕਾਂ ਮੁਤਾਬਕ ਤੜਕੇ ਉਨ੍ਹਾਂ ਨੇ ਘਰ ਦੇ ਸਾਹਮਣੇ ਤੋਂ ਅੱਗ ਦੀਆਂ ਲਪਟਾਂ ਅਤੇ ਧੂੰਆਂ ਨਿਕਦੇ ਵੇਖਿਆ। ਉਨ੍ਹਾਂ ਨੇ ਪਰਵਾਰ ਵਾਲਿਆਂ ਨੂੰ ਆਵਾਜ਼ਾਂ ਦਿੱਤੀਆਂ ਪਰ ਕੋਈ ਜਵਾਬ ਨਹੀਂ ਮਿਲਿਆ।ਫ਼ਾਇਰ ਬ੍ਰਿਗੇਡ ਦੇ ਕਾਮੇ ਘਰ ਦੇ ਪਿੱਛੇ ਦਾ ਦਰਵਾਜ਼ਾ ਖੋਲ੍ਹ ਕੇ ਅੰਦਰ ਗਏ। ਉਨ੍ਹਾਂ ਦੱਸਿਆ ਕਿ ਉਪਰ ਦੇ ਕਮਰੇ ਪੂਰੀ ਤਰ੍ਹਾਂ ਸੜ ਕੇ ਸੁਆਹ ਹੋ ਗਏ ਹਨ।ਫ਼ਾਇਰ ਬ੍ਰਿਗੇਡ ਵਿਭਾਗ ਦੇ ਸੂਤਰਾਂ ਨੇ ਦੱਸਿਆ ਕਿ ਸ਼ਾਰਟ ਸਰਕਿਟ ਅੱਗ ਲੱਗਣ ਦਾ ਕਾਰਨ ਹੋ ਸਕਦਾ ਹੈ, ਜਦਕਿ ਏਅਰਕੰਡੀਸ਼ਨਡ ਕਮਰੇ ਤੇ ਉਚਿਤ ਵੈਂਟੀਲੇਸ਼ਨ ਦੀ ਘਾਟ ਕਾਰਨ ਅੱਗ ਫੈਲ ਗਈ। ਅਜਿਹਾ ਹੋ ਸਕਦਾ ਹੈ ਕਿ ਪਰਵਾਰ ਦੇ ਜੀਆਂ ਦੀ ਮੌਤ ਦਮ ਘੁੱਟਣ ਨਾਲ ਹੋਈ ਹੋਵੇ।

# ਅਬੂ ਸਲੇਮ ਦੀ ਸਜ਼ਾ ਉਤੇ ਅਡਵਾਨੀ ਦੇ ਭਰੋਸੇ ਬਾਰੇ ਕੇਂਦਰ ਸਰਕਾਰ ਰੁਖ਼ ਸਪੱਸ਼ਟ ਕਰੇ: ਸੁਪਰੀਮ ਕੋਰਟ



ਨਵੀਂ ਦਿੱਲੀ, 10 ਮਾਰਚ (ਪੋਸਟ ਬਿਊਰੋ)- ਸੁਪਰੀਮ ਕੋਰਟ ਨੇ ਕੱਲ੍ਹ ਭਾਰ ਸਰਕਾਰ ਤੋਂ ਆਪਣਾ ਰੁਖ਼ ਸਪੱਸ਼ਟ ਕਰਨ ਨੂੰ ਕਿਹਾ ਕਿ ਉਹ ਸਾਬਕਾ ਉਪ ਪ੍ਰਧਾਨ ਮੰਤਰੀ ਲਾਲ ਕ੍ਰਿਸ਼ਨ ਅਡਵਾਨੀ ਵੱਲੋਂ ਪੁਰਤਗਾਲ ਸਰਕਾਰ ਨੂੰ ਦਿੱਤੇ ਇਸ ਭਰੋਸੇ ਨਾਲ ਬੱਝੀ ਹੈ ਕਿ ਗੈਂਗਸਟਰ ਅਬੂ ਸਲੇਮ ਨੂੰ ਵੱਧ ਤੋਂ ਵੱਧ ਸਜ਼ਾ 25 ਸਾਲ ਤੋਂ ਵੱਧ ਨਹੀਂ ਹੋਵੇਗੀ।

ਕੋਰਟ ਨੇ ਕਿਹਾ ਕਿ ਅਗਲੀ ਵਾਰ ਕਿਸੇ ਭਗੌੜੇ ਅਪਰਾਧੀ ਨੂੰ ਭਾਰਤ ਲਿਆਉਣ ਸਮੇਂ ਪੁਰਤਗਾਲ ਦੇ ਨਾਲ ਕੀਤੇ ਵਾਅਦੇ ਉੱਤੇ ਕੇਂਦਰ ਸਰਕਾਰ ਦੇ ਰੁਖ਼ ਦਾ ਅਸਰ ਹੋਵੇਗਾ। ਸੁਪਰੀਮ ਕੋਰਟ ਨੇ ਕਿਹਾ ਕਿ ਉਹ ਸੀ ਬੀ ਆਈ ਵੱਲੋਂ ਪੇਸ਼ਐਫੀਡੇਵਿਟ ਤੋਂ ਸੰਤੁਸ਼ਟ ਨਹੀਂ, ਜਿਸ ਵਿੱਚ ਕਿਹਾ ਗਿਆ ਹੈ ਕਿ ਮੁੰਬਈ ਵਿੱਚ 1993 ਵਿੱਚ ਲੜੀਵਾਰ ਬੰਬ ਧਮਾਕਿਆਂ ਦੇ ਦੋਸ਼ੀ ਸਲੇਮ ਦੀ ਹਵਾਲਗੀ ਵੇਲੇ ਪੁਰਤਗਾਲ ਸਰਕਾਰ ਨਾਲ ਭਾਰਤ ਦਾ ਭਰੋਸਾ ਭਾਰਤੀ ਅਦਾਲਤਾਂਅੱਗੇ ਰੁਕਾਵਟ ਵਾਲਾ ਨਹੀਂ ਹੈ।ਜਸਟਿਸ ਸੰਜੇ ਕਿਸ਼ਨ ਕੌਲ ਅਤੇ ਜਸਟਿਸ ਐਮ ਐਮ ਸੁੰਦਰੇਸ਼ ਦੀ ਬੈਂਚ ਨੇ ਕੇਂਦਰੀ ਗ੍ਰਹਿ ਸੈਕਟਰੀ ਨੂੰ ਇੱਕ ਐਫੀਡੇਵਿਟਦੇਣ ਦਾ ਹੁਕਮ ਦਿੱਤਾ ਜਿਸ ਵਿੱਚ ਇਸ ਗੱਲ ਦਾ ਸਪੱਸ਼ਟ ਖੁਲਾਸਾ ਕੀਤਾ ਗਿਆ ਹੋਵੇ ਕਿ ਕੀ ਭਾਰਤ ਸਰਕਾਰ ਤਤਕਾਲੀ ਉਪ ਪ੍ਰਧਾਨ ਮੰਤਰੀ ਵੱਲੋਂ ਪੁਰਤਗਾਲ ਨੂੰ ਦਿੱਤੇ ਭਰੋਸੇ ਨਾਲ ਬੱਝੀ ਹੈ।

ਸੁਣਵਾਈ ਦੇ ਸ਼ੁਰੂ ਵਿੱਚ ਬੈਂਚ ਨੇ ਸੀ ਬੀ ਆਈ ਵੱਲੋਂ ਪੇਸ਼ ਐਡੀਸ਼ਨਲ ਸਾਲਿਸਟਰ ਜਨਰਲ ਕੇ ਐਮ ਨਟਰਾਜ ਨੂੰ ਕਿਹਾ ਕਿ ਏਜੰਸੀ ਨੇ ਉਸ ਤਰ੍ਹਾਂ ਦਾ ਐਫੀਡੇਵਿਟਦਾਇਰ ਨਹੀਂ ਕੀਤਾ ਜਿਸ ਤਰ੍ਹਾਂ ਦਾ ਕੋਰਟ ਚਾਹੁੰਦੀ ਹੈ। ਬੈਂਚ ਨੇ ਕਿਹਾ, ‘‘ਤੁਹਾਨੂੰ ਕਿਸ ਨੇ ਐਫੀਡੇਵਿਟਪੇਸ਼ ਕਰਨ ਨੂੰ ਕਿਹਾ ਹੈ? ਸੀ ਬੀ ਆਈ ਕੇਵਲ ਇਸਤਗਾਸਾ ਏਜੰਸੀ ਹੈ। ਅਸੀਂ ਇਹ ਜਾਣਕਾਰੀ ਦੇਣ ਲਈ ਕਿਹਾ ਹੈ ਕਿ ਕੀ ਤੁਸੀਂ ਦਿੱਤੇ ਭਰੋਸੇ ਨਾਲ ਬੱਝੇ ਹੋ? ਕੀ ਸਰਕਾਰ ਕਹਿੰਦੀ ਹੈ ਕਿ ਉਹ ਕੌਮਾਂਤਰੀ ਭਾਈਚਾਰੇ ਨਾਲ ਕੀਤੇ ਗਏ ਭਰੋਸੇ ਪ੍ਰਤੀ ਵਚਨਬੱਧ ਹੈ?'' ਸੁਪਰੀਮ ਕੋਰਟ ਨੇ ਕਿਹਾ ਕਿ ਉਹ ਮੰਨਦੀ ਹੈ ਕਿ ਅਪਰਾਧ ਗੰਭੀਰ ਹੈ, ਪ੍ਰੰਤੂ ਰਾਜਨੀਤਕ ਬੁੱਧੀਮਤਾ ਦੇ ਤਹਿਤ ਭਾਰਤ ਸਰਕਾਰ ਦੁਆਰਾ ਦਿੱਤੇ ਗਏ ਵਚਨ ਤੋਂ ਪਲਟਣ ਦੇ ਵਿਆਪਕ ਪ੍ਰਭਾਵ ਦਾ ਵੀ ਮੁੱਲਾਂਕਣ ਕੀਤਾ ਜਾਣਾ ਚਾਹੀਦਾ ਹੈ। ਸਲੇਮ ਵੱਲੋਂ ਪੇਸ਼ ਵਕੀਲ ਰਿਸ਼ੀ ਮਲਹੋਤਰਾ ਨੇ ਕਿਹਾ ਕਿ ਪੁਰਤਗਾਲ ਵਿੱਚ ਅਦਾਲਤਾਂ 25 ਸਾਲ ਤੋਂ ਵੱਧ ਸਜ਼ਾ ਨਹੀਂ ਦੇ ਸਕਦੀਆਂ ਅਤੇ ਇਸੇ ਸਿਧਾਂਤ ਉੱਤੇ ਭਾਰਤ ਸਰਕਾਰ ਨੇ ਸਲੇਮ ਦੀ ਹਵਾਲਗੀ ਦੇ ਮਾਮਲੇ ਵਿੱਚ ਵਚਨ ਦਿੱਤਾ ਸੀ ਕਿ ਜੇ ਇਸ ਗੈਂਗਸਟਰ ਦੀ ਹਵਾਲਗੀ ਹੁੰਦੀ ਹੈ ਤਾਂ ਉਸ ਨੂੰ 25 ਸਾਲ ਤੋਂ ਵੱਧ ਦੀ ਸਜ਼ਾ ਨਹੀਂ ਹੋਵੇਗੀ, ਪ੍ਰੰਤੂ ਟਾਡਾ ਕੋਰਟ ਨੇ ਉਸ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਹੈ।



## ਵੈਟੀਕਨ ਚਰਚ ਵਿੱਚ ਔਰਤਾਂ ਦੀ ਭਾਗੀਦਾਰੀ ਵਧਾਉਣ ਦੀ ਸ਼ੁਰੂਆਤ



ਨਿਊ ਯਾਰਕ, 10 ਮਾਰਚ (ਪੋਸਟ ਬਿਊਰੋ)- ਪੋਪ ਫਰਾਂਸਿਸ ਵੈਟੀਕਨ ਚਰਚ ਦੀਆਂ ਗਤੀਵਿਧੀਆਂ ਵਿੱਚ ਔਰਤਾਂ ਦੀ ਭਾਗੀਦਾਰੀ ਨੂੰ ਉਤਸ਼ਾਹਤ ਕਰ ਰਹੇ ਹਨ। ਇਸ ਲੜੀ ਵਿੱਚ ਕੈਥੋਲਿਕ ਚਰਚ ਵਿੱਚ ਔਰਤਾਂ ਦੀ ਭੂਮਿਕਾ ਨੂੰ ਨਵਾਂ ਆਕਾਰ ਦੇਣ ਵਾਲੀ ਨੰਨ ਸਿਸਟਰ ਨਥਾਲੀ ਬੈਕਵਾਰਟ ਅਗਲੇ ਸਾਲ ਰੋਮ ਵਿੱਚ ਪਾਦਰੀਆਂ ਦੀ ਵਿਸ਼ਵ ਪੱਧਰੀ ਧਰਮ ਸਭਾ ਵਿੱਚ ਮੁੱਖ ਭੂਮਿਕਾ ਨਿਭਾਏਗੀ, ਜੋ ਦੁਨੀਆ ਭਰ ਦੇ 250 ਬਿਸ਼ਪਾਂ ਦਾ ਸ਼ਿਖਰ ਸੰਮੇਲਨ ਹੈ। ਇਸ ਵਿੱਚ ਸਿਸਟਰ ਬੈਕਵਾਰਟ ਕੈਥੋਲਿਕ ਚਰਚ ਜਨਰਲ ਸੈਕਟਰੀ ਦੀ ਅੰਡਰ ਸੈਕਟਰੀ ਵਜੋਂ ਕੰਮ ਕਰੇਗੀ।

ਪਾਦਰੀਆਂ ਦੀ ਇਸ ਧਰਮ ਸਭਾ ਵਿਚ ਉਨ੍ਹਾਂ ਨੂੰ ਵੋਟ ਦਾ ਅਧਿਕਾਰ ਹੋਵੇਗਾ। ਅਜਿਹਾ ਕਰਨ ਵਾਲੀ ਉਹ ਪਹਿਲੀ ਔਰਤ ਹੋਵੇਗੀ। 53 ਸਾਲ ਦੀ ਸਿਸਟਰ ਬੈਕਵਾਰਟ ਫਰਾਂਸੀਸੀ ਰੋਮਨ ਕੈਥੋਲਿਕ ਨੰਨ ਹਨ। ਆਪਣੀ ਨਵੀਂ ਨਿਯੁਕਤੀ ਦੇ ਬਾਰੇ ਬੈਕਵਾਰਟ ਨੇ ਕਿਹਾ ਕਿ ਪੋਪ ਫਰਾਂਸਿਸ ਨੇ ਅਪੀਲ ਕੀਤੀ ਸੀ ਕਿ ਕੈਥੋਲਿਕ ਚਰਚ ਵਿੱਚ ਔਰਤਾਂ ਦੀ ਭਾਗੀਦਾਰੀ ਹੋਣੀ ਚਾਹੀਦੀ ਹੈ। ਚਰਚਾ ਦਾ ਮੁੱਖ ਫੋਕਸ ਲੋਕਾਂ ਦਾ ਇਕੱਠੇ ਚੱਲਣਾ ਹੈ। ਇਸ ਵਿੱਚ ਹਰ ਕਿਸੇ ਦੀ ਇੱਕ ਭੂਮਿਕਾ ਹੁੰਦੀ ਹੈ। ਕਿਸੇ ਨੂੰ ਕਿਨਾਰੇ ਨਹੀਂ ਕਰਨਾ ਚਾਹੀਦਾ। ਅਸੀਂ ਇਕੱਠੇ ਹਾਂ। ਅਸੀਂ ਸਭ ਬਿਸ਼ਪ, ਪੁਰਸ਼ ਜਾਂ ਔਰਤਾਂ, ਆਮ ਲੋਕ, ਧਾਰਮਿਕ, ਵਿਆਹੇ, ਕੁਆਰੇ, ਬੱਚੇ ਸਭ ਨੇ ਬਪਤਿਸਮਾ ਲੈਣ ਵਾਲਿਆਂ ਨੂੰ ਚਰਚ ਦੇ ਮਿਸ਼ਨ ਦਾ ਨਾਇਕ ਬਣਨਾ ਹੋਵੇਗਾ। ਹਾਲਾਂਕਿ ਉਹ ਕਿਸ ਵਿਸ਼ੇ 'ਤੇ ਵੋਟਿੰਗ ਕਰੇਗੀ, ਇਸ ਬਾਰੇ ਵਿੱਚ ਅਜੇ ਕੁਝ ਤੈਅ ਨਹੀਂ ਕੀਤਾ ਗਿਆ ਹੈ।

## ਕੈਪੀਟਲ ਹਿੰਸਾ ਦਾ ਪਹਿਲਾ ਹਮਲਾਵਰ ਦੋਸ਼ੀ ਕਰਾਰ

ਵਾਸ਼ਿੰਗਟਨ, 10 ਮਾਰਚ (ਪੋਸਟ ਬਿਊਰੋ)- ਅਮਰੀਕਾ ਦੀ ਇੱਕ ਫੈਡਰਲ ਜਿਊਰੀ ਨੇ ਪਿਛਲੇ ਸਾਲ ਛੇ ਜਨਵਰੀ ਨੂੰ ਹੋਈ ਕੈਪੀਟਲ ਹਿੰਸਾ ਦੇ ਪਹਿਲੇ ਹਮਲਾਵਰ ਨੂੰ ਦੋਸ਼ੀ ਕਰਾਰ ਦਿੱਤਾ ਹੈ।

ਇਸ ਮੌਕੇਸਰਕਾਰੀ ਵਕੀਲ ਨੇ ਕਿਹਾ ਕਿ ਉਸ ਨੇ ਪਰਾਊਡ ਬੁਆਇਜ਼ ਦੇ ਸਾਬਕਾ ਨੇਤਾ ਨੂੰ ਗ੍ਰਿਫਤਾਰ ਕਰਦੇ ਹੋਏ ਜਾਂਚ ਨੂੰ ਵਿਸਥਾਰ ਦਿੱਤਾ ਹੈ। ਪਰਾਊਡ ਬੁਆਇਜ਼ ਇੱਕ ਸੱਜੇ ਪੱਖੀ ਗਰੁੱਪ ਹੈ ਜਿਸ ਨੇ ਕੈਪੀਟਲ ਹਿੰਸਾ ਵਿੱਚ ਪ੍ਰਮੁੱਖ ਭੂਮਿਕਾ ਨਿਭਾਈ ਸੀ।ਤਿੰਨ ਘੰਟੇ ਦੀ ਬਹਿਸ ਤੋਂ ਬਾਅਦ ਜਿਊਰੀ ਨੇ ਗਾਈ ਵੈਸਲੇ ਰੈਫਿਟ ਨੂੰ ਪੰਜ ਬਿੰਦੂਆਂ ਉੱਤੇ ਦੋਸ਼ੀ ਕਰਾਰ ਦਿੱਤਾ ਹੈ। ਇਸ ਵਿੱਚ ਸਾਲ 2020 ਦੀਆਂ ਰਾਸ਼ਟਰਪਤੀ ਚੋਣਾਂ ਬਾਰੇ ਪਾਰਲੀਮੈਂਟਦੀ ਕਾਰਵਾਈ ਵਿੱਚ ਰੁਕਾਵਟ ਪੈਦਾ ਕਰਨ ਵਿੱਚ ਟਰੰਪ



ਸਮਰਥਕ ਭੀੜ ਦੀ ਮਦਦ ਕਰਨ ਅਤੇ ਗੈਰ ਕਾਨੂੰਨੀ ਪਿਸਤੌਲ ਰੱਖਣ ਤੇ ਆਪਣੇ ਬੱਚਿਆਂ ਨੂੰ ਹਿਰਾਸਤ ਵਿੱਚ ਲਏ ਜਾਣ ਖਿਲਾਫ ਅਧਿਕਾਰੀਆਂ ਨੂੰ ਧਮਕਾਉਣ ਵਰਗੇ ਨੁਕਤੇ ਸ਼ਾਮਲ ਹਨ। ਰੁਕਾਵਟ ਪੈਦਾ ਕਰਨ ਦੇ ਮਾਮਲੇ ਵਿੱਚ ਹੀ ਉਸ ਨੂੰ 20 ਸਾਲ ਤਕ ਦੀ ਸਜ਼ਾ ਹੋ ਸਕਦੀ ਹੈ।

ਵਾਸ਼ਿੰਗਟਨ ਵਿੱਚ ਜ਼ਿਲ੍ਹਾ ਅਦਾਲਤ ਵਿੱਚ ਕੇਸ ਦੀ ਸੁਣਵਾਈ ਨਿਆਂ ਵਿਭਾਗ ਲਈ ਅਹਿਮ ਜਿੱਤ ਸੀ, ਕਿਉਂਕਿ ਉਸ ਨੇ ਕੈਪੀਟਲ ਹਿੱਲ ਹਿੰਸਾ ਤੇ ਪੁਲਸ ਉਤੇ ਹਮਲੇ ਖਿਲਾਫ ਸੁਣਵਾਈ ਸ਼ੁਰੂ ਕਰਨ ਲਈ ਕਾਫੀ ਮੁਸ਼ੱਕਤ ਕੀਤੀ ਸੀ। ਪਰਾਊਡ ਬੁਆਇਜ਼ ਦੇ ਸਾਬਕਾ ਨੇਤਾ ਟੈਰੀਓ ਦੀ ਗ੍ਰਿਫਤਾਰੀ ਦਾ ਹਵਾਲਾ ਦਿੰਦੇ ਹੋਏ ਨਿਆਂ ਵਿਭਾਗ ਨੇ ਕਿਹਾ ਸੀ ਕਿ ਉਸ ਖਿਲਾਫ ਵੀ ਸਾਜ਼ਿਸ਼ ਤੇ ਲੋਕਾਂ ਨੂੰ ਭੜਕਾਉਣ ਵਰਗੇ ਦੋਸ਼ ਹਨ।ਦੱਸਣਯੋਗ ਹੈ ਕਿ ਅਮਰੀਕੀ ਚੋਣਾਂ ਵਿੱਚ ਮਿਲੀ ਹਾਰ ਤੋਂ ਬਾਅਦ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਹਜ਼ਾਰਾਂ ਸਮਰਥਕਾਂ ਨੇ ਛੇ ਜਨਵਰੀ 2021 ਨੂੰ ਅਮਰੀਕਾ ਦੀ ਪਾਰਲੀਮੈਂਟਕੈਪੀਟਲ ਹਿੱਲ 'ਤੇ ਹਮਲਾ ਬੋਲ ਦਿੱਤਾ ਸੀ।

## ਯੂਨ ਸੁਕ ਇਓਲ ਦੱਖਣੀ ਕੋਰੀਆ ਦੇ ਨਵੇਂ ਰਾਸ਼ਟਰਪਤੀ ਬਣੇ

ਸਿਓਲ, 10 ਮਾਰਚ (ਪੋਸਟ ਬਿਊਰੋ)- ਦੱਖਣੀ ਕੋਰੀਆ ਲਈ ਨਵੇਂ ਰਾਸ਼ਟਰਪਤੀ ਵਜੋਂ ਵਿਰੋਧੀ ਧਿਰ ਦੇ ਕੰਜਵੇਟਿਵ ਯੂਨ ਸੁਕ ਇਓਲ ਨੂੰ ਚੁਣ ਲਿਆ ਗਿਆ ਹੈ। ਇਓਲ ਨੇ ਜਿੱਤ ਦੇ ਬਾਅਦ ਕਿਹਾ ਕਿ ਉਹ ਸੰਵਿਧਾਨ ਦਾ ਸਨਮਾਨ ਕਰਨਗੇ ਤੇ ਵਿਰੋਧੀ ਪਾਰਟੀਆਂ ਦੇ ਨਾਲ ਮਿਲ ਕੇ ਕੰਮ ਕਰਨਗੇ। ਉਨ੍ਹਾਂ ਨੇ ਕੱਲ੍ਹ ਹੋਈ ਚੋਣ ਨੂੰ 'ਮਹਾਨ ਲੋਕਾਂ ਦੀ ਜਿੱਤ' ਦੱਸਿਆ।ਦੱਖਣੀ ਕੋਰੀਆ ਵਿੱਚ ਰਾਸ਼ਟਰੀ ਅਹੁਦੇ ਦੀ ਚੋਣ ਦੇ ਲਈ ਕੱਲ੍ਹ ਮਤਦਾਨ ਹੋਇਆ। ਇਸ ਵਿੱਚ ਉਦਾਰਵਾਦੀ



ਸਤਾਧਾਰੀ ਪਾਰਟੀ ਦੇ ਉਮੀਦਵਾਰ ਤੇ ਰੂੜ੍ਹੀਵਾਦੀ ਸਾਬਕਾ ਆਗੂ ਦੇ ਵਿੱਚ ਸਖ਼ਤ ਮੁਕਾਬਲਾ ਮੰਨਿਆ ਜਾ ਰਿਹਾ ਸੀ।

ਜੇਤੂ ਉਮੀਦਵਾਰ ਮਈ ਵਿੱਚ ਰਾਸ਼ਟਰੀ ਅਹੁਦੇਉਤੇ ਦੁਨੀਆ ਦੀ 10ਵੀਂ ਸਭ ਤੋਂ ਵੱਡੀ ਅਰਥਵਿਵਸਥਾ ਦੇ ਨੇਤਾ ਦਾ ਪੰਜ ਸਾਲ ਲਈ ਕਾਰਜਕਾਲ ਸੰਭਾਲੇਗਾ। ਲੱਗਭਗ 98 ਪ੍ਰਤੀਸ਼ਤ ਵੋਟਾਂ ਦੀ ਗਿਣਤੀ ਦੇ ਨਾਲ ਯੂਨ ਸੁਕ ਇਓਲ ਨੂੰ 48.59 ਪ੍ਰਤੀਸ਼ਤ ਵੋਟ ਮਿਲੇ, ਜਦਕਿ ਉਨ੍ਹਾਂ ਦੇ ਵਿਰੋਧੀਲੀ ਜੇਈ-ਮਓਂਗ ਨੂੰ 47.80 ਪ੍ਰਤੀਸ਼ਤ ਮਤ ਮਿਲੇ। ਲੀ ਜੇਈ-ਮਓਂਗ ਨੇ ਆਪਣੀ ਹਾਰ ਮੰਨ ਲਈ ਅਤੇ ਉਨ੍ਹਾਂ ਨੇ ਇਓਲ ਨੂੰ ਜਿੱਤ ਦੀ ਵਧਾਈ ਦਿੱਤੀ ਹੈ।

## ਗੇਂਦ ਚਮਕਾਉਣ ਲਈ ਲਾਰ ਦੀ ਵਰਤੋਂ ਕਰਨ ਉਤੇ ਪਾਬੰਦੀ

ਲੰਡਨ, 10 ਮਾਰਚ (ਪੋਸਟ ਬਿਊਰੋ)- ਕ੍ਰਿਕਟ ਦੇ ਨਿਯਮਾਂ ਦੇ ਸਰਪ੍ਰਸਤ ਮੇਰੀਲਬੋਨ ਕ੍ਰਿਕਟ ਕਲੱਬ (ਐਮ ਸੀ ਸੀ) ਨੇ ਦੂਜੇ ਸਿਰੇ ਉਤੇ ਖੜ੍ਹੇ ਬੱਲੇਬਾਜ਼ ਨੂੰ ਰਨ ਆਊਟ ਕਰਨ ਸਬੰਧੀ ਨਿਯਮ ਨੂੰ ਹੁਣ ਅਣ-ਉਚਿਤ ਖੇਡ ਸ਼੍ਰੇਣੀ ਤੋਂ ਹਟਾ ਦਿੱਤਾ ਹੈ। ਇਸ ਦੇ ਨਾਲ ਗੇਂਦ ਨੂੰ ਚਮਕਾਉਣ ਲਈ ਲਾਰ ਦੇ ਇਸਤੇਮਾਲ ਉਤੇ ਵੀ ਪੂਰੀ ਤਰ੍ਹਾਂ ਰੋਕ ਲਾ ਦਿੱਤੀ ਹੈ ਅਤੇ 2022 ਦੇ ਨਿਯਮ ਵਿੱਚ ਇਹ ਬਦਲਾਅ ਅਕਤੂਬਰ ਤੋਂ ਲਾਗੂ ਹੋਣਗੇ।

ਦੂਜੇ ਸਿਰੇ ਉਤੇ ਬੱਲੇਬਾਜ਼ ਦੇ ਕਰੀਜ਼ ਤੋਂ ਅੱਗੇ ਨਿਗਲ ਆਉਣ ਦੇ ਬਾਅਦ ਰਨ ਆਊਟ ਕਰਨ ਦੀ ਕਾਫੀ ਬਹਿਸ ਹੁੰਦੀ ਰਹੀ ਹੈ ਅਤੇ ਇਸ ਨੂੰ ਖੇਡ ਭਾਵਨਾ ਦੇ ਉਲਟ ਦੱਸਿਆ ਜਾਂਦਾ ਰਿਹਾ ਹੈ। ਸਭ ਤੋਂ ਪਹਿਲਾਂ 1948 ਵਿੱਚ ਇਸ ਤਰ੍ਹਾਂ ਦੀ ਘਟਨਾ ਹੋਈ ਸੀ ਜਦੋਂ ਭਾਰਤ ਦੇ ਮਹਾਨ ਖਿਡਾਰੀ ਵੀਨੂ ਮੰਕਡ ਨੇ ਆਸਟ੍ਰੇਲਿਆਈ ਵਿਕਟਕੀਪਰ ਬਿਲ ਬਰਾਊਨ ਨੂੰ ਦੂਜੇ ਸਿਰੇ ਉਤੇ ਆਊਟ ਕੀਤਾ ਸੀ। ਉਸ ਨੇ ਇਸ ਤੋਂ ਪਹਿਲਾਂ ਬੱਲੇਬਾਜ਼ ਨੂੰ ਚਿਤਾਵਨੀ ਵੀ ਦਿੱਤੀ ਸੀ।ਐਮ ਸੀ ਸੀ ਨੇ ਕਿਹਾ ਕਿ ਦੂਜੇ ਸਿਰੇ ਉਤੇ ਖੜ੍ਹੇ ਬੱਲੇਬਾਜ਼ ਨੂੰ ਰਨ ਆਊਟ ਕਰਨ ਸਬੰਧੀ ਨਿਯਮ 41.16 ਨੂੰ ਨਿਯਮ-41 (ਅਣਉਚਿਤ) ਖੇਡ ਤੋਂ ਹਟਾ ਕੇ ਨਿਯਮ 38 (ਰਨ ਆਊਟ) ਵਿੱਚ ਪਾ ਦਿੱਤਾ ਗਿਆ ਹੈ। ਨਿਯਮ ਦੇ ਸ਼ਬਦ ਬਰਾਬਰ ਰਹਿਣਗੇ।

## ਰੂੜੀਵਾਦੀ ਸ੍ਰੀਲੰਕਨ ਇਲਾਕੇ ਵਿੱਚ ਪੰਜ ਔਰਤਾਂ ਦਾ ਸਰਫਿੰਗ ਗਰੁੱਪ ਆਈਕਾਨ



ਕੋਲੰਬੋ, 10 ਮਾਰਚ (ਪੋਸਟ ਬਿਊਰੋ)- ਸ੍ਰੀਲੰਕਾ ਦੇ ਇੱਕ ਛੋਟੇ ਜਿਹੇ ਪਿੰਡ ਆਰੂੰਗਮ ਦੀ ਸ਼ਾਮਿਲੀ ਸੰਜਯਾ ਨੇ ਸਰਫਿੰਗ ਦੇ ਨਾਲ ਬਦਲਾਅ ਦੀ ਸ਼ੁਰੂਆਤ ਕੀਤੀ ਹੈ। ਸਰਫਿੰਗ ਵੱਲ ਉਨ੍ਹਾਂ ਦੇ ਜਨੂੰਨ ਨੇ ਸਮਾਜ ਦੀਆ ਰੂੜੀਵਾਦੀ ਮਾਨਤਾਵਾਂ ਨੂੰ ਤੋੜ ਕੇ ਦੇਸ਼ ਵਿੱਚ ਔਰਤਾਂ ਲਈ ਸਰਫਿੰਗ ਦਾ ਰਾਹ ਖੋਲ੍ਹ ਦਿੱਤਾ ਅਤੇ ਉਨ੍ਹਾਂ ਨੇ ਪਰਵਾਰ ਵਾਲਿਆਂ ਦੀ ਰੋਕ-ਟੋਕ, ਸਮਾਜ ਦੇ ਬੰਧਨਾਂ ਨੂੰ ਤੋੜਦੇ ਹੋਏ ਪਹਿਲਾ ਮਹਿਲਾ ਸਰਫਿੰਗ ਕਲੱਬ ਬਣਾਇਆ। ਕਈ ਪ੍ਰਤੀਯੋਗਤਾਵਾਂ ਕਰਵਾਈਆਂ। ਇਨ੍ਹਾਂ ਛੋਟੇ-ਛੋਟੇ ਯਤਨਾਂ ਨਾਲ ਇਹ ਗਰੁੱਪ ਸਰਫਿੰਗ ਆਈਕਾਨ ਬਣ ਕੇ ਉਭਰਿਆ ਹੈ।

ਅਸਲ ਵਿੱਚ ਸ੍ਰੀਲੰਕਾ ਦੇ ਪੂਰਬ ਵਿੱਚ ਅਰੂੰਗਮ ਤਟ ਨਾਲ ਦੇ ਛੋਟੇ ਜਿਹੇ ਪਿੰਡ ਦੀ ਵਸਨੀਕ ਸ਼ਾਮਲੀ ਅਕਸਰ ਸਮੁੰਦਰ ਕਿਨਾਰੇ ਬੈਠ ਕੇ ਲਹਿਰਾਂ ਨੂੰ ਦੇਖਦੀ ਰਹਿੰਦੀ ਸੀ। ਪਿਤਾ ਤੇ ਭਰਾਵਾਂ ਨੂੰ ਇੱਕ ਸਰਫ ਬੋਰਡ ਵਿੱਚ ਪੈਡਲ ਮਾਰ ਕੇ ਸਮੁੰਦਰ ਵਿੱਚ ਦੂਰ ਨਿਕਲ ਜਾਣ ਅਤੇ ਲਹਿਰਾਂ ਦੇ ਜ਼ਰੀਏ ਹੌਲੀ-ਹੌਲੀ ਵਾਪਸ ਮੁੜਨ ਦੇ ਰੋਮਾਂਚਕ ਪਲਾਂ ਵਿੱਚ ਉਹ ਵੀ ਸ਼ਾਮਲ ਹੋਣਾ ਚਾਹੁੰਦੀ ਸੀ। ਸ਼ਾਮਲੀ ਨੇ ਦੱਸਿਆ, ''ਮੈਂ ਕਿਸੇ ਵੀ ਤਰ੍ਹਾਂ ਸਰਫਿੰਗ ਕਰਨਾ ਚਾਹੁੰਦੀ ਸੀ, ਪ੍ਰੰਤੂ ਸਮੁੰਦਰ ਕਿਨਾਰੇ ਔਰਤਾਂ ਨੂੰ ਸਰਫਿੰਗ ਦੀ ਮਨਾਹੀ ਸੀ। ਰੂੜੀਵਾਦੀ ਸੋਚ ਅਜਿਹੀ ਸੀ ਕਿ ਲੜਕੀਆਂ ਸਿਰਫ ਘਰ ਦਾ ਚੁੱਲ੍ਹਾ-ਚੌਕਾ ਕਰਨ ਲਈ ਬਣੀਆਂ ਹਨ। ਮਰਦਾਂ ਤੇ ਸੈਲਾਨੀ ਔਰਤਾਂ ਨੂੰ ਅਰੂੰਗਮ ਤਟ ਉਤੇ ਲਹਿਰਾਂ ਉੱਤੇ ਸਵਾਰ ਹੋਣ ਦੀ ਮਨਜ਼ੂਰੀ ਸੀ। ਮੈਂ ਇਸੇ ਬੰਧਨ ਤੋਂ ਆਜ਼ਾਦ ਹੋਣ ਦੀ ਸੋਚੀ। ਕਈ ਲੋਕਾਂ ਨੇ ਦੋਸ਼ ਲਗਾਏ ਕਿ ਤੂੰ ਸ੍ਰੀਲੰਕਾ ਦਾ ਸਭਿਆਚਾਰ ਵਿਗਾੜ ਰਹੀ ਏਂ। ਧਮਕੀਆਂ ਦਿੱਤੀਆਂ ਗਈਆਂ ਕਿ ਜੇ ਤੂੰ ਕਿਸੇ ਲੜਕੀ ਨੂੰ ਸਰਫਿੰਗ ਸਿਖਾਈ ਤਾਂ ਤੈਨੂੰ ਦੇਸ਼ ਤੋਂ ਕੱਢ ਦੇਣਗੇ। ਪੁਲਸ ਨੇ ਵੀ ਸਾਡੇ ਗਰੁੱਪ ਦੀਆਂ ਔਰਤਾਂ ਨੂੰ ਸ਼ਰਾਬ ਤੇ ਡਰੱਗਸ ਦੀ ਤਸਕਰੀ ਦੇ ਦੋਸ਼ ਲਗਾ ਕੇ ਪ੍ਰੇਸ਼ਾਨ ਕੀਤਾ। ਇੰਨੀਆਂ ਪ੍ਰੇਸ਼ਾਨੀਆਂ ਦੇ ਬਾਵਜੂਦ ਅਸੀਂ ਡਟੀਆਂ ਰਹੀਆਂ।''ਅਗਸਤ 2018 ਵਿੱਚ ਪਹਿਲਾ ਮਹਿਲਾ ਸਰਫਿੰਗ ਕਲੱਬ ਬਣਿਆ। ਇਸ ਨਾਲ ਲੜਕੀਆਂ ਜੁੜਨ ਲੱਗੀਆਂ। ਉਂਗਲੀਆਂ ਉਠੀਆਂ ਤਾਂ ਕੁਝ ਨੇ ਆਉਣਾ ਬੰਦ ਕਰ ਦਿੱਤਾ, ਪਰ ਕੁਝ ਲੁੱਕ ਕੇ ਸਰਫਿੰਗ ਕਰਦੀਆਂ ਰਹੀਆਂ। ਅੱਜ ਮੈਂਬਰ ਵਧ ਰਹੇ ਹਨ।

## ਪਾਕਿ ਵਿੱਚ ਵਿਰੋਧੀ ਧਿਰ ਵੱਲੋਂ ਇਮਰਾਨ ਦੇ ਖਿਲਾਫ ਬੇਭਰੋਸਗੀ ਮਤਾ

ਇਸਲਾਮਾਬਾਦ, 10 ਮਾਰਚ (ਪੋਸਟ ਬਿਊਰੋ)- ਪਾਕਿਸਤਾਨ ਦੀਆਂਮੁੱਖ ਵਿਰੋਧੀ ਪਾਰਟੀਆਂ ਨੇ ਪ੍ਰਧਾਨ ਮੰਤਰੀ ਇਮਰਾਨ ਖਾਨ ਦੇ ਖਿਲਾਫ ਬੇਭਰੋਸਗੀ ਮਤਾ ਪੇਸ਼ ਕਰ ਦਿੱਤਾ ਹੈ।

ਮਿਲੀ ਜਾਣਕਾਰੀ ਅਨੁਸਾਰ ਵਿਰੋਧੀ ਪਾਰਟੀਆਂ ਨੇ ਵਧੀ ਹੋਈ ਮਹਿੰਗਾਈ ਲਈ ਇਮਰਾਨ ਸਰਕਾਰ ਨੂੰ ਜ਼ਿੰਮੇਵਾਰ ਦੱਸ ਕੇ ਅਹੁਦੇ ਤੋਂ ਹਟਾਉਣ ਦੀ ਮੰਗ ਕੀਤੀ ਹੈ। ਬੇਭਰੋਸਗੀ ਮਤੇ ਉਤੇ ਪਾਕਿਸਤਾਨ ਮੁਸਲਿਮ ਲੀਗ-ਨਵਾਜ਼ (ਪੀ ਐਮ ਐਲ-ਐਨ) ਅਤੇ ਪਾਕਿਸਤਾਨ ਪੀਪੁਲਸ ਪਾਰਟੀ (ਪੀ ਪੀ ਪੀ) ਦੇ ਕਰੀਬ 100 ਪਾਰਲੀਮੈਂਟ ਮੈਂਬਰਾਂ ਨੇ ਦਸਤਖ਼ਤ ਕੀਤੇ ਹਨ। ਪੀ ਐਮ ਐਲ-ਐਨ ਦੀ ਬੁਲਾਰਾ ਮਰੀਅਮ ਔਰੰਗਜ਼ੇਬ ਨੇ ਕਿਹਾ ਹੈ ਕਿ ਨੈਸ਼ਨਲ ਅਸੈਂਬਲੀ ਸੈਕਟਰੀਏਟ ਨੂੰ ਮਤਾ ਸੌਂਪ ਦਿੱਤਾ ਗਿਆ ਹੈ। ਨਿਯਮ ਮੁਤਾਬਕ ਬੇਭਰੋਸਗੀ ਮਤੇ ਉਤੇ 68 ਪਾਰਲੀਮੈਂਟ ਮੈਂਬਰਾਂ ਦੇ ਦਸਖ਼ਤ ਜ਼ਰੂਰੀ ਹਨ। ਇਸ ਤੋਂ ਬਾਅਦ ਸਪੀਕਰ ਨੂੰ ਸੈਸ਼ਨ ਸੱਦਣਾ ਪੈਂਦਾ ਹੈ



ਜਿਸ ਵਿੱਚ ਤਿੰਨ ਤੋਂ ਸੱਤ ਦਿਨ ਦੇ ਅੰਦਰ ਬੇਭਰੋਸਗੀ ਵਾਲੇ ਮਤੇ ਉਤੇ ਵੋਟਿੰਗ ਕਰਵਾਈ ਜਾਂਦੀ ਹੈ। ਪ੍ਰਧਾਨ ਮੰਤਰੀ ਤੇ ਉਨ੍ਹਾਂ ਦੇ ਮੰਤਰੀ ਮੰਡਲ ਨੂੰ ਸੱਤਾ ਤੋਂ ਬੇਦਖਲ ਕਰਨ ਲਈ 342 ਮੈਂਬਰੀ ਸਦਨ ਵਿੱਚ ਵਿਰੋਧੀ ਧਿਰ ਨੂੰ 172 ਮੈਂਬਰਾਂ ਦੇ ਸਮਰਥਨ ਦੀ ਜ਼ਰੂਰਤ ਹੈ।

ਵਿਰੋਧੀ ਧਿਰ ਦੇ ਕਦਮਾਂ ਉਤੇ ਪ੍ਰਤੀਕਿਰਿਆ ਦਿੰਦੇ ਹੋਏ ਇਮਰਾਨ ਖਾਨ ਨੇ ਕਿਹਾ ਕਿ ਦੇਸ਼ ਦੀ ਫੌਜ ਉਨ੍ਹਾਂ ਦੇ ਨਾਲ ਹੈ ਤੇ ਉਨ੍ਹਾਂ ਨੂੰ ਭਰੋਸਾ ਹੈ ਕਿ 2028 ਤਕ ਉਨ੍ਹਾਂ ਦੀ ਸਰਕਾਰ ਕਿਤੇ ਨਹੀਂ ਜਾਵੇਗੀ। ਜਾਣਕਾਰ ਸੂਚਨਾ ਮੁਤਾਬਕ ਪਾਕਿਸਤਾਨ 'ਚ ਵਿਰੋਧੀ ਪਾਰਟੀਆਂ ਦੇ ਹਜ਼ਾਰਾਂ ਸਮਰਥਕਾਂ ਨੇ ਕੱਲ੍ਹ ਰੈਲੀ ਕੱਢੀ ਤੇ ਪ੍ਰਧਾਨ ਮੰਤਰੀ ਇਮਰਾਨ ਖਾਨ ਨੂੰ ਸੱਤਾ ਤੋਂ ਬਾਹਰ ਕਰਨ ਦੀ ਮੰਗ ਕੀਤੀ। ਵਿਰੋਧੀ ਪਾਰਟੀ ਨੇ ਪ੍ਰਧਾਨ ਮੰਤਰੀ 'ਤੇ ਅਰਥਵਿਵਸਥਾ ਦੇ ਮਾੜੇ ਪ੍ਰਬੰਧ ਅਤੇ ਲੱਚਰ ਸ਼ਾਸਨ ਦਾ ਦੋਸ਼ ਲਗਾਇਆ ਹੈ।

## ਪੁਤਿਨ ਮੇਰੇ ਹੁੰਦਿਆਂ ਡਰਦੇ ਰਹੇ, ਯੂਕਰੇਨ ਉੱਤੇ ਹਮਲਾ ਨਹੀਂ ਕਰ ਸਕਿਆ ਰੂਸ: ਟਰੰਪ

ਵਾਸ਼ਿੰਗਟਨ, 10 ਮਾਰਚ (ਪੋਸਟ ਬਿਊਰੋ)- ਯੂਕਰੇਨ ਉੱਤੇ ਰੂਸੀ ਹਮਲੇ ਬਾਰੇ ਸਾਬਕਾ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਬਾਇਡੇਨ ਪ੍ਰਸ਼ਾਸਨ ਉੱਤੇ ਨਿਸ਼ਾਨਾ ਸਾਧਿਆਤੇ ਕਿਹਾ ਕਿ ਮੇਰੇ ਸ਼ਾਸਨ ਦੌਰਾਨ ਵੀ ਪੁਤਿਨ ਹਮਲੇ ਦੀ ਤਿਆਰੀ ਕਰ ਰਹੇ ਸਨ, ਪਰ ਮੈਂ ਉਨ੍ਹਾਂ ਨੂੰ ਰੂਸ ਦੀ ਰਾਜਧਾਨੀ ਉੱਤੇ ਬੰਬਾਰੀ ਦੀ ਧਮਕੀ ਦਿੱਤੀ ਤਾਂ ਰੁਕ ਗਏ।

ਡੋਨਾਲਡ ਟਰੰਪ ਨੇ ਆਪਣੇ ਦੋਸਤ ਨਾਲ ਫੋਨ ਉੱਤੇ ਗੱਲ ਕਰਦਿਆਂ ਇਹ ਦਾਅਵਾ ਕੀਤਾ ਹੈ, ਜਿਸ ਦੀ ਵੀਡੀਓ ਵਾਇਰਲ ਹੋ ਰਹੀ ਹੈ। ਇੱਕ ਰਿਪੋਰਟ ਅਨੁਸਾਰ ਫ਼ੋਨ ਉੱਤੇ ਗੱਲਬਾਤ ਕਰਦੇ ਹੋਏ ਟਰੰਪ ਨੇ ਕਿਹਾ ਕਿ ਰੂਸ ਨੇ ਓਬਾਮਾ ਸ਼ਾਸਨ ਦੌਰਾਨ ਕ੍ਰੀਮੀਆ ਨੂੰ ਆਪਣੇ ਨਾਲ ਮਿਲਾ ਲਿਆ ਸੀ ਤੇ ਬਾਇਡੇਨ ਦੇ ਸ਼ਾਸਨ ਦੌਰਾਨ ਯੂਕਰੇਨ ਉੱਤੇ ਹਮਲਾ ਕਰ ਦਿੱਤਾ। ਉਨ੍ਹਾਂ ਕਿਹਾ ਕਿ ਮੇਰੇ ਸ਼ਾਸਨ ਦੌਰਾਨ ਕਿਸੇ ਵਿੱਚ ਵੀ ਅਮਰੀਕਾ ਨੂੰ ਅੱਖਾਂ ਦਿਖਾਉਣ ਦੀ ਹਿੰਮਤ ਨਹੀਂ ਸੀ।ਟਰੰਪ ਨੇ ਗੱਲਬਾਤ ਦੌਰਾਨ ਚੀਨੀ ਰਾਸ਼ਟਰਪਤੀ ਸ਼ੀ



ਜਿਨਪਿੰਗ ਬਾਰੇ ਵੀ ਖੁਲਾਸਾ ਕੀਤਾ ਤੇ ਕਿਹਾ ਕਿ ਮੈਂ ਚੀਨ ਦੇ ਰਾਸ਼ਟਰਪਤੀ ਨੂੰ ਕਿਹਾ ਕਿ ਤੁਸੀਂ ਜ਼ਿਆਦਾ ਉਡਾਣ ਨਾ ਭਰੋ, ਨਹੀਂ ਤਾਂ ਤਾਈਵਾਨ ਜਲਦੀ ਹੀ ਨਵਾਂ ਦੇਸ਼ ਬਣ ਜਾਵੇਗਾ। ਟਰੰਪ ਨੇ ਕਿਹਾ ਕਿ ਇਸ ਤੋਂ ਬਾਅਦ ਜਿਨਪਿੰਗ ਸ਼ਾਤ ਹੋ ਗਏ ਹਨ। ਟਰੰਪ ਨੇ ਅੱਗੇ ਕਿਹਾ ਕਿ ਜਿਸ ਤਰ੍ਹਾਂ ਸਾਡੀ ਫ਼ੌਜ ਅਫ਼ਗਾਨਿਸਤਾਨ ਤੋਂ ਵਾਪਸ ਆਈ ਹੈ, ਉਸ ਨਾਲ ਰੂਸ ਅਤੇ ਚੀਨ ਨੂੰ ਹੌਸਲਾ ਮਿਲਿਆ ਹੈ। ਦੋਵੇਂ ਦੇਸ਼ ਸਮਝ ਗਏ ਕਿ ਅਮਰੀਕਾ ਕਮਜ਼ੋਰ ਹੈ ਤੇ ਕੋਈ ਵੱਡਾ ਫ਼ੈਸਲਾ ਨਹੀਂ ਲੈ ਸਕਦਾ। ਰੂਸ-ਯੂਕਰੇਨ ਯੁੱਧ ਤੋਂ ਬਾਅਦ ਚੀਨ ਤਾਈਵਾਨ ਉੱਤੇ ਹਮਲਾ ਕਰ ਸਕਦਾ ਹੈ।

## ਇਰਾਨ ਦੇ ਰੈਵੋਲਿਊਸ਼ਨਰੀ ਗਾਰਡ ਨੇ ਦੂਸਰਾ ਉਪ ਗ੍ਰਹਿ ਲਾਂਚ ਕੀਤਾ



ਤਹਿਰਾਨ, 10 ਮਾਰਚ (ਪੋਸਟ ਬਿਊਰੋ)- ਇਰਾਨ ਦੇ ਅਰਧ ਸੈਨਿਕ ਬਲ ਰੈਵੋਲਿਊਸ਼ਨਰੀ ਗਾਰਡ ਨੇ ਪੁਲਾੜ ਵਿੱਚ ਦੂਜਾ ਉਪ ਗ੍ਰਹਿ ਲਾਂਚ ਕੀਤਾ ਹੈ। ਸਰਕਾਰੀ ਟੈਲੀਵਿਜ਼ਨ ਨੇ ਉਤਰ-ਪੂਰਬੀ ਸ਼ਾਹਰੂਦ ਮਾਰੂਥਲ ਵਿੱਚ ਉਪ ਗ੍ਰਹਿ ਲਾਂਚ ਕੀਤੇ ਜਾਣ ਦਾ ਜ਼ਿਕਰ ਕੀਤਾ, ਪਰ ਇਸ ਬਾਰੇ ਜਾਣਕਾਰੀ ਨਹੀਂ ਦਿੱਤੀ ਕਿ ਇਹ ਲਾਂਚ ਕਦੋਂ ਹੋਇਆ।

ਇਹ ਲਾਂਚ ਅਜਿਹੇ ਸਮੇਂ ਵਿੱਚ ਹੋਇਆ ਹੈ ਜਦੋਂ ਵੀਏਨਾ ਵਿੱਚ ਮਹੀਨਿਆਂ ਤੋਂ ਚੱਲਦੀ ਗੱਲਬਾਤ ਵਿਚਾਲੇ ਇਰਾਨ ਦੇ ਚੋਟੀ ਦੇ ਰਾਜਦੂਤ ਨੇ ਮਸ਼ਵਰੇ ਲਈ ਸੋਮਵਾਰ ਦੇਰ ਰਾਤ ਅਚਾਨਕ ਆਪਣੇ ਵਤਨ ਲਈ ਉਡਾਣ ਭਰੀ, ਜੋ ਤਹਿਰਾਨ ਉਤੇ ਵਧਦੇ ਦਬਾਅ ਦਾ ਸੰਕੇਤ ਹੈ ਕਿਉਂਕਿ ਗੱਲਬਾਤ ਖਤਮ ਹੋਣ ਦੇ ਨੇੜੇ ਹੈ। ਰੈਵੋਲਿਊਸ਼ਨਰੀ ਗਾਰਡ ਨੇ ਦੱਸਿਆ ਕਿ ਨੂਰ 2 ਨੂੰ ਧਰਤੀ ਦੀ ਸਤ੍ਹਾ ਤੋਂ 500 ਮਿਲੋਮੀਟਰ ਹੇਠਲੇ ਘੇਰੇ ਵਿੱਚ ਘੇਸਡ ਉਪ ਗ੍ਰਹਿ ਕੈਰੀਅਰ ਰਾਹੀਂ ਪਹੁੰਚਾਇਆ ਗਿਆ। ਨੂਰ ਦਾ ਮਤਲਬ ਫਾਰਸੀ ਵਿੱਚ ਰੋਸ਼ਨੀ ਹੈ। ਏਜੰਸੀ ਮੁਤਾਬਕ ਘੇਸਡ ਤਿੰਨ ਪੜਾਅ ਵਾਲਾ ਮਿਕਸ ਬਾਲਣ ਵਾਲਾ ਉਪ ਗ੍ਰਹਿ ਕੈਰੀਅਰ ਹੈ। ਗਾਰਡ ਵੱਲੋਂ ਲਾਂਚਿੰਗ ਦੀ ਕੋਈ ਫੋਟੋ ਜਾਂ ਵੀਡੀਓ ਤੁਰੰਤ ਜਾਰੀ ਨਹੀਂ ਕੀਤੀ ਗਈ।ਅਮਰੀਕੀ ਅਧਿਕਾਰੀਆਂ ਨੇ ਪ੍ਰਤੀਕਿਰਿਆ ਦੀ ਅਪੀਲ ਉਤੇ ਤੁਰੰਤ ਕੋਈ ਜਵਾਬ ਨਹੀਂ ਦਿੱਤਾ ਅਤੇ ਪੁਲਾੜ ਵਿੱਚ ਮੌਜੂਦ ਵਸਤਾਂ ਦੇ ਅਮਰੀਕਾ ਵੱਲੋਂ ਰੱਖੇ ਜਾਣ ਵਾਲੇ ਵੇਰਵੇ ਵਿੱਚ ਇਸ ਮਹੀਨੇ ਇਰਾਨ ਦੇ ਕਿਸੇ ਨਵੇਂ ਲਾਂਚ ਦਾ ਜ਼ਿਕਰ ਨਹੀਂ ਹੈ।

## ਅਮਰੀਕਾ ਯੂਕਰੇਨ ਦੇ ਸ਼ਰਨਾਰਥੀਆਂ ਨੂੰ ਸੰਭਾਲਣ ਵਿੱਚ ਮਦਦ ਕਰੇਗਾ



ਚਿਸਿਨਊ, 10 ਮਾਰਚ (ਪੋਸਟ ਬਿਊਰੋ)- ਅਮਰੀਕਾ ਦੇ ਵਿਦੇਸ਼ ਮੰਤਰੀ ਐਂਟਨੀ ਬਲਿੰਕਨ ਨੇ ਮੋਲ-ਡੋਵਾ ਦੀ ਮਦਦ ਕਰਨ ਦਾ ਐਲਾਨ ਕੀਤਾ ਹੈ, ਜੋ ਯੂਕਰੇਨ ਤੋਂ ਆ ਰਹੇ ਸ਼ਰਨਾਰਥੀਆਂ ਨੂੰ ਸੰਭਾਲ ਰਿਹਾ ਹੈ।

ਮੋਲਡੋਵਾ ਸਾਬਕਾ ਸੋਵੀਅਤ ਯੂਨੀਅਨ ਮੁਲਕ ਹੈ ਅਤੇ ਅੱਜਕੱਲ੍ਹਉਸ ਦਾ ਝੁਕਾਅ ਪੱਛਮ ਵੱਲ ਹੈ। ਰੂਸ ਵੱਲੋਂ ਯੂਕਰੇਨ ਉਤੇ ਹਮਲੇ ਤੋਂ ਇਹ ਮੁਲਕ ਚਿੰਤਤ ਹੈ। ਬਲਿੰਕਨ ਨੇ ਕੱਲ੍ਹ ਮੋਲਡੋਵਾ ਦੇ ਅਧਿਕਾਰੀਆਂ ਨਾਲ ਮੁਲਾਕਾਤ ਕੀਤੀ, ਜੋ 1,20,000 ਸ਼ਰਨਾਰਥੀਆਂ ਦੀ ਮਦਦ ਲਈ ਕੌਮਾਂਤਰੀ ਪੱਧਰ ਉਤੇ ਮਦਦ ਮੰਗ ਰਹੇ ਹਨ। ਮੋਲਡੋਵਾ ਸੰਭਾਵੀ ਰੂਸੀ ਹਮਲੇ ਖਿਲਾਫ ਸੁਰੱਖਿਆ ਦਾ ਭਰੋਸਾ ਵੀ ਮੰਗ ਰਿਹਾ ਹੈ। ਗਿਆਰਾਂ ਦਿਨਾਂ ਦੀ ਜੰਗ ਦੌਰਾਨ 2,30,000 ਤੋਂ ਵੱਧ ਲੋਕ ਯੂਕਰੇਨ ਤੋਂ ਮੋਲਡੋਵਾ ਵਿੱਚ ਜਾ ਚੁੱਕੇ ਹਨ। ਬਲਿੰਕਨ ਨੇ ਕਿਹਾ ਕਿ ਮੋਲਡੋਵਾ ਵੱਲੋਂ ਸ਼ਰਨਾਰਥੀਆਂ ਨੂੰ ਸੰਭਾਲਣਾ ਪੂਰੇ ਸੰਸਾਰ ਲਈ ਪ੍ਰੇਰਨਾ ਬਣ ਗਿਆ ਹੈ। ਉਨ੍ਹਾਂ ਕਿਹਾ ਕਿ ਦੇਸ਼ ਦੇ ਲੋਕ ਬੇਵੱਸ ਹੋਏ ਆਪਣੇ ਗੁਆਂਢੀਆਂ ਨੂੰ ਸਾਂਭ ਰਹੇ ਹਨ। ਮੋਲਡੋਵਾ ਉਤੇ ਪਏ ਇਸ ਬੋਝ ਵਿੱਚ ਅਮਰੀਕਾ ਸਹਾਇਕ ਬਣੇਗਾ ਤੇ ਮਦਦ ਕਰੇਗਾ। ਮੋਲਡੋਵਾ ਨੇ ਨਾਟੋ ਦਾ ਮੈਂਬਰ ਬਣਨ ਦੀ ਕੋਸ਼ਿਸ਼ ਨਹੀਂ ਕੀਤੀ, ਪਰ ਇਸ ਨੇ ਯੂਰਪੀਅਨ ਯੂਨੀਅਨ ਵਿੱਚ ਸ਼ਾਮਲ ਹੋਣ ਲਈ ਯਤਨ ਵਿੱਢੇ ਹਨ।

## ਪੇਸ਼ਾਵਰ ਵਿੱਚ ਆਤਮਘਾਤੀ ਬੰਬ ਹਮਲਾ ਕਰਨ ਵਾਲੇ ਨੈਟਵਰਕ ਦਾ ਪਤਾ ਲੱਗਾ



ਪਿਸ਼ਾਵਰ, 10 ਮਾਰਚ (ਪੋਸਟ ਬਿਊਰੋ)- ਪਾਕਿਸਤਾਨ ਦੇ ਜਾਂਚ ਅਧਿਕਾਰੀਆਂ ਨੇ ਦੇਸ਼ ਦੇ ਖੈਬਰ ਪਖਤੂਨਖਵਾ ਸੂਬੇ ਵਿੱਚ ਇੱਕ ਸ਼ਿਆ ਮਸਜਿਦ ਉੱਤੇ ਆਤਮਘਾਤੀ ਹਮਲੇ ਲਈ ਜ਼ਿੰਮੇਵਾਰ ਪੂਰੇ ਨੈਟਵਰਕ ਅਤੇ ਪਰਵਾਰ ਦੇ ਮੈਂਬਰਾਂ ਦਾ ਪਤਾ ਲਾ ਲੈਣ ਦਾ ਦਾਅਵਾ ਕੀਤਾ ਹੈ। ਆਈ ਐਸ ਖੁਰਾਸਾਨ ਨਾਲ ਸਬੰਧਤ ਇੱਕ ਆਤਮਘਾਤੀ ਹਮਲਾਵਰ ਨੇ ਪਿਸ਼ਾਵਰ ਦੇ ਕੱਸਾ ਖਵਾਨੀ ਬਾਜ਼ਾਰ ਵਿੱਚ ਮਸਜਿਦ ਦੇ ਅੰਦਰ ਸ਼ੁੱਕਰਵਾਰ ਨੂੰ ਖੁਦ ਨੂੰ ਧਮਾਕੇ ਨਾਲ ਉਡਾ ਲਿਆ ਸੀ। ਇਸ ਧਮਾਕੇ ਵਿੱਚ 63 ਲੋਕਾਂ ਦੀ ਮੌਤ ਹੋ ਗਈ ਅਤੇ 200 ਹੋਰ ਲੋਕ ਜ਼ਖਮੀ ਹੋ ਗਏ ਸਨ।

ਖੈਬਰ ਪਖਤੂਨਖਵਾ ਦੇ ਮੁੱਖ ਮੰਤਰੀ ਦੇ ਸੂਚਨਾ ਸਲਾਹਕਾਰ ਨੇ ਦਸਿਆ ਕਿ ਇੱਕ ਰਿਕਸ਼ਾ ਚਾਲਕ ਤੇ ਇੱਕ ਹੋਰ ਵਿਅਕਤੀ ਦਾ ਪਤਾ ਲੱਗਾ ਹੈ। ਜਾਂਚਕਰਤਾ ਹਮਲਾਵਰਾਂ ਦੇ ਪਰਵਾਰ ਦੇ ਮੈਂਬਰਾਂ ਦੇ ਕਰੀਬ ਪਹੁੰਚ ਗਏ ਹਨ। ਸ਼ਨਾਖਤ ਪ੍ਰਕਿਰਿਆ ਹੋ ਗਈ ਹੈ। ਇਸ ਘਟਨਾ ਤੋਂ ਇੱਕ ਦਿਨ ਪਹਿਲਾਂ ਪਾਕਿਸਤਾਨ ਦੇ ਗ੍ਰਹਿ ਮੰਤਰੀ ਸ਼ੇਖ਼ ਰਾਸ਼ਿਦ ਅਹਿਮਦ ਨੇ ਕਿਹਾ ਸੀ ਕਿ ਖਤਰਨਾਕ ਆਤਮਘਾਤੀ ਹਮਲੇ ਦੇ ਪਿੱਛੇ ਕੰਮ ਕਰਦੇ ਲੋਕਾਂ ਦੀ ਗ੍ਰਿਫਤਾਰੀ ਕੀਤੀ ਜਾਵੇਗੀ। ਖਾਨ ਰਾਜਿਕ ਥਾਣੇ ਵਿੱਚ ਬੇਪਛਾਣ ਮੁਲਜ਼ਮਾਂ ਖਿਲਾਫ ਸ਼ਿਕਾਇਤ ਦਰਜ ਕੀਤੀ ਗਈਹੈ। ਮੰ-ਨਆ ਜਾਂਦਾ ਹੈ ਕਿ ਇਸ ਵਿੱਚ ਦੋ ਸ਼ੱਕੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਤੇ ਥਾਂ ਤੋਂ ਜ਼ਰੂਰੀ ਅੰਕੜੇ ਇਕੱਠੇ ਕੀਤੇ ਗਏ ਹਨ। ਜਾਂਚ ਟੀਮ ਮੁਤਾਬਕ ਉਨ੍ਹਾਂ ਨੂੰ ਸੱਤ ਬੁਲੇਟ ਸ਼ੈਲ ਮਿਲੇ ਹਨ ਅਤੇ ਹਮਲਾਵਰ ਨੇ ਖੁਦ ਨੂੰ ਉਡਾਉਣ ਤੋਂ ਪਹਿਲਾਂ ਨੌਂ ਐਮ ਐਮ ਦੀ ਪਿਸਤੌਲ ਵਰਤੀ ਸੀ।

# ਮਿਡਵੈਸਟ ਦੇ ਪੰਜਾਬੀਆਂ ਨੇ ਮਨਾਇਆ ਕੌਮਾਂਤਰੀ ਮਾਤ ਭਾਸ਼ਾ ਦਿਵਸ

## ਸਟੇਟ ਆਫ ਇਲੀਨੋਇ ਵਿਚ ਫਰਵਰੀ ਨੂੰ ਮਾਤ ਭਾਸ਼ਾ ਮਹੀਨਾ ਐਲਾਨਿਆ
















ਸ਼ਿਕਾਗੋ: ਮਿੱਡਵੈਸਟ ਦੀਆਂ ਸਾਰੀਆਂ ਪੰਜਾਬੀ ਸੰਸਥਾਵਾਂ ਪੰਜਾਬੀ ਕਲਚਰਲ ਸੁਸਾਇਟੀ ਸ਼ਿਕਾਗੋ, ਕਲਮਾਂ ਦੇ ਅੰਗ-ਸੰਗ, ਗੁਰੂ ਲਾਧੋ ਰੇ ਸੇਵਾ ਸੁਸਾਇਟੀ ਆਫ ਵਿਸਕਾਨਸਿਨ, ਪੰਜਾਬੀ ਕਲਚਰਲ ਸੁਸਾਇਟੀ ਆਫ ਮਿਸ਼ੀਗਨ, ਸਵੇਰਾ (ਸਿੱਖ ਵੂਮੇਨ ਐਰਾ) ਮਿੱਡਵੇਸਟ ਪੰਜਾਬੀ ਐਸੋਸੀਏਸ਼ਨ ਅਤੇ ਪੰਜਾਬੀ ਅਮੈਰੀਕਨ ਆਰਗੇਨਾਈਜ਼ੇਸ਼ਨ ਵਲੋਂ ਸਾਂਝੇ ਤੌਰ 'ਤੇ ਲੰਘੀ 27 ਫਰਵਰੀ ਨੂੰ ਹੋਟਲ ਮੈਰੀਅਟ ਵਿਚ ਪੰਜਾਬੀ ਭਾਈਚਾਰੇ ਦੇ ਸਹਿਯੋਗ ਨਾਲ 'ਕੌਮਾਂਤਰੀ ਮਾਤ ਭਾਸ਼ਾ ਦਿਵਸ' ਮਨਾਇਆ ਗਿਆ।

ਪ੍ਰੋਗਰਾਮ ਦਾ ਆਗਾਜ ਡਾ. ਹਰਜਿੰਦਰ ਖਹਿਰਾ ਨੇ ਦੂਰੋਂ-ਨੇੜਿਓ ਆਏ ਮਾਂ ਬੋਲੀ ਪੰਜਾਬੀ ਨੂੰ ਪਿਆਰ ਕਰਨ ਵਾਲੇ ਹਰੇਕ ਪਤਵੰਤੇ ਨੂੰ 'ਜੀ ਆਇਆ' ਆਖ ਕੇ ਕੀਤਾ। ਉਨ੍ਹਾਂ ਨੇ ਮਹਿਮਾਨਾਂ ਦਾ ਸਵਾਗਤ ਇਕ ਸ਼ੇਅਰ
ਚੰਦਨ ਸਮਾਨ ਹੋਇਆ, ਕੁਟੀਆ ਦਾ ਤੀਲਾ-ਤੀਲਾ, ਆਇਆ ਜੋ ਸਾਡੇ ਵਿਹੜੇ ਇਕ ਮਹਿਕ ਦਾ ਹੁਲਾਰਾ ਨਾਲ ਕੀਤਾ। ਮੰਚ ਸੰਚਾਲਨ ਵਿਚ ਡਾ. ਖਹਿਰਾ ਦਾ ਸਾਥ ਦੇ ਰਹੇ ਰਾਜ ਲਾਲੀ ਬਟਾਲਾ ਨੇ ਇਹ ਸ਼ੇਅਰ ਸੁਣਾ ਕੇ ਪੰਜਾਬੀਆਂ ਨੂੰ ਆਪਣੀ ਮਾਂ ਬੋਲੀ 'ਚ ਹੀ ਗੱਲਬਾਤ ਕਰਨ ਦੀ ਤਾਕੀਦ ਕੀਤੀ:
ਇਸ ਦਾ ਰੰਗ ਸੁਨਹਿਰੀ ਹੈ, ਇਹ ਗੋਰੀ ਚਿੱਟੀ ਹੈ, ਇਸ ਨੂੰ ਮੈਲੀ ਨਾ ਕਰਨਾ,
ਇਹ ਮੇਰੇ ਪੰਜਾਬ ਦੀ ਮਿੱਟੀ ਹੈ।
ਸਾਰਾ ਪ੍ਰੋਗਰਾਮ ਇਕ ਰੰਗ-ਬਿਰੰਗੇ ਗੁਲਦਸਤੇ ਦੀ ਤਰ੍ਹਾਂ ਸੀ, ਜਿਸ ਵਿਚ ਪੰਜਾਬੀ ਮਾਂ ਬੋਲੀ ਨੂੰ ਜਿਉਂਦਾ ਰੱਖਣ ਲਈ ਭਾਸ਼ਣ, ਉਸ ਪਰਮ ਪਿਤਾ ਨੂੰ ਨਤਮਸਤਕ ਹੁੰਦਿਆਂ ਸ਼ਬਦ, ਹਾਸੇ ਠੱਠੇ ਲਈ ਸਕਿਟ, ਮਾਂ ਬੋਲੀ ਦੀ ਮਹਿਮਾ ਵਿਚ ਗਾਏ ਗੀਤ-ਗਜ਼ਲ, ਡਾਂਸ-ਗੱਲ ਕੀ ਪੰਜਾਬੀਆਂ ਦਾ ਹਰ ਰੰਗ ਮੌਜੂਦ ਸੀ।

ਜ਼ਿਕਰਯੋਗ ਹੈ ਕਿ 2 ਫਰਵਰੀ 1952 ਦੀ ਘਟਨਾ ਮਾਂ ਬੋਲੀ ਨਾਲ ਇਸ਼ਕ ਦਾ ਇਤਿਹਾਸਕ ਦਸਤਾਵੇਜ ਹੈ, ਜਦੋਂ ਢਾਕਾ ਯੂਨੀਵਰਸਿਟੀ, ਜਗਨਨਾਥ ਯੂਨੀਵਰਸਿਟੀ ਅਤੇ ਢਾਕਾ ਮੈਡੀਕਲ ਕਾਲਜ ਦੇ ਵਿਦਿਆਰਥੀਆਂ ਨੇ. ਜੋ ਉਨ੍ਹਾਂ ਸਮਿਆਂ 'ਚ ਪਾਕਿਸਤਾਨ 'ਚ 'ਉਰਦੂ' ਤੋਂ ਬਿਨਾ ਆਪਣੀ ਮਾਂ ਬੋਲੀ 'ਬੰਗਾਲੀ' ਲਈ ਮੁਜ਼ਾਹਰਾ ਕਰ ਰਹੇ ਸਨ, ਪੁਲਿਸ ਦੀਆਂ ਗੋਲੀਆਂ ਦਾ ਸ਼ਿਕਾਰ ਹੋ ਕੇ ਆਪਣੀ ਮਾਂ ਬੋਲੀ ਦੀ ਹੋਂਦ ਲਈ ਕੁਰਬਾਨੀਆਂ ਦੇ ਗਏ। ਯੂ.ਐਨ.ਓ. ਨੇ ਬੰਗਾਲੀਆਂ ਦੀ ਮਾਂ ਬੋਲੀ ਨੂੰ ਲੈ ਕੇ ਕੀਤੀ ਕੁਰਬਾਨੀ ਦੀ ਇਸ ਤਾਰੀਖ਼ ਨੂੰ 'ਮਾਂ ਬੋਲੀ ਦਿਹਾੜ' ਵਜੋਂ ਅਹਿਮੀਅਤ ਦਿੱਤੀ।

ਪ੍ਰੋਗਰਾਮ ਦੀ ਸੁਰੂਆਤ ਕਰਦਿਆਂ ਦਿਨ ਗੁਰਦੁਆਰਾ ਸਾਹਿਬ ਦੇ ਹੈੱਡ ਗ੍ਰੰਥੀ ਭਾਈ ਮਹਿੰਦਰ ਸਿੰਘ ਨੇ ਕਿਹਾ ਕਿ ਜਿੱਥੇ ਚਾਹ ਹੋਵੇ, ਉਥੇ ਰਾਹ ਵੀ ਬਣ ਹੀ ਜਾਂਦੈ।ਅੱਜ ਮੇਰੀ ਫਲਾਈਟ ਸੀ ਪਰ ਕਿਸੇ ਕਾਰਨ ਉਹ ਅਗਲੇ ਦਿਨ ਦੀ ਹੋ ਗਈ ਤੇ ਇਸ ਪ੍ਰੋਗਰਾਮ ਵਿਚ ਸ਼ਾਮਲ ਹੋਣ ਦਾ ਸਬਬ ਬਣ ਗਿਆ। ਆਪਣੇ ਸੰਖੇਪ ਸ਼ਬਦਾਂ ਵਿਚ ਉਨ੍ਹਾਂ ਕਿਹਾ ਕਿ ਬੱਚਿਆਂ ਨੂੰ ਪੰਜਾਬੀ ਬੋਲਣੀ ਤੇ ਸਿਖਾਉਣੀ ਇਸ ਲਈ ਵੀ ਜਰੂਰੀ ਹੈ ਕਿ ਪੰਜਾਬੀ ਤੋਂ ਬਿਨਾਂ ਗੁਰਬਾਣੀ ਨੂੰ ਸਹੀ ਅਰਥਾਂ ਵਿਚ ਨਹੀਂ ਸਮਝਿਆ ਜਾ ਸਕਦਾ। ਬਾਬਾ ਦਲਜੀਤ ਸਿੰਘ ਨੇ ਸਾਰੀਆਂ ਬੋਲੀਆਂ ਨੂੰ ਸਤਿਕਾਰਯੋਗ ਤੇ ਸਿਖਣਯੋਗ ਆਖਿਆ ਤੇ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਭਵਿੱਖ ਵਿਚ ਇਸ ਨੂੰ ਰਾਜਨੀਤੀ ਤੋਂ ਦੂਰ ਰੱਖਣ ਦਾ ਸਲਾਹ ਦਿੱਤੀ।

ਜਦੋਂ ਕੋਈ ਬੁਲਾਰਾ ਅੰਗ੍ਰੇਜ਼ੀ ਵਿਚ ਬੋਲਣ ਲਗਦਾ ਤਾਂ ਸਰੋਤੇ ਹਾਸੇ-ਮਜ਼ਾਕ ਵਿਚ ਬੁਲਾਰਿਆਂ ਨੂੰ ਸਿਰਫ ਪੰਜਾਬੀ 'ਚ ਹੀ ਬੋਲਣ ਦੀ ਤਾਕੀਦ ਕਰਦੇ, ਜਿਸ ਨੂੰ ਬੁਲਾਰੇ ਖਿੜੇ ਮੱਥੇ ਪ੍ਰਵਾਨ ਕਰ ਰਹੇ ਸਨ। ਜਿੱਥੇ ਮਾਹੌਲ ਖੁਸ਼ਨੁਮਾ ਬਣਿਆ ਹੋਇਆ ਸੀ, ਉਸ ਪੰਜਾਬੀਅਤ ਦੇ ਰੰਗ ਵਿਚ ਵੀ ਰੰਗਿਆ ਹੋਇਆ ਸੀ। ਇਸ ਪ੍ਰੋਗਰਾਮ ਦਾ ਹਾਸਲ ਸੀ, ਲਖਵਿੰਦਰ ਕੌਰ ਲੱਕੀ ਦੀ ਆਪਣੀ ਲਿਖੀ ਗਜ਼ਲ, ਜੋ ਉਸ ਨੇ ਪੰਜਾਬੀ ਮਾਂ ਬੋਲੀ ਦੇ ਸਤਿਕਾਰ ਵਿਚ ਬਹੁਤ ਹੀ ਦਮਦਾਰ ਆਵਾਜ਼ ਵਿਚ ਪੇਸ਼ ਕੀਤੀ। ਗਜ਼ਲ ਬੋਲ ਸਨ:

*ਹਰ ਇਕ ਥਾਂ ਤੋਂ ਹੁਨਰ ਨੂੰ, ਭਜਾਉਣਾ ਲੋਚਦੀ ਹਾਂ ਮੈਂ। ਕਿ ਨਗਮੇ ਰੌਸ਼ਨੀ ਗੁਣਗੁਣਾਉਣਾ ਲੋਚਦੀ ਹਾਂ ਮੈਂ ।*

ਚੰਗਾ ਹੁੰਦਾ ਜੇ ਉਹ ਸਮੇਂ ਦੀ ਨਜ਼ਾਕਤ ਨੂੰ ਧਿਆਨ ਵਿਚ ਰਖਦੀ। ਗ਼ਜ਼ਲ ਦੇ ਬਲ ਅਤੇ ਪੇਸ਼ਕਾਰੀ ਕਮਾਲ ਦੀ ਹੋਣ ਦੇ ਬਾਵਜੂਦ ਵੀ ਦਰਸ਼ਕ ਉਕਤਾ ਗਏ ਨਜ਼ਰ ਆ ਰਹੇ ਸਨ।

ਇਸ ਮਗਰੋਂ ਅਮਰੀਕਾ ਦੇ ਜੰਮਪਲ ਬੱਚਿਆਂ ਨੇ ਤੰਤੀ ਸਾਜ਼ਾਂ ਤਾਊਂਸ ਤੇ ਦਿਲਰੁਬਾ ਨਾਲ ਇਕ ਸ਼ਬਦ ਤੋਂ ਇੰਸਟਰੂਮੈਂਟਲ ਵਰਜਨ ਪੇਸ਼ ਕੀਤਾ, ਜਿਸ ਨੇ ਪੁਰਾਣੇ ਰਾਗੀਆਂ ਦੀ ਯਾਦ ਤਾਜ਼ਾ ਕਰਦਿਆਂ ਰੂਹ ਨੂੰ ਸ਼ਰਸ਼ਾਰ ਕਰ ਦਿਤਾ। ਇਹ ਆਪਣੇ ਆਪ ਵਿਚ ਬਹੁਤ ਵੱਡੀ ਗੱਲ ਕਿ ਅਮਰੀਕਾ ਵਿਚ ਜੰਮ-ਪਲ ਕੇ ਵੀ ਇਹ ਬੱਚੇ ਆਪਣੀਆਂ ਜੜ੍ਹਾਂ ਨਾਲ ਜੁੜੇ ਹੋਏ ਹਨ, ਜਿਸ ਲਈ ਮਾਪੇ ਵਧਾਈ ਦੇ ਹੱਕਦਾਰ ਹਨ।

ਪ੍ਰੋਗਰਾਮ ਦੇ ਇਕ ਭਾਗ ਪਿੰਡਾਂ ਵਿਚੋਂ ਪਿੰਡ ਸੁਣੀਦਾ ਲਈ ਅਮਰੀਕਾ ਦੇ ਜੰਮਪਲ ਬੱਚਿਆਂ ਦੀ ਪ੍ਰੈਜੈਂਟੇਸ਼ਨ ਤਿਆਰ ਕੀਤੀ ਗਈ ਸੀ, ਜਿਸ ਵਿਚ ਜਸਮੇਰ ਕੌਰ ਗਰੇਵਾਲ, ਜਪਨੀਤ ਕੌਰ, ਸਾਇਨਾ ਸ਼ਰਮਾ, ਹਰਨੂਰ ਕੌਰ ਸਿੱਧੂ, ਗੁਰਈਸ਼ਰ ਸਿੰਘ ਕੁਲਾਰ, ਮਿਹਰ ਸਿੰਘ ਹਨੀ, ਸੁਬਰੀਤ ਕੌਰ, ਅਮੀਨਾ ਕੌਰ ਨੇ ਆਪੋ-ਆਪਣੇ ਪਿੰਡਾਂ ਬਾਰੇ ਜਾਣਕਾਰੀ ਸਾਂਝੀ ਕੀਤੀ।

ਪੈਲਾਟਾਈਨ ਗੁਰਦੁਆਰੇ ਦੇ ਗੁਰਮਤਿ ਸਕੂਲ ਦੇ ਬੱਚਿਆਂ ਨੇ ਆਪਣੇ ਪ੍ਰਿੰਸੀਪਲ ਦੀ ਅਗਵਾਈ ਹੇਠ ਕਵਿਤਾ 'ਅੰਮੜੀਏ ਮਾਂ ਬੋਲੀ ਵਿਚ ਬੋਲ' 'ਤੇ ਪੇਸ਼ਕਾਰੀ ਦਿੱਤੀ। ਧਨੀ ਰਾਮ ਚਾਤ੍ਰਿਕ ਦੀ ਕਵਿਤਾ 'ਬੋਲੀ ਹੈ ਪੰਜਾਬੀ ਸਾਡੀ' 'ਤੇ ਸਵਰਾਜ ਸਿੰਘ, ਜਗਤਜੋਤ ਸਿੰਘ, ਰਣਸ਼ੇਰ ਸਿੰਘ, ਕਮਲਚੰਦ ਸਿੰਘ, ਅਜੀਤ ਸਿੰਘ, ਮੁਸਕਾਨ ਕੌਰ ਨੇ ਕਵਿਤਾ ਸੁਣਾਈ। ਬੱਚਿਆ ਨੇ ਹਿੰਦੀ ਤੇ ਪੰਜਾਬੀ ਸ਼ਬਦਾਂ ਦੀ ਤੁਲਨਾ ਵੀ ਅਨੋਖੇ ਢੰਗ ਨਾਲ ਹਲਕੇ ਫੁਲਕੇ ਤਰੀਕੇ ਨਾਲ ਕਰ ਕੇ ਸਭ ਨੂੰ ਪੰਜਾਬੀ 'ਚ ਹੋ ਰਹੀ ਹੋਰਨਾਂ ਬੋਲੀਆਂ ਦੀ ਘੁਸਪੈਠ ਬਾਰੇ ਸੋਚਣ ਲਈ ਮਜਬੂਰ ਕੀਤਾ। ਮਗਰੋਂ ਇੰਡੀਆਨਾ ਤੋਂ ਆਈ ਰਾਕਿੰਦ ਕੌਰ ਨੇ ਆਪਣੀ ਕਵਿਤਾ 'ਬੋਲੀ' ਨਾਲ ਸਭ ਨੂੰ ਮੰਤਰ ਮੁਗਧ ਕਰ ਦਿੱਤਾ।

ਸਾਰੇ ਹੀ ਬੁਲਾਰਿਆਂ ਨੇ ਪੰਜਾਬੀ ਬੋਲੀ ਨੂੰ ਜਿੰਦਾ ਰਖਣ ਦੀ ਅਪੀਲ ਕੀਤੀ। ਪੰਜਾਬ ਟਾਈਮਜ਼ ਦੇ ਕਾਲਮ ਨਵੀਸ ਡਾ. ਗੁਰਬਖਸ਼ ਸਿੰਘ ਭੰਡਾਲ ਨੇ ਮਾਂ-ਬੋਲੀ ਦੇ ਪਿਆਰਿਆਂ ਨੂੰ ਘਰਾਂ ਵਿਚ ਆਪਣੇ ਬੱਚਿਆਂ ਨਾਲ ਪੰਜਾਬੀ ਬੋਲਣ ਦਾ ਸੱਦਾ ਦਿੱਤਾ ਤਾਂ ਕਿ ਬੱਚਿਆਂ ਦੀ ਆਪਣੀ ਮਾਂ ਬੋਲੀ ਨਾਲ ਸਾਂਝ ਪੈ ਸਕੇ। ਮਨਮੋਹਨ ਸਿੰਘ ਗਰਵਾਲ ਨੇ ਪ੍ਰੋਜੈਕਟਰ ਦੀ ਮਦਦ ਨਾਲ ਆਪਣੀ ਪ੍ਰੈਜ਼ੈਟਸਨ ਰਾਹੀਂ ਪੰਜਾਬੀ ਮਾਂ ਬੋਲੀ ਬਾਰੇ ਮਹੱਤਵਪੂਰਨ ਜਾਣਕਾਰੀ ਸਾਂਝੀ ਕੀਤੀ। ਤਕਰੀਬਨ ਸਾਰੇ ਹੀ ਬੁਲਾਰਿਆਂ ਨੇ ਇਸ ਗੱਲ 'ਤੇ ਜ਼ੋਰ ਦਿਤਾ ਕਿ ਆਓ! ਆਪਾਂ ਅਹਿਦ ਕਰੀਏ ਕਿ ਪੰਜਾਬੀ ਮਾਂ ਬੋਲੀ ਸਾਡੀਆਂ ਆਉਣ ਵਾਲੀਆਂ ਪੀੜੀਆਂ ਵਾਸਤੇ ਜਿਉਂਦੀ ਰਹੇ।

ਉਪਰੰਤ ਰਾਜ ਲਾਲੀ ਬਟਾਲਾ ਨੇ ਗੁਰਮੁਖ ਭੁੱਲਰ ਤੇ ਉਨ੍ਹਾਂ ਦੀ ਟੀਮ ਨੂੰ ਆਪਣੀ ਸਕਿਟ ਪੇਸ਼ ਕਰਨ ਲਈ ਬੁਲਾਇਆ ਤਾਂ ਉਨ੍ਹਾਂ ਦੀ ਤਿਆਰੀ ਹੋਣ ਤਕ ਆਪਣੀ ਗੱਲ ਆਪਣ ਦਾ ਮੌਕਾ ਵੀ ਖੁੰਝਣ ਨਾ ਦਿੱਤਾ ਤੇ ਤਰਨੁਮ ਵਿਚ ਗ਼ਜ਼ਲ ਗਾ ਕੇ ਚੜ੍ਹਦੇ ਤੇ ਲਹਿੰਦੇ ਪੰਜਾਬ ਦੇ ਲੋਕਾਂ ਦੀਆਂ ਭਾਵਨਾਵਾਂ ਜ਼ਾਹਰ ਕੀਤੀਆਂ। ਪ੍ਰੋਗਰਾਮ ਨੂੰ ਵਖਰਾ ਰੰਗ ਲਈ ਜਦੋਂ ਬਜ਼ੁਰਗ ਦੇ ਰਸ 'ਚ ਆਏ ਗੁਰਮੁਖ ਭੁੱਲਰ ਤੇ ਚਰਨਦੀਪ ਸਿੰਘ ਦੀ ਵਾਰਤਾਲਾਪ ਨੇ ਦਰਸ਼ਕਾਂ ਦੇ ਹਸ ਹਸ ਕੇ ਢਿੱਡ ਦੁਖਣ ਲਾ ਦਿੱਤੇ। ਉਨ੍ਹਾਂ ਆਪਣੀ ਖੂਬਸੂਰਤ ਪੇਸਕਾਰੀ ਨਾਲ ਦਰਸ਼ਕਾਂ ਦੀ ਖੂਬ ਵਾਹ-ਵਾਹ ਖੱਟੀ।

ਐਸ ਅਸ਼ੋਕ ਭੌਰਾ ਨੇ ਆਪਣੇ ਵੱਖਰੇ ਹੀ ਅੰਦਾਜ਼ ਵਿਚ ਹਮੇਸ਼ਾ ਵਾਂਗ ਸਮਾਂ ਬੰਨ੍ਹ ਦਿੱਤਾ। ਉਨ੍ਹਾਂ ਦੇ ਵਾਰਤਕ ਸੁਣਾਉਣ ਦੇ ਅੰਦਾਜ਼-ਏ ਬਿਆਂ ਦੇ ਸਭ ਕਾਇਲ ਹੋ ਗਏ ਤੇ ਸਰੋਤੇ ਮੁੜ ਤਰੋ-ਤਾਜ਼ਾ ਮਹਿਸੂਸ ਕਰਨ ਲੱਗੇ। ਉਨ੍ਹਾਂ ਬੜੇ ਹਲਕੇ-ਫੁਲਕ ਮਿਜਾਜ਼ ਨਾਲ ਦੱਸਿਆ ਕਿ ਹੁਣ 'ਭਲਾਈ ਦਾ ਜ਼ਮਾਨਾ ਨਹੀਂ ਰਿਹਾ। ਮਗਰੋਂ ਯੂਨੀਵਰਸਿਟੀ ਆਫ ਮਿਸ਼ੀਗਨ ਤੋਂ ਮੈਡਮ ਪਿੰਦਰਜੀਤ ਗਿੱਲ ਤੇ ਸਿੱਖ ਸਟੂਡੈਂਟਸ ਐਸੋਸੀਏਸ਼ਨ, ਯੂਨੀਵਰਸਿਟੀ ਆਫ ਸਿਕਾਗੋ ਤੋਂ ਪੁੱਜੇ ਜੁਝਾਰ ਸਿੰਘ, ਜਸਕਰਨ ਸਿੰਘ ਨੇ ਆਪਣੇ ਵਿਚਾਰ ਪੇਸ਼ ਕੀਤੇ। ਲੇਖਕ, ਗੀਤਕਾਰ ਗੁਰਨੇਕ ਝਾਵਰ ਨੇ ਬਹੁਤ ਸੋਹਣੇ ਅੰਦਾਜ਼ 'ਚ ਗੀਤ ਪੇਸ ਕੀਤਾ ਤੇ ਛੋਟੇ ਬੱਚਿਆਂ, ਜਿਨ੍ਹਾਂ ਦੀਆਂ ਦੀਆਂ ਸ਼ਰਟਸ 'ਤੇ ੳ/ਅ ਲਿਖਿਆ ਹੋਇਆ ਸੀ, ਨੇ ਪੰਜਾਬੀ ਮਾਂ ਬੋਲੀ ਨੂੰ ਸਮਰਪਿਤ ਗੀਤ 'ਤੇ ਖੂਬਸੂਰਤ ਭੰਗੜਾ ਪਾਇਆ।

ਪ੍ਰੋਗਰਾਮ ਵਿਚ ਭਾਰਤ ਦੇ ਕੌਂਸਲ ਜਨਰਲ ਅਮਿਤ ਕੁਮਾਰ ਨੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ ਤੇ ਸਾਰੇ ਪ੍ਰਤੀਭਾਗੀਆਂ ਦੀ ਹੌਸਲਾ ਅਫਜ਼ਾਈ ਕੀਤੀ। ਉਨ੍ਹਾਂ ਨੇ ਕੌਂਸਲ ਰਣਜੀਤ ਸਿੰਘ ਵਲੋਂ ਨਿਭਾਈਆਂ ਜਾ ਰਹੀਆਂ ਸੇਵਾਵਾਂ ਲਈ ਉਨ੍ਹਾਂ ਦੀ ਪ੍ਰਸ਼ੰਸਾ ਕੀਤੀ ਤੇ ਭਾਰਤ ਦੀ ਆਜ਼ਾਦੀ ਦੀ 25ਵੀਂ ਵਰ੍ਹੇਗੰਢ ਮੌਕੇ ਭਾਰਤ ਸਰਕਾਰ ਵਲੋਂ ਮਨਾਏ ਜਾ ਰਹੇ "ਆਜਾਦੀ ਕਾ ਅੰਮ੍ਰਿਤ ਮਹਾਉਤਸਵ ਬਾਰੇ ਵੀ ਜਾਣਕਾਰੀ ਦਿਤੀ।ਐਫ ਆਈ ਏ ਦੇ ਪ੍ਰਧਾਨ ਰਾਕੇਸ਼ ਮਲਹੋਤਰਾ ਨੇ ਗੁਰਦਾਸ ਮਾਨ ਦਾ ਗੀਤ 'ਰੋਟੀ' ਗਾ ਕ ਸੁਣਾਇਆ। ਇਸ ਮੌਕੇ ਹਾਫਮੈਨ ਅਸਟੇਟ ਦੇ ਮੇਅਰ ਬਿਲ ਮੁਕਲਿਓਡ ਤੇ ਹੈਨਓਵਰ ਪਾਰਕ ਦੇ ਮੇਅਰ ਰੋਡਨ ਐਸ ਕਰੇਗ ਨੇ ਵੀ ਸ਼ਮੂਲੀਅਤ ਕੀਤੀ। ਮੇਅਰ ਬਿੱਲ ਮੁਕਲਿਓਡ ਨੇ ਫਰਵਰੀ ਨੂੰ ਪੰਜਾਬੀ ਭਾਸ਼ਾ ਮਹੀਨਾ ਐਲਾਨਿਆ ਹੈ, ਜੋ ਸਾਰੇ ਪੰਜਾਬੀ ਭਾਈਚਾਰੇ ਲਈ ਮਾਣ ਵਾਲੀ ਗੱਲ ਹੈ।

# ਪਾਕਿਸਤਾਨੀ ਪਾਰਲੀਮੈਂਟ ਵਿੱਚ ਵਿਰੋਧੀ ਮੈਂਬਰਾਂ ਨੂੰ ਕੁੱਟਾਪਾ

ਇਸਲਾਮਾਬਾਦ, 10 ਮਾਰਚ, (ਪੋਸਟ ਬਿਊਰੋ)- ਪਾਕਿਸਤਾਨ ਵਿਚ ਵਿਰੋਧੀ ਧਿਰ ਵਲੋਂ ਇਮਰਾਨ ਖਾਨ ਸਰਕਾਰ ਖਿਲਾਫ ਦਿੱਤੇ ਬੇਭਰੋਸਗੀ ਮਤੇ ਕਾਰਨਪਾਰਲੀਮੈਂਟ ਵਿਚ ਭਾਰੀ ਸਿਆਸੀ ਡਰਾਮਾ ਦੇਖਣ ਨੂੰ ਮਿਲਿਆ ਹੈ।

ਮਤਾ ਪੇਸ਼ ਕਰਨ ਦੇ ਕੁਝ ਦਿਨ ਬਾਅਦ ਅੱਜ ਪਾਰਲੀਮੈਂਟਦੇ ਅੰਦਰ ਵਿਰੋਧੀ ਧਿਰ ਦੇ ਪਾਰਲੀਮੈਂਟ ਮੈਂਬਰਾਂ ਨਾਲ ਮਾਰਸ਼ਲਾਂ ਨੇ ਕੁੱਟਮਾਰ ਕੀਤੀ ਤੇ ਘਸੀਟਦੇ ਹੋਏ ਪਾਰਲੀਮੈਂਟ ਭਵਨ ਤੋਂ ਕੱਢ ਦਿੱਤਾ।ਵਿਰੋਧੀ ਧਿਰ ਦੇ ਮੈਂਬਰਾਂ ਦੇ ਵਿਰੋਧ ਤੋਂ ਬਾਅਦ ਪਾਕਿਸਤਾਨੀ ਪਾਰਲੀਮੈਂਟ ਵਿੱਚ ਹੋਏ ਹੰਗਾਮੇ ਪਿੱਛੋਂ ਮੀਡੀਆ ਵਲੋਂ ਪਾਰਲੀਮੈਂਟ ਦੀ ਰਿਪੋਰਟਿੰਗ ਕਰਨ ਉੱਤੇ ਪਾਬੰਦੀ ਲਾ ਦਿੱਤੀ ਗਈ ਹੈ। ਗ੍ਰਹਿ ਮੰਤਰੀ ਸ਼ੇਖ ਰਸ਼ੀਦ ਨੇ ਕਿਹਾ ਕਿ ਪਾਕਿ ਵਿੱਚ ਖਾਨਾ-ਜੰਗੀ ਵਰਗੇ ਹਾਲਾਤ ਬਣ ਚੁੱਕੇ ਹਨ। ਵਿਰੋਧੀ ਧਿਰ ਦੇ ਪਾਰਲੀਮੈਂਟ ਮੈਂਬਰ ਸਦਨ ਵਿਚ ਸਰਕਾਰ ਦੇ ਖਿਲਾਫ ਬੇਭਰੋਸਗੀ ਮਤੇ ਬਾਰੇ ਪ੍ਰਦਰਸ਼ਨ ਕਰ ਰਹੇ ਸਨ। ਵਿਰੋਧੀ ਮੈਂਬਰ ਤੇ ਪਾਕਿਸਤਾਨ ਡੈਮੋਕ੍ਰੇਟਿਕ ਮੂਵਮੈਂਟ ਦੇ ਪ੍ਰਮੁੱਖ ਆਗੂ ਮੌਲਾਨਾ ਫਜਲੁਰ ਰਹਿਮਾਨ ਨੇ ਇਮਰਾਨ ਖਾਨ ਦੀ ਸਰਕਾਰ ਉੱਤੇ ਦੋਸ਼ ਲਾਇਆ ਕਿ ਪਾਰਲੀਮੈਂਟਅੰਦਰ ਪ੍ਰਾਈਵੇਟ ਗਾਰਡ ਸੱਦ ਕੇ ਮੈਂਬਰਾਂ ਦੀ ਕੁੱਟਮਾਰ ਕੀਤੀ ਗਈ ਹੈ। ਉਨ੍ਹਾਂ ਨੇ ਇਮਰਾਨ ਖਾਨ ਦੇ ਖਿਲਾਫ ਵਿਰੋਧੀ ਧਿਰ ਵੱਲੋਂ ਲਿਆਂਦੇ ਬੇਭਰੋਸਗੀ ਮਤੇ ਦੇ ਸਫਲ ਹੋਣ ਦਾ ਭਰੋਸਾ ਪ੍ਰਗਟ ਕੀਤਾ ਅਤੇ ਕਿਹਾ ਕਿ ਨੈਸ਼ਨਲ ਅਸੈਂਬਲੀ ਵਿਚ 172 ਮੈਂਬਰਾਂ ਦਾ ਮਤੇ ਨੂੰ ਸਮਰਥਨ ਹੈ।

# ਮੋਦੀ ਵੱਲੋਂ ਐਲਾਨ: ਪ੍ਰਾਈਵੇਟ ਮੈਡੀਕਲ ਕਾਲਜਾਂ ਵਿੱਚ ਅੱਧੀਆਂ ਸੀਟਾਂ ਉੱਤੇ ਫੀਸ ਸਰਕਾਰੀ ਫ਼ੀਸ ਜਿੰਨੀ ਹੋਵੇਗੀ


* ਯੂਕਰੇਨ ਵਿੱਚ ਗੋਲੀ ਨਾਲ ਜ਼ਖਮੀ ਹਰਜੋਤ ਦਿੱਲੀ ਪਹੁੰਚਿਆ



ਨਵੀਂ ਦਿੱਲੀ, 10 ਮਾਰਚ, (ਪੋਸਟ ਬਿਊਰੋ)- ਮੈਡੀਕਲ ਕੋਰਸ ਦੀ ਇੱਛਾ ਰੱਖਦੇ ਲੱਖਾਂ ਵਿਦਿਆਰਥੀਆਂ ਅਤੇ ਮਾਪਿਆਂ ਨੂੰ ਭਾਰਤਵਿੱਚ ਮੈਡੀਕਲ ਜਾਂ ਹੋਰ ਕੋਰਸ ਦੀ ਪੜ੍ਹਾਈ ਲਈ ਆਪਣੀ ਜੇਬ ਖਾਲੀ ਨਹੀਂ ਕਰਨੀ ਪਵੇਗੀ। ਜੇਕਿਸੇ ਮੈਡੀਕਲ ਕਾਲਜਵਿੱਚ ਦਾਖ਼ਲਾ ਨਹੀਂ ਮਿਲਦਾ ਤਾਂ ਲੋਕ ਓਨੀ ਹੀ ਫੀਸਵਿੱਚ ਕਿਸੇ ਪ੍ਰਾਈਵੇਟ ਮੈਡੀਕਲ ਕਾਲਜ ਤੋਂ ਐੱਮ ਬੀ ਬੀ ਐੱਸ ਦੀ ਡਿਗਰੀ ਕਰ ਸਕਦੇ ਹਨ, ਜਿਸ ਬਾਰੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਫ਼ੈਸਲਾ ਲਿਆ ਹੈ।

ਪ੍ਰਧਾਨ ਮੰਤਰੀ ਦਫ਼ਤਰ ਨੇ ਇਸ ਬਾਰੇ ਟਵੀਟ ਦੱਸਿਆ ਹੈ ਕਿ 'ਕੁਝ ਦਿਨ ਪਹਿਲਾਂ ਸਰਕਾਰ ਨੇ ਇੱਕ ਹੋਰ ਵੱਡਾ ਫ਼ੈਸਲਾ ਲਿਆ ਹੈ, ਜਿਸ ਦਾ ਲਾਭ ਗਰੀਬ ਅਤੇ ਮੱਧ ਵਰਗ ਦੇ ਬੱਚਿਆਂ ਨੂੰ ਮਿਲੇਗਾ। ਅਸੀਂ ਤੈਅ ਕੀਤਾ ਹੈ ਕਿ ਪ੍ਰਾਈਵੇਟ ਮੈਡੀਕਲ ਕਾਲਜਾਂਵਿੱਚ ਅੱਧੀਆਂ ਸੀਟਾਂ ਉੱਤੇ ਸਰਕਾਰੀ ਮੈਡੀਕਲ ਕਾਲਜ ਜਿੰਨੀ ਫੀਸ ਲੱਗੇਗੀ। ਕੇਂਦਰ ਸਰਕਾਰ ਵੱਲੋਂ ਮੈਡੀਕਲ ਫ਼ੀਸ ਬਾਰੇ ਨਵਾਂ ਫ਼ੈਸਲਾ ਲੈਣਮਗਰੋਂ ਨੈਸ਼ਨਲ ਮੈਡੀਕਲ ਕਮੀਸ਼ਨ ਨੇ ਗਾਈਡਲਾਈਨ ਤਿਆਰ ਕਰ ਲਈ ਹੈ ਤਾਂ ਕਿ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ ਦਾ ਸਾਹ ਸੌਖਾ ਹੋ ਸਕੇ। ਵਰਨਣ ਯੋਗ ਹੈ ਕਿ ਰੂਸ-ਯੂਕਰੇਨ ਜੰਗ ਵਿੱਚ ਜਿੱਥੇ ਦੋਵਾਂ ਦੇਸ਼ਾਂ ਦਾ ਭਾਰੀ ਜਾਨੀ-ਮਾਲੀ ਨੁਕਸਾਨ ਹੋਇਆ, ਓਥੇਯੂਕਰੇਨਵਿੱਚ ਮੈਡੀਕਲ ਦੀ ਪੜ੍ਹਾਈ ਲਈ ਗਏ ਭਾਰਤੀ ਵਿਦਿਆਰਥੀਆਂ ਦਾ ਭਵਿੱਖ ਦਾਅ ਉੱਤੇ ਲੱਗ ਗਿਆ ਹੈ।

ਇਸ ਦੌਰਾਨ ਯੂਕਰੇਨਦੀ ਜੰਗ ਦੌਰਾਨ ਗੋਲੀ ਲੱਗਣ ਨਾਲ ਜ਼ਖਮੀ ਹੋਇਆ ਦਿੱਲੀ ਦੇ ਛੱਤਰਪੁਰ ਐਕਸਟੈਂਸ਼ਨ ਦਾ ਵਸਨੀਕ ਹਰਜੋਤ ਸਿੰਘ (31) ਅੱਜ ਸੋਮਵਾਰ ਦਿੱਲੀਆ ਗਿਆ।ਇਸ ਬਾਰੇ ਕੇਂਦਰੀ ਮੰਤਰੀ ਜਨਰਲ ਵੀਕੇ ਸਿੰਘ ਨੇ ਅੱਜ ਟਵੀਟ ਵਿੱਚਦੱਸਿਆ ਕਿ ਏਅਰ ਫੋਰਸ ਸੀ-17 ਸਾਰੇ 205 ਭਾਰਤੀ ਵਿਦਿਆਰਥੀਆਂ ਨਾਲ ਹਿੰਡਨ ਏਅਰਬੇਸ ਉੱਤੇ ਉਤਰਿਆ ਹੈ, ਜਿਸ ਵਿੱਚ ਹਰਜੋਤ ਵੀ ਹੈ।ਉਸ ਨੂੰ ਇਲਾਜ ਲਈ ਆਰਮੀ ਹਸਪਤਾਲ ਭੇਜਿਆ ਗਿਆ ਹੈ।




# ਭਾਰਤ ਵਿੱਚ ਪਹਿਲੀ ਵਾਰ ਗੋਹੇ ਤੋਂ ਬਣਾਏ ਬ੍ਰੀਫਕੇਸ ਵਿੱਚ ਬਜਟ ਦੀ ਕਾਪੀ ਰੱਖੀ ਗਈ

ਰਾਏਪੁਰ, 10 ਮਾਰਚ (ਪੋਸਟ ਬਿਊਰੋ)- ਛੱਤੀਸਗੜ੍ਹ ਦੇ ਮੁੱਖ ਮੰਤਰੀ ਭੂਪੇਸ਼ ਬਘੇਲ ਨੇ ਕੱਲ੍ਹ ਵਿੱਤੀ ਸਾਲ 2022-23 ਲਈ ਸੂਬਾਈ ਵਿਧਾਨ ਸਭਾ ਵਿੱਚ ਬਜਟ ਪੇਸ਼ ਕੀਤਾ ਤਾਂ ਉਨ੍ਹਾ ਦੇ ਹੱਥ ਫੜਿਆ ਬ੍ਰੀਫਕੇਸ ਚਰਚਾ ਵਿੱਚ ਰਿਹਾ। ਅਸਲ ਵਿੱਚ ਇਹ ਬ੍ਰੀਫਕੇਸ ਗੋਹੇ ਦਾ ਬਣਿਆ ਹੋਇਆ ਸੀ ਅਤੇ ਇਸ ਬ੍ਰੀਫਕੇਸ ਉੱਤੇ ਸੰਸਕ੍ਰਿਤ ਭਾਸ਼ਾ ਵਿੱਚ 'ਗੋਮਯ ਵਸਤੇ ਲਕਸ਼ਮੀ' ਲਿਖਿਆ ਹੋਇਆ ਸੀ। ਇਸਦਾ ਅਰਥ ਇਹ ਹੈ ਕਿ ਗੋਹੇ ਵਿੱਚ ਲਕਸ਼ਮੀ ਦਾ ਵਾਸ ਹੁੰਦਾ ਹੈ।



ਭਾਰਤ ਵਿੱਚ ਅਜਿਹਾ ਪਹਿਲੀ ਵਾਰ ਹੋਇਆ ਹੈ ਕਿ ਕਿਸੇ ਮੁੱਖ ਮੰਤਰੀ ਨੇ ਬਜਟ ਪੇਸ਼ ਕਰਨ ਲਈ ਗੋਹੇ ਤੋਂ ਬਣੇ ਬ੍ਰੀਫਕੇਸ ਦੀ ਵਰਤੋਂ ਕੀਤੀ ਹੈ। ਆਮ ਤੌਰ ਉੱਤੇ ਵੱਖ-ਵੱਖ ਰਾਜਾਂ ਦੇ ਮੁੱਖ ਮੰਤਰੀ ਚਮੜੇ ਜਾਂ ਜੂਟ ਤੋਂ ਬਣੇ ਬ੍ਰੀਫਕੇਸ ਦੀ ਵਰਤੋਂ ਬਜਟ ਦੀ ਕਾਪੀ ਲਿਆਉਣ ਲਈ ਕਰਦੇ ਰਹੇ ਹਨ। ਇਸ ਬ੍ਰੀਫਕੇਸ ਨੂੰ ਰਾਏਪੁਰ ਗੋਕੁਲ ਧਾਮ ਗੌਠਾਨ ਵਿੱਚ ਕੰਮ ਕਰਦੇ ਮਹਿਲਾ ਸਵੈ ਸਹਾਇਤਾ ਗਰੁੱਪ 'ਏਕ ਪਹਿਲ' ਦੀਆਂ ਔਰਤਾਂ ਨੇ ਮਿਲ ਕੇ ਬਣਾਇਆ ਹੈ। ਬ੍ਰੀਫਕੇਸ ਨੂੰ ਸੁੱਕੇ ਗੋਹੇ ਦੇ ਪੌਡਰ, ਚੂਨਾ, ਮੈਦਾ, ਲੱਕੜ ਅਤੇ ਗਵਾਰ ਗਮ ਦੇ ਮਿਸ਼ਰਣ ਨੂੰ ਪਰਤ-ਦਰ-ਪਰਤ ਲਾ ਕੇ 10 ਦਿਨਾਂ ਵਿੱਚ ਬਣਾਇਆ ਗਿਆ।ਰਾਜਸਥਾਨ ਸਰਕਾਰ ਵੱਲੋਂ ਪੁਰਾਣੀ ਪੈਨਸ਼ਨ ਯੋਜਨਾ ਲਾਗੂ ਕਰਨ ਪਿੱਛੋਂ ਛੱਤੀਸਗੜ੍ਹ ਵਿੱਚ ਸਰਕਾਰੀ ਮੁਲਾਜ਼ਮਾਂ ਨੂੰ ਪੁਰਾਣੀ ਪੈਨਸ਼ਨ ਯੋਜਨਾ ਦੀ ਸੌਗਾਤ ਦਿੱਤੀ ਗਈ ਹੈ। ਮੁੱਖ ਮੰਤਰੀ ਭੁਪੇਸ਼ ਬਘੇਲ ਨੇ ਕੱਲ੍ਹ ਛੱਤੀਸਗੜ੍ਹ ਵਿਧਾਨ ਸਭਾ ਵਿੱਚ ਇਸ ਸਬੰਧੀ ਐਲਾਨ ਕੀਤਾ। ਉਨ੍ਹਾਂ ਦੇ ਐਲਾਨ ਪਿੱਛੋਂ ਛੱਤੀਸਗੜ੍ਹ ਵਿੱਚ ਪੁਰਾਣੀ ਪੈਨਸ਼ਨ ਲਾਗੂ ਹੋਣ ਨਾਲ 1 ਜਨਵਰੀ 2004 ਤੋਂ ਬਾਅਦ ਨਿਯੁਕਤ ਤਿੰਨ ਲੱਖ ਤੋਂ ਵੱਧ ਸਰਕਾਰੀ ਮੁਲਾਜ਼ਮਾਂ ਨੂੰ ਇਸਦਾ ਲਾਭ ਮਿਲੇਗਾ।

# ਵੱਡੇ ਲੋਕਾਂ ਦੇ ਘਰਾਂ 'ਚ ਸੋਲਰ ਪੈਨਲ ਲਾਉਣ ਉਤੇ ਪੇਡਾ ਦੇ ਸੀ ਈ ਓ ਨੂੰ ਨੋਟਿਸ ਜਾਰੀ

ਚੰਡੀਗੜ੍ਹ, 10 ਮਾਰਚ (ਪੋਸਟ ਬਿਊਰੋ)- ਪੰਜਾਬ ਰਾਜ ਅਨੁਸੂਚਿਤ ਜਾਤੀ ਕਮਿਸ਼ਨ ਨੇ ਚੋਣ ਲਾਭ ਲਈ ਬਠਿੰਡਾ ਵਿੱਚ ਪ੍ਰਭਾਵਸ਼ਾਲੀ ਲੋਕਾਂ ਦੇ ਘਰਾਂ ਉੱਤੇ ਸੋਲਰ ਪੈਨਲ ਲਾਉਣ ਦਾ ਸਖਤ ਨੋਟਿਸ ਲਿਆ ਅਤੇ ਪੰਜਾਬ ਐਨਰਜੀ ਡਿਵੈਲਪਮੈਂਟ ਏਜੰਸੀ (ਪੇਡਾ) ਦੇ ਮੁੱਖ ਕਾਰਜਕਾਰੀ ਅਧਿਕਾਰੀ (ਸੀ ਈ ਓ) ਨੂੰ 16 ਮਾਰਚ ਨੂੰ ਤਲਬ ਕੀਤਾ ਹੈ।



ਇਹ ਨੋਟਿਸ ਬਠਿੰਡਾ ਨਗਰ ਨਿਗਮ ਨੇ ਅਨੁਸੂਚਿਤ ਜਾਤੀ, ਪਿਛੜਾ ਵਰਗ ਅਤੇ ਗਰੀਬੀ ਰੇਖਾ ਤੋਂ ਹੇਠਾਂ ਜੀਵਨ ਬਤੀਤ ਕਰਦੇ ਲੋਕਾਂ ਦੇ ਘਰਾਂ ਉੱਤੇ ਲੱਗਣ ਵਾਲੇ ਸੋਲਰ ਪੈਨਲ ਨੂੰ ਪ੍ਰਭਾਵਸ਼ਾਲੀ ਲੋਕਾਂ ਦੇ ਘਰਾਂ ਉੱਤੇ ਲਗਾਉਣ ਵਿਰੁੱਧ ਜਾਰੀ ਕੀਤਾ ਹੈ।ਬੀਤੀ ਪੰਜ ਮਾਰਚ ਨੂੰ ਮੀਡੀਆ ਨੇ ਚੋਣ ਲਾਭ ਲਈ ਖੁਸ਼ਹਾਲ ਲੋਕਾਂ ਦੇ ਘਰ ਲਾਏ ਸੋਲਰ ਪੈਨਲਾਂ ਬਾਰੇ ਖਬਰ ਛਾਪੀ ਸੀ। ਇਸ ਦੇ ਬਾਅਦ ਕਮਿਸ਼ਨ ਨੇ ਇਸ ਦਾ ਨੋਟਿਸ ਲਿਆ ਸੀ। ਪੰਜਾਬ ਰਾਜ ਅਨੁਸੂਚਿਤ ਜਾਤੀ ਕਮਿਸ਼ਨ ਦੇ ਮੈਂਬਰ ਗਿਆਨ ਚੰਦ ਦਿਵਾਲੀ ਤੇ ਪ੍ਰਭ ਦਿਆਲ ਨੇ ਕਿਹਾ ਕਿ ਅਨੁਸੂਚਿਤ ਜਾਤੀ ਦੇ ਲੋਕਾਂ ਦਾ ਲਾਭ ਕਿਸੇ ਹੋਰ ਵਰਗ ਨੂੰ ਦੇਣਾ ਗੰਭੀਰ ਮਾਮਲਾ ਹੈ। ਗਿਆਨ ਚੰਦ ਨੇ ਕਿਹਾ ਕਿ 16 ਮਾਰਚ ਨੂੰ ਪੇਡਾ ਦੇ ਮੁੱਖ ਕਾਰਜਕਾਰੀ ਅਧਿਕਾਰੀ ਨੂੰ ਨਿੱਜੀ ਰੂਪ 'ਚ ਜਾਂ ਯੋਗ ਅਥਾਰਟੀ ਦੇ ਜ਼ਰੀਏ ਕਮਿਸ਼ਨ ਨੂੰ ਪੂਰਾ ਰਿਕਾਰਡ ਪੇਸ਼ ਕਰਨ ਲਈ ਕਿਹਾ ਗਿਆ ਹੈ।

# ਪਤੀ ਦੀ ਅਨੋਖੀ ਵੰਡ, ਦੋਵਾਂ ਪਤਨੀਆਂ ਨਾਲ 3-3 ਦਿਨ ਬਿਤਾਉਣ ਉੱਤੇ ਸਹਿਮਤੀ ਬਣਾਈ

ਰਾਮਪੁਰ, 10 ਮਾਰਚ (ਪੋਸਟ ਬਿਊਰੋ)- ਉਤਰ ਪ੍ਰਦੇਸ਼ ਦੇ ਰਾਮ-ਪੁਰ ਜ਼ਿਲ੍ਹੇ ਵਿੱਚ ਪਤੀ ਦੀ ਵੰਡ ਦਾ ਅਜੀਬ ਕੇਸ ਪਤਾ ਲੱਗਾ ਹੈ। ਇੱਕ ਸ਼ਖਸ ਨੇ ਦੂਜਾ ਵਿਆਹ ਕਰਵ-ਾਇਆ, ਜੋ ਪਹਿਲੀ ਪਤਨੀ ਦੀ ਸਹਿਮਤੀ ਨਾਲ ਹੋਇਆ। ਦੋ ਪਤਨੀਆਂ ਤੋਂ ਵੀ ਵਧ ਹੈਰਾਨ ਕਰਨ ਵਾਲੀ ਗੱਲ ਇਹ ਹੈ ਕਿ ਦੋਹਾਂ ਦੀ ਸਹਿਮਤੀ ਨਾਲ ਪਤੀ ਦੀ ਵੰਡ ਹੋਈ।



ਇਸ ਵੰਡ ਦੇ ਤਹਿਤ ਪਤੀ ਨੇ ਹਫ਼ਤੇ ਵਿੱਚ ਤਿੰਨ ਦਿਨ ਇੱਕ ਪਤਨੀ ਨਾਲ ਅਤੇ ਅਗਲੇ ਤਿੰਨ ਦਿਨ ਦੂਜੀ ਪਤਨੀ ਨਾਲ ਰਹਿਣ ਲਈ ਹਾਮੀ ਭਰੀ। ਇਹ ਪੂਰਾ ਕੇਸ ਸੋਸ਼ਲ ਮੀਡੀਆ ਉੱਤੇ ਫੈਲੇ ਪ੍ਰੇਮ-ਪਿਆਰ ਦੇ ਮੁੱਦੇ ਨਾਲ ਜੁੜਿਆ ਹੈ। ਇਸ ਅਨੋਖੀ ਘਟਨਾ ਦੀ ਚਰਚਾ ਪੂਰੇ ਇਲਾਕੇ ਵਿੱਚ ਹੈ। ਪਤੀ ਦੇ ਦਿਨ ਵੰਡਣ ਦੀ ਘਟਨਾ ਰਾਮਪੁਰ ਜ਼ਿਲ੍ਹੇ ਦੇ ਢੋਕਪੁਰੀ ਟਾਂਡਾ ਇਲਾਕੇ ਦੀ ਹੈ। ਸੋਸ਼ਲ ਮੀਡੀਆ ਉੱਤੇ ਇੱਕ ਵਿਆਹੇ ਵਿਅਕਤੀ ਨੂੰ ਆਸਾਮ ਦੀ ਇੱਕ ਲੜਕੀ ਨਾਲ ਪਿਆਰ ਹੋ ਗਿਆ। ਦੋਹਾਂ ਉੱਤੇ ਪਿਆਰ ਦਾ ਭੂਤ ਅਜਿਹਾ ਸਵਾਰ ਹੋਇਆ ਕਿ ਦੋਵੇਂ ਚੰਡੀਗੜ੍ਹ ਵਿੱਚ ਲਿਵ-ਇਨ ਵਿੱਚ ਰਹਿਣ ਲੱਗ ਪਏ।ਕੁਝ ਸਮੇਂ ਬਾਅਦ ਨੌਜਵਾਨ ਨੂੰ ਪ੍ਰੇਮਿਕਾ ਦੇ ਗਰਭਵਤੀ ਹੋਣ ਦਾ ਪਤਾ ਲੱਗਾ। ਇਸ ਨਾਲ ਉਹ ਡਰ ਕੇ ਚੰਡੀਗੜ੍ਹ ਤੋਂ ਆਪਣੇ ਪਿੰਡ ਭੱਜ ਗਿਆ। ਜਦੋਂ ਉਸ ਦੀ ਗਰਭਵਤੀ ਪ੍ਰੇਮਿਕਾ ਉਸ ਨੂੰ ਲੱਭਦੀ ਪਿੰਡ ਪਹੁੰਚੀ ਤਾਂ ਉਥੇ ਹੰਗਾਮਾ ਹੋ ਗਿਆ। ਜਦੋਂ ਸਾਰਾ ਮਾਮਲਾ ਪਤਾ ਲੱਗਾ ਤਾਂ ਵਿਅਕਤੀ ਦੀ ਪਹਿਲੀ ਪਤਨੀ ਨੂੰ ਆਪਣੇ ਪਤੀ ਦੇ ਦੂਜੇ ਵਿਆਹ ਲਈ ਰਾਜ਼ੀ ਹੋਣਾ ਪਿਆ। ਪ੍ਰੇਮਿਕਾ ਨਾਲ ਵਿਆਹ ਕਰਨ ਪਿੱਛੋਂ ਇਸ ਦਾ ਭੰਬਲਭੂਸਾ ਬਣ ਗਿਆ ਕਿ ਦੋ ਪਤਨੀਆਂ ਦਾ ਪਤੀ ਕਿਸ ਦੇ ਨਾਲ ਰਹੇਗਾ। ਇਸ ਤੋਂ ਬਾਅਦ ਫ਼ੈਸਲਾ ਕੀਤਾ ਗਿਆ ਕਿ ਨੌਜਵਾਨ 3-3 ਦਿਨ ਦੋਹਾਂ ਕੋਲ ਅਤੇ ਇੱਕ ਦਿਨ ਮਾਪਿਆਂ ਕੋਲ ਰਹੇਗਾ। ਇਸ ਬਾਰੇ ਸਾਰਿਆਂ ਦੀ ਸਹਿਮਤੀ ਹੋ ਗਈ ਹੈ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202



Marriage
Matrimonial
ਰਿਸ਼ਤੇ ਹੀ ਰਿਸ਼ਤੇ

Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਪਲਾਟ ਵਿਕਾਊ

ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਨਜ਼ਦੀਕ ਪਲਾਟ ਵਿਕਾਊ ਹੈ। GT Road ਤੋਂ ਸਿਰਫ 400 ਮੀਟਰ ਦੂਰੀ 'ਤੇ। ਸ੍ਰੀ ਗੁਰੂ ਤੇਗ ਬਹਾਦਰ ਨਗਰ ਵਿਚ 10 ਮਰਲੇ ਦਾ ਪਲਾਟ ਵਿਕਾਊ ਹੈ।। ਖੁੱਲ੍ਹੀਆਂ ਸੜਕਾਂ ਪਾਰਕ ਆਦਿ ਦੀ ਸਹੂਲਤ।

ਫੋਨ ਨੰਬਰ 917837596119
647-760-2769







ਫੌਨਾਂ ਦੇ ਸਸਤੇ ਪਲਾਨ ਗਾਂਰੰਟਿਡ

ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓਂ
20 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

## ਲੜਕੀ ਦੀ ਲੋੜ

ਸਰਾ ਪਰਿਵਾਰ ਦਾ ਲੜਕਾ, ਉਮਰ 33 ਸਾਲ, ਕੱਦ 5 ਫੁੱਟ 10 ਇੰਚ, ਬੀਬੀਏ ਕੀਤੀ ਹੋਈ ਹੈ, ਵਰਤਮਾਨ ਵਿਚ ਭਾਰਤ ਵਿਚ ਬਿਜ਼ਨਸ ਕਰ ਰਿਹਾ ਹੈ ਤੇ ਭਵਿੱਖ ਵਿਚ ਕੈਨੇਡਾ ਵਿਚ ਟਰਾਂਸਪੋਰਟੇਸ਼ਨ ਦਾ ਬਿਜ਼ਨਸ ਖੋਲ੍ਹਣ ਜਾ ਰਿਹਾ ਹੈ, ਲਈ ਸੁੰਦਰ ਸੁਸ਼ੀਲ ਲੜਕੀ ਦੀ ਲੋੜ ਹੈ। ਸੰਪਰਕ: 437-332-8422,
ਈ ਮੇਲ puneetasra17october@gmail.com

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਐੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5''8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013







## ਲੜਕੀ ਦੀ ਲੋੜ

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen
Contact on 6473004877
Email :- komal1128@gmail.com

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5'11'' ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ।ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ।ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9'', ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਕੈਨੇਡਾ ਵਿਚ ਵੈੱਲ ਸੈਟਲਡ ਪੀ.ਆਰ. ਲੜਕਾ, ਟਰੱਕਿੰਗ ਇੰਡਸਟਰੀ ਵਿਚ ਵਧੀਆ ਨੌਕਰੀ ਕਰ ਰਿਹਾ, ਉਮਰ 30 ਸਾਲ, ਕੱਦ 5'9'' ਲਈ ਕੈਨੇਡੀਅਨ ਪੀ.ਆਰ./ਸਿਟੀਜਨ, ਵਰਕ ਪਰਮਿਟ ਜਾਂ ਆਪਣੇ ਪਰਿਵਾਰ ਨਾਲ ਰਹਿ ਰਹੀ ਲੜਕੀ ਦੀ ਲੋੜ ਹੈ। ਲੜਕੇ ਦੀ ਭੈਣ ਕੈਨੇਡਾ ਵਿਚ ਆਪਣੇ ਪਰਿਵਾਰ ਨਾਲ ਰਹਿੰਦੀ ਹੈ। ਸੰਪਰਕ: 647-608-4013




## ਲੜਕੇ ਦੀ ਲੋੜ

ਕੈਨੇਡਾ ਪੀ ਆਰ ਲੜਕੀ ਨਾਈ ਸਿੱਖ /ਲੱਖਣਪਾਲ ਲਈ ਸ਼ੁਧ ਵੈਸ਼ਨੂੰ ਵਰ ਦੀ ਲੋੜ। ਤਰਜੀਹ ਕੈਨੇਡਾ। ਜਨਮ 13/12/1991, ਕੱਦ 5'7", ਭਾਰਤ ਤੋਂ M.Com ਅਤੇ ਕੈਨੇਡਾ ਤੋ ਪੋਸਟ ਗਰੈਡ ਡਿਪਲੋਮਾ HRM ਇੱਕ ਭੈਣ ਤੇ ਇੱਕ ਭਰਾ ਵਿਆਹੇ ਦੋਵੇ ਕੈਨੇਡਾ PR ਫੋਨ +12049148700 +919569557850

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com
Contact number-+17802222608, +919988297352

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2'' ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂMBA ਅਤੇ ਕੈਨੇਡਾ ਤੋਂMarketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com









# ਅਮੀਰ ਦੇਸ਼ ਵਿੱਚ ਗਰੀਬਾਂ ਦਾ ਹੋਣਾ, ਕਸੂਰਵਾਰ ਸਰਕਾਰ ਹੈ



ਅਸੀਂ ਭਾਰਤ ਦੇ ਲੋਕੀਂ ਖੁਸ਼ਕਿਸਮਤ ਹਾਂ ਕਿ ਅਸੀਂ ਬਹੁਤ ਹੀ ਅਮੀਰ ਦੇਸ਼ ਹਾਂ। ਸਾਡਾ ਦੇਸ਼ ਕਦੀ ਸੋਨੇ ਦੀ ਚਿੜੀਆਂ ਅਖਵਾ ਬੈਠਾ ਹੈ। ਇਤਿਹਾਸ ਗਵਾਹ ਹੈ ਕਿ ਲੁਟੇਰਿਆਂ ਨੇ ਜਿਤਨੇ ਹਮਲੇ ਸਾਡੇ ਮੁਲਕ ਉਤੇ ਸਾਡੀ ਅਮੀਰੀ ਲੁਟਣ ਲਈ ਕੀਤੇ ਹਨ ਹੋਰ ਕਿਸੇ ਦੇਸ਼ ਉਤੇ ਨਹੀਂ ਕੀਤੀ ਅਤੇ ਇਹ ਗਵਾਹੀ ਵੀ ਸਾਡਾ ਇਤਿਹਾਸ ਦਿੰਦਾ ਹੈ ਕਿ ਮੁਗ਼ਲਾਂ ਨੇ ਇਸ ਦੇਸ਼ ਦਹ ਅਮੀਰੀ ਦੇਖਕੇ ਇਬਸ ਦੇਸ਼ ਉਤੇ ਕਬਜ਼ਾ ਵੀ ਕਰ ਲਿਆ ਸੀ ਅਤੇ ਇਥੇ ਹੀ ਰਹਿਣਾ ਪਸੰਦ ਕੀਤਾ ਸੀ ਅਤੇ ਲਗ ਭਗ ਬਾਰਰ੍ਹਾਂ ਤੇਰ੍ਹਾਂ ਸਦੀਆਂ ਇਥੇ ਰਾਜ ਵੀ ਕੀਤਾ ਸੀ।

ਇਸ ਮੁਲਕ ਵਿੱਚ ਪਹਾੜ ਹਨ, ਦਰਿਆ ਹਨ, ਜੰਗਲ ਹਨ, ਖਣਿਜ ਪਦਾਰਥ ਹਨ, ਵਧੀਆਂ ਜਲੀ ਵਾਯੂ ਹੈ, ਵਕਤ ਸਿਰ ਬਾਰਿਸ਼ਾ ਹੋ ਜਾਂਦੀਆਂ ਹਨ, ਭਾਂਤ ਭਾਤ ਦਾ ਅਨਾਜ ਹੈ, ਫਲ ਹਨ, ਸਬਜ਼ੀਆਂ ਹਨ ਅਤੇ ਮੇਹਨਤੀ ਲੋਕ ਵੀ ਹਨ।ਹੁਣ ਅਜ ਦੇ ਯੁਗ ਵਿੱਚ ਅਸਾਂ ਗੈਸ, ਤੇਲ, ਲੋਹਾ, ਕੋਲਾਵੀ ਲਭ ਲਏ ਹਨ ਅਤੇ ਸਾਡੇ ਮੁਲਕ ਵਿੱਚ ਕਾਰਖਾਨਿਆਂ ਨੇ ਇਹ ਕੁਦਰਤੀ ਨਿਆਮਤਾਂ ਵਰਤਕੇ ਮਨੁਖੀ ਵਰਤੋਂ ਦਾ ਇਤਨਾ ਕੁਝ ਬਣਾ ਦਿਤਾ ਹੈ ਕਿ ਇਸ ਮੁਲਕ ਵਿੱਚ ਵਾਜਬ ਜਿਹਾ ਜੀਵਨ ਜਿਉਣ ਲਈ ਹਰ ਸ਼ੈਅ ਆ ਗਈ ਹੈ। ਸਾਡੇ ਮੁਲਕ ਵਿੱਚ ਕਿਸਾਨ ਭਰਾਵਾਂ ਨੇ ਵੀ ਮੇਹਨਤ ਕਰਕੇ ਅਨਾਂਜ ਇਤਨਾ ਪੈਦਾ ਕਰ ਦਿੱਤਾ ਹੈ ਕਿ ਅਜ ਸਾਨੂੰ ਅਨਾਜ ਲਈ ਕਿਸੇ ਮੁਲਕ ਪਾਸ ਜਾਣ ਦੀ ਜ਼ਰੂਰਤ ਨਹੀਂ ਹੈ।

ਪਰ ਇਹ ਸਾਰਾ ਕੁੱਝ ਹੋਣ ਦੇ ਬਾਵਜੂਦ ਇਸ ਮੁਲਕ ਵਿੱਚ ਲੋਕਾਂ ਦਾ ਜੀਵਨ ਠੀਕ ਠਾਕ ਨਹੀਂ ਹੈ। ਅਰਥਾਤ ਲੋਕਾਂ ਪਾਸ ਘਰ ਖਾਣਾ ਦੋ ਤਿੰਨ ਵਕਤ ਠੀਕ ਠਾਕ ਨਹੀਂ ਬਣ ਰਿਹਾ ਅਤੇ ਮੁਲਕ ਦੀ ਸਰਕਾਰ ਨੂੰਸਤਰ ਅਸੀਂ ਕਰੋੜ ਲੋਕਾਂ ਨੂੰ ਅਨਾਜ ਮੁਫਤ ਦੇਣਾ ਪੈ ਰਿਚਾ ਹੈ ਅਤੇ ਕਾਰਖਾਨਿਆਂ ਨੇ ਜੋ ਵੀ ਲਸੋਕਾਂ ਦੀ ਵਰਤੋਂ ਲਈ ਬਣਾਇਆ ਹੈ ਉਹ ਵਿਕ ਨਹੀਂ ਰਿਹਾ ਹੈ ਅਤੇ ਕਾਰਖਾਨੇ ਬੰਦ ਹੋਣ ਜਾ ਰਹੇ ਹਨ।

ਇਹ ਸਾਰੀਆਂ ਸਮਸਸਿਆਵਾਂ ਗੁਰਬਤ ਕਾਰਨ ਆ ਬਣੀਆਂ ਹਨ ਅਤੇ ਇਹ ਗੁਰਬਤ ਕਾਰਨ ਹੀ ਲੋਕਾਂ ਨੂੰ ਮੁਫਤ ਅਨਾਜ ਦਿਤਾ ਜਾ ਰਿਚਾਹ ਹੈ ਤਾਂਕਿ ਲੋਕੀਂ ਭੁਖੇ ਨਾ ਮਰ ਜਾਣ।। ਹਰ ਕੋਈ ਜਾਣਦਾ ਹੈ ਕਿ ਇਸ ਮੁਲਕ ਵਿੱਚ ਰੁਜ਼ਗਾਰ ਘਟ ਹੈ ਅਤੇ ਲੋਕਾਂ ਦੀ ਆਮਦਨ ਵੀ ਘਟ ਹੈ। ਬਹੁਤੇ ਘਰਾਂ ਦੀ ਆਮਦਨ ਘਟ ਹੋਣ ਕਾਰਨ ਹੀ ਇਸ ਮੁਲਕ ਨੂੰ ਗਰੀਬ ਲੋਕਾਂ ਦਾ ਦੇਸ਼ ਮਨਿਆ ਜਾ ਰਿਹਾ ਹੈ। ਅਤੇ ਇਹ ਵਾਲੀਆਂ ਦੋ ਸਮਸਿਆਵਾਂ ਲੈਕੇ ਹੀ ਹਰ ਵਾਰੀਂ ਵੋਟਾ ਵਿੱਚ ਜਿਤਾਂ ਪ੍ਰਾਪਤ ਕੀਤੀਆਂ ਜਾਂਦੀਆਂ ਹਨ, ਪਰ ਹਾਲਾਂ ਤਕ ਸਾਡੇ ਨੁਮਾਇੰਦਿਆਂ ਨੇ ਕਦੀ ਵੀ ਪਾਰਲੀਮੈਂਟ ਵਿੱਚ ਕੋਈ ਸਕੀਮ, ਕੋਈ ਪ੍ਰੋਜੈਕਟ ਜਾਂ ਬਿਲ ਨਹੀਂ ਰਖਿਆ ਜਿਹੜਾ ਇਹ ਦਰਸਾ ਰਿਹਾ ਹੋਵੇ ਕਿ ਸਾਡੇ ਮੁਲਕ ਦੇ ਇਹ ਲੋਕਾਂ ਦੇ ਬਣੇ ਪ੍ਰਤੀਨਿਧ ਇਹ ਵਾਲੀਆਂ ਸਮਸਿਆਾਂ ਹਲ ਕਰਨ ਦਾ ਯਤਨ ਕਰ ਰਹੇ ਹਨ। ਅਜ ਤਕ ਸਾਡੀ ਪਾਰਲੀਮੈਂਟ ਦੀਆਂ ਚੋਣਾਂ, ਪ੍ਰਤੀਨਿਧਾਂ ਦੀ ਤਨਖਾਹ, ਭਤਿਆਂ, ਸਦਨ ਦੇ ਰਖ ਰਖਾ ਅਤੇ ਪੈਨਸ਼ਨਾਂ ਉਤੇ ਅਰਬਾਂ ਖਰਬਾਂ ਰੁਪਿਆ ਖਰਚ ਕਰ ਬੈਠੇ ਹਾਂ ਪਰ ਕੋਈ ਵੀ ਐਮ ਪੀ ਸਾਡੇ ਸਾਹਮਣੇ ਆਕੇ ਇਹ ਬਿਆਨ ਨਹੀਂ ਦੇ ਸਕਦਾ ਕਿ ਉਹ ਇਸ ਵਾਰੀਂ ਸਦਨ ਵਿੱਚ ਇਹ ਇਹ ਵਾਲੇ ਕੰਮ 3ਰਕੇ ਆਟਿਾਹ ਹੈ। ਇਹ ਆਜ਼ਾਦੀ ਵੀ ਆਈ ਅਤੇ ਇਹ ਵਾਲਾ ਪਰਜਾਤੰਤਰ ਵੀ ਆਏ ਹਨ, ਪਰ ਪੋਣੀਖ ਸਦੀ ਵਿੱਚ ਅਸੀਂ ਬੇਰੂਜ਼ਗ;ਬਹ ਠਤੇ ਇਹ ਘਟ ਆਮਦਨ ਵਾਲੀਆਂ ਦੋ ਭਿਆਨਕ ਸਮਸਿਆਵਾਂ ਹਲ ਨਹੀਂ ਕਰ ਪਾਏ ਹਾਂ ਅਤੇ ਅਜ ਅਸੀਂ ਜਿਥੇ ਵੀ ਆ ਖਲੌਤੇ ਹਾਂ ਇਹ ਪਿਲਆ ਲਗਦਾ ਹੈ ਕਿ ਇਹ ਦੋ ਸਮਸਿਆਵਾਂ ਅਸੀਂ ਹਲ ਕਰ ਦੇ ਕਾਬਲੀ ਹੀ ਨਹੀਂ ਰਹੇ ਹਾਂ। ਅਤੇ ਲੋਕਾਂ ਨੂੰ ਮੁਫਤ ਰਾਸ਼ਨ ਦੇਕੇ ਭੁਖਮਤਰੀ ਤੋਂ ਬਚਾਉਣ ਦੀ ਕੋਸ਼ਿਸ਼ ਪਏ ਕਰਦੇ ਹਾਂ। ਅੱਜ ਤਕ ਦੀਆਂ ਹੋਈਆਂ ਸਰਕਾਰਾ ਉਤੇ ਤਇਹ ਇਲਜ਼ਾਮ ਵੀ ਆ ਰਿਹਾ ਹੈ ਕਿ ਇਹ ਗੁਰਬਤ ਰਾਜਸੀ ਲੋਕਾਂ ਨੇ ਜਾਣਬੁਝਕੇ ਬਣਾ ਰਖੀ ਹੈ ਤਾਂਤਿ ਵੋਟਾਂ ਦੀ ਗਿਣਤੀ ਬਣੀ ਰਵੇ। ਇਹ ਮੁਲਕ ਦਾ ਗਰੀਬ ਆਦਮੀ ਹੀ ਵੋਟ ਪਾਉਂਦਾ ਹੈ ਅਤੇ ਇਹ ਰਾਜਸੀ ਲੋਕਾਂ ਦੀਆ ਸਰਕਾਰਾ ਬਣਦੀਆਂ ਰਹਿੰਦੀਆਂ ਹਨ। ਇਹ ਵੀ ਆਖਿਆ ਜਾ ਰਿਹਾ ਹੈ ਤਿਕ ਗਰੀਬਾਂ ਨੂੰ ਹੀ ਹਰ ਚੋਣਾਂ ਤੋਂ ਪਹਿਲਾਂ ਕੋਈ ਨਾ ਕੋਈ ਲਾਰਾ ਲਗਾਕੇ ਵੋਟਾ ਲੈ ਲਿਤੀਆਂ ਜਾਂਦੀਆਂ ਹਨ। ਅਮੀਰ ਅਤੇ ਰਜੇ ਪੁਜੇ ਲੋਕ ਤਾਂ ਵੋਟ ਪਾਉਣ ਹੀ ਨਹੀਂ ਜਾਂਦੇ।

ਇਸ ਮੁਲਕ ਵਿੱਚ ਵਿਹਲੜ ਵੈਸੇ ਹੀ ਬਹੁਤ ਹਨੇ ਫਿਰ ਕੋਣ. ਸਾਧ ਬਣ੍ਹਿਾ ਫਿਰਦਾ ਹੈ, ਕੋਈ ਸੰਤ ਬਣਿਆ ਫਿਰਦਾ ਹੈ, ਧਾਰਮਿਕ ਅਸਥ;ਅ: ਵਿੰ ਕਿਰਤੈ ਹੀ ਲੋਕੀਂ ਸੇਵਾ ਕਰ ਰਹੇ ਹਨ, ਮੰਗਤਿਆਂ ਨੇ ਵੀ ਆਪਣਾਜਾ ਪੇਸ਼ਾ ਬਣਾ ਲਿਆ ਹੈ, ਕਿਤਨੇ ਹਹੀ ਅਮਲੀ ਹਨ, ਕਿਤਨੇ ਹੀ ਅਪ੍ਰਾਧੀ ਬਣ ਗਏ ਹਨ ਅਤੇ ਕਿਤਨੇ ਹੀ ਲੋਕੀਂ ਨਸ਼ਈ ਬਣ ਗਏ ਹਨ ਅਤੇ ਹਰ ਘਰ ਵਿੱਚ ਬੇਰਜ਼ਗਾਰਾ ਵੀ ਹਨੇ ਇਕ ਆਦਮਹੀ ਕਮਾਈ ਕਰਦਾ ਹੇ ਅਤੇ ਕਿਤਨੇ ਹੀ ਜੀਆਂ ਦਾ ਪੇਟ ਭਰਦਾ ਹੈ। ਇਹ ਸਿਲਸਿਲਾ ਵੀ ਹੈ ਅਤੇ ਇਸਦਾ ਇਲਾਜ ਕਰਨਾਂ ਕਿਸੇ ਦੀ ਵਸ ਦੀ ਗਲ ਨਹੀਂ ਲਗਦੀ ਹੈ।

ਸਾਡੇ ਮੁਲਕ ਵਿੱਚਸਹਿਕਾਰਤਾ ਕੋਈ ਪੰਜਾਹ ਾਲ ਪਹਿਲਾਂ ਆਈ ਸੀਖ ਪਰ ਇਹ ਕੁਝ ਅਦਾਰੇ ਹੀ ਬਣਾ ਪਾਈ ਹੈ ਅਤੇ ਹਾਲਾਂ ਤਕ ਇਹ ਵਾਲਾ ਖੇਤਰ ਖੇਤੀ ਬਾੜੀ ਉਤੇ ਪੂਰਾ ਨਹੀਂ ਦਾਖਲਾ ਸਕਿਆ। ਛੋਟੇ ਕਿਸਾਨਾਂ ਹਾਲਾਂ ਤਕ ਵੀ ਆਪਣੀ ਆਪਣੀ ਮਾਲਕੀ ਸੰਭਾਲੀ ਬੈਠੇ ਹਨ।ਇਹ ਖੇਤਰ ਵੀ ਅਗਰ ਸਹਿਕਾਰਤਾ ਖੇਤਰ ਵਿੱਚ ਆ ਜਾਵੇ ਤਾਂ ਵਡੀਆਂ ਸਹਿਕਾਰਤਾ ਸਮਿਤੀਆਂ ਖੜੀਆਂ ਕੀਤੀਲਆਂ ਜਾ ਸਕਦੀਆਂ ਹਨ ਅਤੇਫਿਰ ਇਸ ਖੇਤਰ ਵਿੱਚ ਕਾਗਜ਼ ਦ ਅਤੇ ਗਤੇ ਦੇ ਕਾਰਖਾਨੇ ਵੀ ਆ ਸਕਦੇ ਹਨ, ਮੁਗੀਆਂ ਪਾਲਣ, ਜਾਲਵਰ ਪਾਲਣ, ਸੂਰ ਪਾਲਣ, ਫੂਡ ਪ੍ਰੋਸੈਸਿੰਗ ਦੀ ਕਈ ਕਾਰਖਾਨੇ ਲਗ ਸਕਦੇ ਹਨ। ਇਸ ਖੇਤਰ ਵਿੱਚ ਮੀਟ ਪ੍ਰੋਸੈਸਿੰਘ, ਅੰਡਾ ਪਮੋਸੈਸਿੰਘ, ਅਨਾਜ ਪਮੋਸੈਸਿੰਘ, ਸਬਜ਼ੀਆਂ ਪਮੋਸੈਸਿੰਗ, ਡੇਅਰੀਖ ਫਾਰਮ ਅਤੇ ਦੁਧ ਦੀਆਂ ਫੈਕਟਰੀਆਂ ਵੀ ਲਗ ਸਕਦੀਆਂ ਹਨ ਅਤੇ ਪੇਂਡੂ ਨੋਜਵਾਨਾਂ ਲਈ ਰੁਜ਼ਗਾਰ ਦੇ ਮੋਕੇ ਬਣ ਸਕਦੇ ਹਨ। ਅਸੀਂ ਸਹਿਕਾਰਤਾ ਸਮਿਤੀਆਂ ਲਈ ਬਾਕ-ਾਇਦਾ ਕਾਨੂੰਨ ਵੀ ਬਣਾ ਰਖਿਆ ਹੈ।

ਕਾਰਪੋਰੇਟ ਅਦਾਰਾ ਚਲਦਾ ਆ ਰਿਹਾ ਹੈ ਅਤੇ ਇਸ ਨੇ ਲੋਕਾਂ ਦੀ ਵਰਤੋਂ ਲਈ ਹਰ ਸ਼ੈਅ ਤਿਾਰ ਕਰ ਦਿਤੀ ਹੈ। ਇਹ ਦੋਨੋਂ ਅਦਾਰਿਆਂ ਨੇ ਮੁਲਕ ਵਿੱਚ ਲੋਕਾਂ ਦੀਆਂ ਜ਼ਰੂਰਤਾਂ ਪੂਰੀਆਂ ਕਰਨ ਦਾ ਹਰ੍ਯਤਨ ਕੀਤਾ ਹੈ। ਰੁਜ਼ਗਾਰ ਦੇ ਮੋਕੇ ਵੀ ਪੈਦਾ ਕੀਤੇ ਹਨ ਅਤੇ ਵਕਤ ਦੀਆਂ ਸਰਕਾਰਾਂ ਇਸ ਪਾਸੇ ਧਿਆਨ ਦੇ ਸਕਦੀਆਂ ਹਨ। ਕਾਰਪੋਰੇਟ ਵਾਲੇ ਤਾ ਅਗੇ ਵਧ ਰਹੇ ਹਨ, ਪਰ ਹਾਲਾਂ ਤਕ ਸਹਿ3ਾਰਤਾ ਵਾਲਿਆਂ ਵਲ ਸਹੀ ਢੰਗ ਨਾਲ ਧਿਆਨ ਨਹੀਂ ਦਿਤਾ ਜਾ ਰਿਹਾ। ਵਕਤ ਦੀਆਂ ਸਰਕਾਰਾਂ ਇਸ ਪਾਸੇ ਵੀ ਧਿਕਆਨ ਨਹੀਂ ਦੇ ਰਹੀਆਂ ਹਨ।

ਸਰਕਾਰ ਖੁਦ ਲੋਕਾਂ ਨੂੰ ਰੁਜ਼ਗਾਰ ਨਹੀਂ ਦੇ ਸਕਦੀ। ਸਰਕਾਰ ਪਾਸ ਹਾਲਾਂ ਵੀ ਉਸਾਰੀ ਦੇ ਬਹੁਤ ਸਾਰੇ ਕੰਮ ਪਏ ਹਨ, ਪਰ ਨਕਦੀ ਨਹੀਂ ਹੈ। ਸਰਕਾਰ ਤਾਂ ਨੋਟ ਹੀ ਛਾਪ ਸਕਦੀ ਹੈ। ਇਹ ਤਜਰਬਾ ਵੀ ਕਰ ਦੇਖਣਾ ਚਾਹੀਦਾ ਹੈ।ਇਹ ਨਵਾਂ ਛਾਪਿਆ ਪੈਂ; ਵਹ ਮੀਂਕਲਅ ਪੋ; ਾਹ ਬਣਿ; ੈ ਠਤੇ ਲੋਕਾਂ ਦਾ ਜੀਵਨ ਅਗਰ ਬਿਹਤਰ ਹੋ ਸਕਦਾ ਹੈ ਤਾਂ ਅਰਥਸ਼ਾਸਤਰੀਆਂ ਦੀ ਸਲਾਹ. ਨਾਲ ਇਹ ਤਜਰਬਾ ਵੀ ਕਰ ਦੇਖਣਾ ਚਾਹਦਾ ਹੈ।।

ਇਹ ਗਲ ਸਾਫ ਹੋ ਆਈ ਹੈ ਕਿ ਰੁਜ਼ਗਾਰ ਪੈਦਾ ਕਰਨ ਨਾਲ ਹੀ ਗੁਰਬਤ ਦੂਰ ਕੀਤੀ ਜਾ ਸਕਦੀ ਹੈ ਅਤੇ ਵਾਜਬ ਜਿਹੀਆਂ ਉਜਰਤਾਂ ਵੀ ਦੇਣੀਆਂ ਪੈਣਗੀਆਂ। ਸਾਡੇ ਪਾਸ ਬਾਕਾਇਦਾ ਤਨਖਾਹ ਕਮਿਸ਼ਨ ਦੀਆਂ ਸਿਫਾਰਿਸ਼ਾ ਹਨ ਅਤੇ ਇਹ ਸਾਰੇ ਮੁਲਕ ਵਿੱਚ ਲਾਗੂ ਕਰ ਦਿੱਤੀਆਂ ਜਾਣੀਆਂ ਚਾਹੀਦੀਆਂ ਹਨ। ਤਨਖਾਹ ਮਹਿੰਗਾਈ ਭਤੇ ਅਤੇ ਪੈਨਸ਼ਨਾਂ ਦਾ ਪ੍ਰਬੰਧ ਕੀਤਾ ਜਾਣਾ ਚਾਹੀਦਾ ਹੈ। ਸਰਕਾਰ ਇਹ ਜਿਹੜੀਆਂ ਸਕੀਮਾ ਚਲਾਈ ਫਿਰਦੀ ਹੈਇਹ ਗਰੀਬਾਂ ਨੂੰ ਸਿਰਫ ਭੁਖਮਰੀ ਤੋਅ ਬਚਾ ਸਕਦੀਆਂ ਹਨ, ਗੁਰਬਤ ਦੂਰ ਨਹੀਂ ਕਰ ਸਕਦੀਆਂ ਹਨ।

*-ਦਲੀਪ ਸਿੰਘ ਵਾਸਨ*
*ਐਡਵੋਕੇਟ*
*101-ਸੀ ਵਿਕਾਸ ਕਲੋਨੀ,*
*ਪਟਿਆਲਾ*
*ਫੋਨ- 0175 5191856*

ਆਪਣੇ ਮਨ ਪਸੰਦ ਦੇ ਸੂਟ, ਸ਼ਾਲ, ਲਹਿੰਗਾ ਅਤੇ ਡੀਜ਼ਾਈਨਰ ਸੂਟ ਲੈਣ ਲਈ ਸੰਪਰਕ ਕਰੋ:
01191-9779100149




# ਆਮ ਤੋਂ ਖਾਸ ਤੇ ਖਾਸ ਤੋਂ ਆਮ ਬਣਾਉਣਾ ਅਵਾਮ ਦੇ ਹੱਥਾਂ ਵਿਚ ਹੁੰਦਾ ਹੈ

ਅੱਜ ਪੰਜਾਬ ਦੀ ਅਵਾਮ ਨੇ ਕਾਂਗਰਸ ਤੇ ਅਕਾਲੀਆਂ ਨੂੰ ਚਲਦਿਆਂ ਕਰ ਦਿੱਤਾ ਹੈ। ਦੋਹਾਂ ਪਾਰਟੀਆਂ ਦੀ ਆਪਸ ਵਿੱਚ ਪੁਰਾਣੇ ਸਮੇ ਤੋਂ ਚਲਦੀ ਲੁੱਕਣਮਿੱਚੀ ਦੀ ਖੇਡ ਖਤਮ ਹੋ ਗਈ ਹੈ। ਸਾਰੇ ਜੋਤਸ਼ੀਆਂ ਦੇ ਟੇਵਿਆਂ ਤੇ ਮੀਡੀਆ ਦੇ ਪੋਲਾਂ ਨੂੰ ਗਲਤ ਸਾਬਿਤ ਕਰ ਦਿੱਤੋ ਹੈ ਲੋਕਾਂ ਵਲੋਂ ਕੀਤੀ ਚੁੱਪ ਚੁਪੀਤੇ ਵੋਟਿੰਗ ਨੇ ਸਾਰਾ ਪਾਸਾ ਹੀ ਬਦਲਕੇ ਕੇ ਰੱਖ ਦਿੱਤਾ ਹੈ। ਪੂਰੇ ਪੰਜਾਬ ਨੇ ਇਹ ਵਾਅਦਾ ਹਕੀਕਤ ਵਿੱਚ ਪੂਰਾ ਕਰ ਵਿਖਾਇਆ ਹੈ ਕਿ ਕੇਜਰੀਵਾਲ ਕੇਜਰੀਵਾਲ ਪੂਰਾ ਪੰਜਾਬ ਤੇਰੇ ਨਾਲ ਲੋਕਾਂ ਦੇ ਇਹੋ ਹੀ ਕਹਿਣਾ ਸੀ ਕਿ ਇੱਕ ਵਾਰ ਆਪਾਂ ਨੂੰ ਆਮ ਨੂੰ ਵੀ ਮੌਕਾ ਦੇਣਾ ਚਾਹੀਦਾ ਹੈ। ਲੋਕਾਂ ਨੇ ਆਪਣਾ ਫਰਜ਼ ਨਿਭਾ ਦਿੱਤਾ ਹੈ। ਹੁਣ ਭਗਵੰਤ ਮਾਨ ਦੀ ਸਰਕਾਰ ਕਿਵੇਂ ਆਪਣੀ ਵਿਉਂਤਬੰਦੀ ਨਾਲ ਪੰਜਾਬ ਨੂੰ ਦਰਪੇਸ਼ ਮੁਸਕਲਾਂ ਤੋਂ ਬਾਹਰ ਕੱਢੇਗੀ। ਜਿਹੜੀਆਂ ਕਿ ਪਿਛਲੇ ਸਮਿਆਂ ਤੋਂ ਲਟਕਦੀਆਂ ਆ ਰਹੀਆਂ ਹਨ .ਜਿਵੇ ਕਿ ਪੂੰਜੀ ਨਿਵੇਸ਼ ਦਾ ਮਸਲਾ ਦਹਾਕਿਆਂ ਤੋਂ ਚਰਚਾ ਦਾ ਵਿਸ਼ਾ ਹੈ। ਸਰਹੱਦੀ ਸੂਬਾ ਹੋਣ ਕਰਕੇ ਉਸ ਤਰ੍ਹਾਂ ਦੇ ਉਦਯੋਗ ਸੂਬੇ ਅੰਦਰ ਲਗਾਏ ਨਹੀਂ ਗਏ .ਜਿਨ੍ਹਾਂ ਨੇ ਨੌਜਵਾਨਾਂ ਨੂੰ ਵੱਡੇ ਪੱਧਰ 'ਤੇ ਰੁਜ਼ਗਾਰ ਦੇਣਾ ਸੀ। ਜਿਹੜੀਆਂ ਛੋਟੀਆਂ ਇਕਾਈਆਂ ਨੂੰ ਹੁਲਾਰਾ ਮਿਲਣਾ ਚਾਹੀਦਾ ਸੀ. ਉਹ ਗੁਆਂਢੀ ਸੂਬਿਆਂ ਵੱਲੋਂ ਵਿਸ਼ੇਸ਼ ਰਿਆਇਤਾਂ ਮਿਲਣ ਕਾਰਨ ਉਧਰ ਤਬਦੀਲ ਹੋ ਗਈਆਂ ਹਨ। ਪਿਛਲੇ ਡੇਢ ਦਹਾਕੇ ਦੌਰਾਨ ਹਜ਼ਾਰਾਂ ਅਜਿਹੀਆਂ ਇਕਾਈਆਂ ਹਿਮਾਚਲ ਪ੍ਰਦੇਸ਼ ਅਤੇ ਕੁਝ ਹੋਰ ਪਹਾੜੀ ਸੂਬਿਆਂ ਵਿਚ ਚਲੀਆਂ ਗਈਆਂ ਹਨ। ਪੰਜਾਬ ਵਿਚ ਉਦਯੋਗਿਕ ਵਿਕਾਸ ਬਾਰੇ ਕੇਂਦਰ ਦਾ ਰਵੱਈਆ ਪੈਰ ਪਿਛਾਂਹ ਖਿੱਚਣ ਵਾਲਾ ਰਿਹਾ ਹੈ।ਇਸ ਤੋਂ ਇਲਾਵਾ ਪਿਛਲੇ ਸਾਲਾਂ ਦੌਰਾਨ ਸਿਹਤ ਅਤੇ ਸਿੱਖਿਆ ਦੇ ਮਾਮਲਿਆਂ ਵਿਚ ਪੰਜਾਬ ਅੰਦਰ ਕਾਫੀ ਉਥਲ-ਪੁਥਲ ਹੋਈ ਹੈ। ਅਸਲ ਵਿਚ ਸਿੱਖਿਆ ਦੇ ਖੇਤਰ ਵਿਚ ਜਿਸ ਤਰ੍ਹਾਂ ਪ੍ਰਾਈਵੇਟ ਅਦਾਰਿਆਂ ਨੂੰ ਖੁੱਲ੍ਹੀਆਂ ਛੋਟਾਂ ਦਿੱਤੀਆਂ ਗਈਆਂ, ਉਸ ਦੇ ਅਸਰ ਹੁਣ ਦਿਖਾਈ ਦੇਣ ਲੱਗੇ ਹਨ। ਉਚ ਸਿੱਖਿਆ ਹਾਸਲ ਕਰਨਾ ਆਮ ਪਰਿਵਾਰਾਂ ਦੇ ਬੱਚਿਆਂ ਦੇ ਵਿਤ ਤੋਂ ਇਕ ਤਰ੍ਹਾਂ ਬਾਹਰ ਹੀ ਹੋ ਗਈ ਹੈ।ਪੰਜਾਬ ਦੀ ਨੌਜਵਾਨੀ ਬਾਹਰ ਨੂੰ ਭਜਦੀ ਜਾ ਰਹੀ ਹੈ ਉਹਨਾਂ ਨੂੰ ਕਿਵੇਂ ਰੋਕਣਾ ਹੈ। ਇਹੀ ਹਾਲ ਸਿਹਤ ਸਹੂਲਤਾਂ ਦਾ ਹੈ। ਸਿਹਤ ਖੇਤਰ ਦਾ ਸਰਕਾਰੀ ਢਾਂਚਾ ਇੰਨੀਆਂ ਨਿਵਾਣਾਂ ਛੋਹ ਚੁੱਕਾ ਹੈ ਕਿ ਆਮ ਬੰਦਾ ਇਲਾਜ ਖੁਣੋਂ ਮਰ ਰਿਹਾ ਹੈ। ਪਿਛਲੇ ਸਮੇਂ ਦੌਰਾਨ ਕਰੋਨਾ ਵਾਇਰਸ ਦੀ ਮਾਰ ਵੇਲੇ ਜੋ ਹਾਲ ਅਵਾਮ ਦਾ ਹੋਇਆ, ਉਹ ਰੌਂਗਟੇ ਖੜ੍ਹੇ ਕਰ ਵਾਲਾ ਹੈ। ਇਹਨਾਂ ਚੋਣਾਂ ਦੁਰਾਨ ਕਿਸੇ ਵੀ ਧਿਰ ਨੇ ਇਨ੍ਹਾਂ ਸਾਰੇ ਮੁੱਦਿਆਂ ਬਾਰੇ ਕੋਈ ਸੰਜੀਦਗੀ ਨਹੀਂ ਦਿਖਾਈ।ਹੁਣ ਆਮ ਤੋਂ ਖਾਸ ਬਣੀ ਆਪ ਪਾਰਟੀ ਦੇ ਹਵਾਲੇ ਪੂਰਾ ਪੰਜਾਬ ਕਰ ਦਿੱਤਾ ਗਿਆ ਹੈ। ਪੰਜਾਬ ਦਾ ਕਿੰਨਾ ਕੁ ਭਲਾ ਸੋਚੇਗੀ ਭਗਵੰਤ ਮਾਨ ਦੀ ਸਰਕਾਰ ਇਹ ਵੇਖਣਾ ਹੋਵੇਗਾ। 1304 ਉਮੀਦਵਾਰਾਂ ਨੇ ਇਸ ਵਾਰ ਵਿਧਾਨ ਸਭਾ ਦੀਆਂ ਪੋੜੀਆਂ ਚੜ੍ਹਨ ਲਈ ਆਪਣੇ ਆਪ ਨੂੰ ਮੈਦਾਨ ਵਿੱਚ ਉਤਾਰਿਆ ਸੀ। ਪਰ ਵਿਧਾਨ ਸਭਾ ਵਿੱਚ ਸੀਟਾਂ ਸਿਰਫ 117 ਹੀ ਹਨ। ਜਿਹਨਾਂ ਵਿੱਚੋ ਬਹੁਮਤ ਲੈਕੇ ਆਮ ਪਾਰਟੀ ਪੌੜੀਆਂ ਚੜ ਗਈ ਹੈ। ਪਰ ਨਸ਼ੇ ਤੇ ਲਗਾਮ ਮਾਫੀਏ ਨੂੰ ਨੱਥ ਤੇ ਚੋਰ ਮੋਰੀਆਂ ਰਾਹੀਂ ਹੁੰਦੀ ਸਮੱਗਲਿੰਗ ਨੂੰ ਰੋਕਣਾ ਨਵੀ ਸਰਕਾਰ ਵਾਸਤੇ ਕੋਈ ਖਾਲਾ ਜੀ ਵਾੜਾ ਨਹੀਂ ਹੋਵੇਗ। ਇਸ ਗੱਲ ਵਿੱਚ ਕੋਈ ਅੱਤ ਕਥਨੀ ਨਹੀਂ ਹੋਵੇਗੀ ਕਿਉਂਕਿ ਪੰਜਾਬ ਵਿੱਚ ਭਗਵੰਤ ਮਾਨ ਦੀ ਸਰਕਾਰ ਨੂੰ ਦਰਪੇਸ਼ ਚੁਣੌਤੀਆਂ ਦਾ ਕਰਨਾ ਪਵੇਗਾ ਸਾਹਮਣਾ। ਬੇਸ਼ਕ ਵਿਰੋਧੀ ਧਿਰ ਨਾ ਦੇ ਬਰਾਬਰ ਹੋ ਕੇ ਹੀ ਰਹਿ ਗਈ ਹੈ। ਪੰਜਾਬ ਵਿੱਚ ਕੰਮ ਤੇ ਮਸਲੇ ਬਹੁਤ ਜਿਆਦਾ ਹਨ। ਉਹਨਾਂ ਨੂੰ ਨਹੀਂ ਹੱਲ ਕਰਨ ਕਰਕੇ ਅੱਜ ਕਾਂਗਰਸ ਤੇ ਅਕਾਲੀਆਂ ਨੂੰ ਸਤਾ ਤੋਂ ਬਾਹਰ ਹੋਣਾ ਪਿਆ ਹੈ। ਆਮ ਤੋਂ ਖਾਸ ਤੇ ਖਾਸ ਤੋਂ ਆਮ ਬਣਾਉਣਾ ਅਵਾਮ ਦੇ ਹੱਥਾਂ ਵਿੱਚ ਹੁੰਦਾ ਹੈ। ਜੋ ਅੱਜ ਸਾਰੀ ਦੁਨੀਆਂ ਨੇ ਵੇਖ ਲਿਆ ਹੈ।

*-ਸੂਬੇਦਾਰ*
*ਜਸਵਿੰਦਰ ਸਿੰਘ ਭੁਲੇਰੀਆ*
*ਮਮਦੋਟ (ਫਿਰੋਜ਼ਪੁਰ)*
*7589155501*

# ਕਲਾਸਰੂਮ ਵਿੱਚ ਮੌਸਮ ਵਿੱਚ ਤਬਦੀਲੀ



ਇਕੱਲੇ ਕੋਵਿਡ-19 ਨੇ ਇਹ ਸੁਨਿ-ਸ਼ਚਿਤ ਨਹੀਂ ਕੀਤਾ ਕਿ 2020 ਇੱਕ ਬੇਮਿਸਾਲ ਸਾਲ ਸੀ - ਇਹ ਰਿਕਾਰਡ 'ਤੇ ਸਭ ਤੋਂ ਗਰਮ ਸਾਲ ਵੀ ਸੀ, ਪਿਛਲੇ 3.5 ਮਿਲੀਅਨ ਸਾਲਾਂ ਵਿੱਚ ਵਾਯੂਮੰਡਲ ਵਿੱਚ ਕਾਰਬਨ ਡਾਈਆਕਸਾਈਡ ਦਾ ਪੱਧਰ ਹੁਣ ਤੱਕ ਦੇ ਸਭ ਤੋਂ ਉੱਚੇ ਪੱਧਰ 'ਤੇ ਪਹੁੰਚ ਗਿਆ ਹੈ। ਇੱਕ ਮੈਕਕਿਨਸੀ ਇਨਸਾਈਟਸ ਅਧਿਐਨ ਇਹ ਉਜਾਗਰ ਕਰਦਾ ਹੈ ਕਿ, 2050 ਤੱਕ, 600 ਮਿਲੀਅਨ ਅਤੇ 1 ਬਿਲੀਅਨ ਦੇ ਵਿਚਕਾਰ ਲੋਕ ਸੰਭਾਵਤ ਤੌਰ 'ਤੇ ਘਾਤਕ ਤਾਪ ਲਹਿਰਾਂ ਦੁਆਰਾ ਪ੍ਰਭਾਵਿਤ ਹੋ ਸਕਦੇ ਹਨ। ਸਾਡੇ ਆਲੇ ਦੁਆਲੇ ਕਈ ਈਕੋਸਿਸਟਮ ਅਸਲ ਵਿੱਚ ਆਪਣੇ ਟਿਪਿੰਗ ਪੁਆਇੰਟਾਂ 'ਤੇ ਪਹੁੰਚ ਰਹੇ ਹਨ।

ਹਾਲਾਂਕਿ, ਨੌਜਵਾਨਾਂ ਨੇ ਅਨੋਖੇ ਜਜ਼ਬੇ ਦਾ ਪ੍ਰਦਰਸ਼ਨ ਕੀਤਾ ਹੈ ਜਦੋਂ ਇਹ ਆਪਣੀ ਆਵਾਜ਼ ਉਠਾਉਣ ਅਤੇ ਜਲਵਾਯੂ ਪਰਿਵਰਤਨ ਨੂੰ ਵਿਸ਼ਵਵਿਆਪੀ ਧਿਆਨ ਦੇ ਮੁੱਖ ਭੂਮੀ ਵੱਲ ਧੱਕਣ ਦੀ ਗੱਲ ਆਉਂਦੀ ਹੈ। ਉਹ ਸਾਨੂੰ ਸਿਖਾ ਰਹੇ ਹਨ ਕਿ ਜਲਵਾਯੂ ਪਰਿਵਰਤਨ ਦੇ ਹੱਲ ਲੱਭਣ ਦੀ ਜ਼ੰਮੇਵਾਰੀ ਹਰ ਕਿਸੇ ਦੀ ਜ਼ੰਮੇਵਾਰੀ ਹੈ ਅਤੇ ਇਹ ਕਿ ਅਸੀਂ ਹਰੇਕ ਦੀ ਭੂਮਿਕਾ ਨਿਭਾਉਣੀ ਹੈ, ਅਤੇ ਚੈਂਪੀਅਨ ਬਣਨ ਦਾ ਇੱਕ ਮਹੱਤਵਪੂਰਨ ਕਾਰਨ ਹੈ। ਹਾਲ ਹੀ ਵਿੱਚ ਹੋਏ ਇੱਕ ਗਲੋਬਲ ਸਰਵੇਖਣ ਦੇ ਅਨੁਸਾਰ, ਵਿਸ਼ਵ ਪੱਧਰ 'ਤੇ ਨੌਜਵਾਨ ਜਲਵਾਯੂ ਪਰਿਵਰਤਨ ਨੂੰ ਅੱਜ ਸਾਡੇ ਸਾਹਮਣੇ ਸਭ ਤੋਂ ਮਹੱਤਵਪੂਰਨ ਚੁਣੌਤੀ ਦੇ ਰੂਪ ਵਿੱਚ ਦੇਖਦੇ ਹਨ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ, ਜਦੋਂ ਕਿ 78% ਨੌਜਵਾਨ ਭਾਰਤੀ ਜਲਵਾਯੂ ਪਰਿਵਰਤਨ ਦੇ ਮੁੱਦਿਆਂ ਨਾਲ ਲੜਨ ਲਈ ਤਿਆਰ ਮਹਿਸੂਸ ਕਰਦੇ ਹਨ, ਸਿਰਫ 60% ਨੂੰ ਜਲਵਾਯੂ ਕਾਰਵਾਈ ਵਿੱਚ ਸਰਗਰਮੀ ਨਾਲ ਹਿੱਸਾ ਲੈਣ ਦਾ ਮੌਕਾ ਮਿਲਿਆ ਹੈ। ਫਿਰ ਅਸੀਂ ਭਵਿੱਖ ਦੀਆਂ ਪੀੜ੍ਹੀਆਂ ਨੂੰ ਪ੍ਰਭਾਵਿਤ ਕਰਨ, ਉਨ੍ਹਾਂ ਦੀ ਵਿਲੱਖਣ ਲਚਕਤਾ ਨੂੰ ਟਿਕਾਊ ਸੰਕਲਪ ਵਿੱਚ ਬਦਲਣ ਅਤੇ ਜਲਵਾਯੂ ਚੁਣੌਤੀ ਲਈ ਨਵੀਨਤਾਕਾਰੀ ਹੱਲ ਲੱਭਣ ਲਈ ਆਪਣੇ ਨੌਜਵਾਨਾਂ ਦੀ ਸ਼ਕਤੀ ਦਾ ਲਾਭ ਕਿਵੇਂ ਲੈ ਸਕਦੇ ਹਾਂ?

ਪਾਠਕ੍ਰਮ ਵਿੱਚ:

ਇੱਕ ਪਾਠਕ੍ਰਮ ਬਣਾਉਣਾ ਜੋ ਵਿਦਿਆਰਥੀਆਂ ਵਿੱਚ ਜਾਗਰੂਕਤਾ ਪੈਦਾ ਕਰਦਾ ਹੈ, ਜੋ ਉਹਨਾਂ ਨੂੰ ਨਾਲੋ-ਨਾਲ ਮੌਸਮ ਦੇ ਮੁੱਦਿਆਂ ਦਾ ਮੁਕਾਬਲਾ ਕਰਨ ਲਈ ਸੁਚੇਤ ਕਾਰਵਾਈ ਲਈ ਉਤਪ੍ਰੇਰਿਤ ਕਰਦਾ ਹੈ, ਹੁਣ ਪਹਿਲਾਂ ਨਾਲੋਂ ਕਿਤੇ ਵੱਧ ਲੋੜ ਹੈ। ਕਈ ਸਾਲਾਂ ਤੋਂ, ਭਾਰਤੀ ਸਕੂਲਾਂ ਵਿੱਚ ਪ੍ਰਾਇਮਰੀ ਅਤੇ ਸੈਕੰਡਰੀ ਗ੍ਰੇਡਾਂ ਵਿੱਚ ਇੱਕ ਲਾਜ਼ਮੀ ਵਿਸ਼ੇ ਵਜੋਂ ਵਾਤਾਵਰਣ ਅਧਿਐਨ () ਹੈ। ਹਾਲਾਂਕਿ, ਸਿਲੇਬਸ ਵਿੱਚ ਵਾਤਾਵਰਣ-ਸਬੰਧਤ ਵਿਸ਼ਿਆਂ ਦੇ ਕਦੇ-ਕਦਾਈਂ ਜ਼ਿਕਰ ਤੋਂ ਇਲਾਵਾ, ਸਕੂਲੀ ਸਿੱਖਿਆ ਵਿੱਚ ਕੋਈ ਵੀ ਸਿਖਲਾਈ ਨਿਰੰਤਰਤਾ ਜਾਂ ਸੰਬੰਧਿਤ ਮੌਸਮੀ ਤਬਦੀਲੀ-ਵਿਸ਼ੇਸ਼ ਸਮੱਗਰੀ ਦਾ ਪ੍ਰਗਤੀਸ਼ੀਲ ਦਰਜਾਬੰਦੀ ਨਹੀਂ ਹੈ। ਦੁਆਰਾ ਗਲੋਬਲ ਐਜੂਕੇਸ਼ਨ ਮਾਨੀਟਰਿੰਗ () ਦੀ ਰਿਪੋਰਟ ਦੇ ਅਨੁਸਾਰ, ਜਲਵਾਯੂ ਪਰਿਵਰਤਨ ਅਜੇ ਤੱਕ ਸਿੱਖਿਆ ਦੇ ਢਾਂਚੇ ਵਿੱਚ ਢੁਕਵੇਂ ਰੂਪ ਵਿੱਚ ਏਕੀਕ੍ਰਿਤ ਨਹੀਂ ਹੈ, ਅਤੇ ਦੁਨੀਆ ਦੇ ਸਿਰਫ 50% ਦੇਸ਼ ਆਪਣੇ ਰਾਸ਼ਟਰੀ ਪੱਧਰ ਦੇ ਕਾਨੂੰਨਾਂ, ਨੀਤੀਆਂ ਜਾਂ ਅਧਿਆਪਨ ਯੋਜਨਾਵਾਂ ਵਿੱਚ ਇਸ ਵਿਸ਼ੇ 'ਤੇ ਜ਼ੋਰ ਦਿੰਦੇ ਹਨ।

ਜਲਵਾਯੂ ਸਿੱਖਿਆ ਨੂੰ ਗਣਿਤ ਜਾਂ ਵਿਗਿਆਨ ਵਾਂਗ ਹੀ ਮਹੱਤਵ ਦਿੱਤਾ ਜਾਣਾ ਚਾਹੀਦਾ ਹੈ ਅਤੇ ਪ੍ਰਭਾਵੀ ਅਤੇ ਟਿਕਾਊ ਸਿੱਖਿਆਰਥੀ ਨਤੀਜਿਆਂ ਲਈ ਇੱਕ ਪਰਿਭਾਸ਼ਤਿ ਫੋਕਸ ਦੀ ਲੋੜ ਹੈ। 'ਹਰੀਆਂ ਨੌਕਰੀਆਂ' ਦੇ ਉਭਾਰ ਅਤੇ ਵਾਤਾਵਰਣ ਪ੍ਰਤੀ ਚੇਤੰਨ ਕਾਰੋਬਾਰਾਂ ਦੇ ਆਲੇ ਦੁਆਲੇ ਵੱਧ ਰਹੀ ਜਾਗਰੂਕਤਾ ਦੇ ਨਾਲ, ਸਕੂਲ ਅਤੇ ਖਾਸ ਤੌਰ 'ਤੇ ਅਧਿਆਪਕ ਸਹੀ ਜਲਵਾਯੂ ਸਿੱਖਿਆ ਪਾਠਕ੍ਰਮ ਨੂੰ ਤਿਆਰ ਕਰਨ ਅਤੇ ਵਿਦਿਆਰਥੀਆਂ ਨੂੰ ਵਾਤਾਵਰਣ ਸੰਭਾਲ, ਸਿਆਣਪ ਅਤੇ ਨੈਤਿਕਤਾ ਵਰਗੇ ਵਿਸ਼ਿਆਂ ਦੀ ਪੜਚੋਲ ਕਰਨ ਦੀ ਆਗਿਆ ਦੇਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਜਲਵਾਯੂ ਪਰਿਵਰਤਨ ਇੱਕ ਅੰਤਰ-ਪੀੜ੍ਹੀ ਚਿੰਤਾ ਹੈ ਅਤੇ ਇੱਕ ਨਵੀਨਤਾਕਾਰੀ ਪਾਠਕ੍ਰਮ 21ਵੀਂ ਸਦੀ ਦੇ ਲੋੜੀਂਦੇ ਹੁਨਰਾਂ ਦਾ ਨਿਰਮਾਣ ਕਰੇਗਾ ਜੋ ਵਿਦਿਆਰਥੀਆਂ ਲਈ ਸੰਕਟ ਬਾਰੇ ਸੋਚ-ਸਮਝ ਕੇ ਸੋਚਣ ਅਤੇ ਟਿਕਾਊ ਹੱਲਾਂ ਨਾਲ ਆਉਣ ਲਈ ਲੋੜੀਂਦੇ ਹਨ।

ਅਧਿਆਪਕਾਂ ਲਈ ਸਰੋਤ:

ਜਲਵਾਯੂ ਪਰਿਵਰਤਨ ਗੁੰਝਲਦਾਰ ਹੈ ਅਤੇ ਸਿੱਖਿਅਕਾਂ ਨੂੰ ਪਹਿਲੀ ਵਾਰ ਪਾਠਕ੍ਰਮ ਬਣਾਉਣਾ ਬਹੁਤ ਔਖਾ ਲੱਗ ਸਕਦਾ ਹੈ। ਅਧਿਆਪਕਾਂ ਅਤੇ ਸਕੂਲਾਂ ਨੂੰ ਇਸ ਨੂੰ ਸਹੀ ਕਰਨ ਲਈ, ਉਹਨਾਂ ਨੂੰ ਉਮਰ-ਮੁਤਾਬਕ ਸਮੱਗਰੀ, ਇੱਕ ਇਮਰਸਿਵ ਅਤੇ ਅਨੁਭਵੀ ਵਿਧੀ/ਪਾਠ ਯੋਜਨਾਵਾਂ, ਅਤੇ, ਸਭ ਤੋਂ ਮਹੱਤਵਪੂਰਨ, ਖਾਸ ਸਿੱਖਣ ਦੇ ਨਤੀਜਿਆਂ ਦੇ ਨਾਲ ਇੱਕ ਵਿਗਿਆਨਕ ਤੌਰ 'ਤੇ ਗ੍ਰੇਡ ਕੀਤੇ ਪਾਠਕ੍ਰਮ 'ਤੇ ਧਿਆਨ ਦੇਣਾ ਚਾਹੀਦਾ ਹੈ। ਡਿਜੀਟਲ ਯੁੱਗ ਵਿੱਚ, ਦਿਲਚਸਪ ਸਰੋਤ ਔਨਲਾਈਨ ਉਪਲਬਧ ਹਨ ਜੋ ਵੈਬਿਨਾਰਾਂ, ਪੌਡਕਾਸਟਾਂ, ਅਤੇ ਕੁਝ ਮਜ਼ੇਦਾਰ ਇੰਟਰਐਕਟਿਵ ਚੁਣੌਤੀਆਂ ਰਾਹੀਂ ਕਲਾਸਰੂਮ ਵਿੱਚ ਸਥਿਰਤਾ ਅਤੇ ਜਲਵਾਯੂ ਸੰਕਟ ਵਰਗੇ ਗੁੰਝਲਦਾਰ ਵਿਸ਼ਿਆਂ ਨੂੰ ਲਿਆਉਣ ਵਿੱਚ ਅਧਿਆਪਕਾਂ ਦਾ ਸਮਰਥਨ ਕਰਦੇ ਹਨ। ਇਹ ਕਲਾ, ਸਿੱਖਿਆ ਅਤੇ ਅੰਗਰੇਜ਼ੀ ਭਾਸ਼ਾ ਦੇ ਮਾਧਿਅਮ ਰਾਹੀਂ ਵਿਦਿਆਰਥੀਆਂ ਅਤੇ ਸਿੱਖਿਅਕਾਂ ਦੋਵਾਂ ਨੂੰ ਮੌਸਮੀ ਤਬਦੀਲੀ ਅਤੇ ਸੰਬੰਧਿਤ ਚੁਣੌਤੀਆਂ ਨਾਲ ਨਜਿੱਠਣ ਵਿੱਚ ਮਦਦ ਕਰਦੇ ਹਨ।

ਸਿੱਖਿਆ ਅਤੇ ਜਲਵਾਯੂ ਪਰਿਵਰਤਨ ਦਾ ਇੱਕ ਪ੍ਰਭਾਵਸ਼ਾਲੀ ਸਬੰਧ ਹੈ। ਜਲਵਾਯੂ ਸਿੱਖਿਆ ਵਿਦਿਆਰਥੀਆਂ ਨੂੰ ਮੌਸਮੀ ਸੰਕਟ ਪ੍ਰਤੀ ਮਾਲਕੀ ਅਤੇ ਵਚਨਬੱਧਤਾ ਦੀ ਭਾਵਨਾ ਦੇ ਨਾਲ-ਨਾਲ ਮਾਨਸਿਕਤਾ ਦੇ ਸੱਭਿਆਚਾਰ ਨੂੰ ਪੈਦਾ ਕਰਨ ਵਿੱਚ ਮਦਦ ਕਰਦੀ ਹੈ।

*-ਵਿਜੈ ਗਰਗ*
*ਰਿਟਾਇਰਡ ਪ੍ਰਿੰਸੀਪਲ*
*ਮਲੋਟ, ਪੰਜਾਬ।*

# ਰਾਜਨੀਤਕ ਜ਼ਹਿਰ

ਸੁੱਖੀ ਅੱਜ ਲੰਬੇ ਅਰਸੇ ਬਾਅਦ ਪੇਕੇ ਪਿੰਡ ਮਿਲਣ ਗਿਲਣ ਲਈ ਗਈ ਸੀ।ਘਰ ਦੀ ਕਬੀਲਦਾਰੀ ਵਿੱਚ ਐਨੀ ਰੁੱਝੀ ਹੋਈ ਸੀ ਕਿ ਮਾਂ ਬਾਪ ਨੂੰ ਮਿਲੀ ਨੂੰ ਸਾਲ ਤੋਂ ਉੱਪਰ ਹੋ ਗਿਆ ਸੀ।ਰੋਜ਼ ਮਾਂ ਦੀ ਯਾਦ ਆਉਂਦੀ ਤਾਂ ਅੰਦਰ ਵੜ ਕੇ ਰੋ ਲੈਂਦੀ। ਇਸ ਵਾਰ ਤਾਂ ਉਹ ਬੀਮਾਰ ਵੀ ਕਾਫੀ ਹੋ ਗਈ ਸੀ।ਸੋ ਪਤਾ ਲੈਣ ਜਾਣਾ ਹੀ ਸੀ। ਪਿੰਡ ਗੇੜਾ ਵੱਜਿਆ ਤਾਂ ਦਿਲ ਕੀਤਾ ਆਂਢ ਗੁਆਂਢ ਨੂੰ ਵੀ ਮਿਲ ਲਵੇ। ਕਰੋਨਾ ਦੀ ਦਹਿਸ਼ਤ ਤੋਂ ਬਾਅਦ ਮਸਾਂ ਲੋਕ ਇਕ ਦੂਜੇ ਨੂੰ ਦੁਬਾਰਾ ਦੇਖ ਸਕੇ ਸਨ।ਉਪਰੋਂ ਵੋਟਾਂ ਦਾ ਸਮਾਂ ਆ ਗਿਆ ਸੀ।ਉਸਨੂੰ ਤਾਂ ਵੋਟਾਂ ਬਾਰੇ ਕੋਈ ਦਿਲਚਸਪੀ ਵੀ ਨਹੀਂ ਸੀ।ਬੇਸ਼ਕ ਉਸਦੇ ਚਚੇਰੇ ਭਰਾ ਨੇ ਇੱਕ ਨਵੀਂ ਤੇ ਸੁਧਰੀ ਦਿੱਖ ਵਾਲੀ ਪਾਰਟੀ ਦਾ ਝੰਡਾ ਚੁੱਕਿਆ ਹੋਇਆ ਸੀ।ਪਰ ਉਹ ਤਾਂ ਧੀ ਧਿਆਣੀ ਸੀ।ਉਸਨੂੰ ਤਾਂ ਆਪਣੇ ਪਿੰਡ ਦੇ ਲੋਕਾਂ ਦਾ ਮੋਹ ਆਉਂਦਾ ਸੀ ਤਾਂ ਕਾਫੀ ਘਰਾਂ ਵਿੱਚ ਮਿਲ ਕੇ ਆਈ। ਇੱਕ ਰਾਤ ਮਾਂ ਨਾਲ ਦੁੱਖ ਸੁਖ ਕਰਕੇ ਅਗਲੇ ਦਿਨ ਸੁਵਖਤੇ ਹੀ ਉਹ ਆਪਣੇ ਘਰ ਪਰਤ ਆਈ।ਦਿਲ ਕੁਝ ਹਲਕਾ ਲੱਗਦਾ ਸੀ। ਆਪਣਿਆਂ ਨੂੰ ਮਿਲਣ ਦਾ ਹੌਸਲਾ ਹੀ ਅਨੋਖਾ ਹੁੰਦਾ।ਉਸਦੇ ਦਿਲ ਵਿਚੋਂ ਆਪਣੇ ਪਿੰਡ ਲਈ ਢੇਰ ਦੁਆਵਾਂ ਨਿਕਲ ਰਹੀਆਂ ਸਨ।ਉਥੋਂ ਦੀਆਂ ਗਲੀਆਂ ਉਸਨੂੰ ਸਵਰਗ ਵਰਗੀਆਂ ਲੱਗੀਆਂ।ਪਰ ਜਦੋਂ ਆਪਣੇ ਘਰ ਵਾਪਿਸ ਪਹੁੰਚੀ ਹੀ ਸੀ ਕਿ ਮਾਂ ਦਾ ਫੋਨ ਆ ਗਿਆ। ਮਾਂ ਕਹਿਣ ਲੱਗੀ ਕਿ ਪਿੰਡ ਦੇ ਕਿਸੇ ਹੋਰ ਰਾਜਨੀਤਕ ਪਾਰਟੀ ਦੇ ਆਗੂ ਨੇ ਘਰ ਆ ਕੇ ਉਲਾਂਭਾ ਦਿੱਤਾ ਕਿ ਤੁਹਾਡੀ ਕੁੜੀ ਪਿੰਡ ਵਿੱਚ ਚੋਣ ਪ੍ਰਚਾਰ ਕਰਕੇ ਗਈ ਹੈ।ਇਹ ਉਹੀ ਪੰਚਾਇਤ ਮੈਂਬਰ ਸੀ ਜਿਸ ਨੂੰ ਸੁੱਖੀ ਦੇ ਸਹੁਰਿਆਂ ਨਾਲ ਹੋਏ ਇੱਕ ਝਗੜੇ ਮੋਕੇ ਨਿਪਟਾਰੇ ਤੇ ਸੁਲਾਹ ਸਫਾਈ ਬੁਲਾਇਆ ਗਿਆ ਸੀ।ਜਿਸਦਾ ਕਿ ਉਸਨੇ ਬਹੁਤ ਵੱਡਾ ਅਹਿਸਾਨ ਵੀ ਜਿਤਾਇਆ।ਉਸਦੀ ਮਾਂ ਨੇ ਦਸਿਆ ਕਿ ਉਹ ਬਹੁਤ ਗੁੱਸੇ ਵਿਚ ਇਹ ਗੱਲ ਕਹਿ ਰਿਹਾ ਸੀ ਕਿ ਤੁਹਾਡੀ ਕੁੜੀ ਦੇ ਪਰਿਵਾਰਕ ਝਗੜੇ ਮੌਕੇ ਅਸੀ ਤੁਹਾਡੇ ਕੰਮ ਆਏ ਸੀ ਤੇ ਹੁਣ ਜਿਸ ਪਾਰਟੀ ਨੂੰ ਅਸੀ ਕਹਾਂਗੇ ਉਸ ਨੂੰ ਹੀ ਵੋਟ ਪਾਓ।ਇਹ ਸੁਣਦੇ ਹੀ ਸੁਖੀ ਦਾ ਦਿਲ ਚੂਰ ਚੂਰ ਹੋ ਗਿਆ। ਉਹ ਸੋਚ ਰਹੀ ਸੀ ਇਸ ਗੰਦੀ ਸਿਆਸਤ ਨੇ ਰਿਸ਼ਤਿਆਂ ਵਿੱਚ ਵੀ ਜ਼ਹਿਰ ਘੋਲ ਦਿੱਤੀ ਹੈ।ਹੁਣ ਪਿੰਡ ਵਿੱਚ ਆਈ ਕੋਈ ਧੀ ਧਿਆਣੀ ਵੀ ਇਹਨਾਂ ਨੂੰ ਚੋਣ ਪ੍ਰਚਾਰ ਕਰਦੀ ਹੀ ਦਿਖਾਈ ਦੇਣ ਲੱਗ ਗਈ ਹੈ।ਬੇੜਾ ਗ਼ਰਕ ਹੋਵੇ ਇਸ ਗੰਦੀ ਰਾਜਨੀਤੀ ਦਾ। ਮਾਂ ਮੈ ਹੁਣ ਕਦੇ ਪਿੰਡ ਵਿੱਚ ਕਿਸੇ ਨੂੰ ਨਹੀਂ ਮਿਲਣ ਜਾਣਾ,ਅੱਖਾਂ ਵਿੱਚ ਅੱਥਰੂ ਭਰਕੇ ਆਪਣੀ ਮਾਂ ਨੂੰ ਇਹ ਬੋਲਦੇ ਹੋਏ ਉਸਨੇ ਫੋਨ ਕੱਟ ਦਿੱਤਾ।

*-ਰਾਜਨਦੀਪ ਕੌਰ*
*6239326166*


# ਫਿਲਮੀ ਦੁਨੀਆ

## ਫਿਲਮ ਵਿੱਚ ਸੰਦੇਸ਼ ਦੇਣ ਦੀ ਕੋਸ਼ਿਸ਼ ਨਹੀਂ ਕੀਤੀ : ਵਿਦਿਆ



'ਦ ਡਰਟੀ ਪਿਕਚਰ' ਅਤੇ 'ਸ਼ੇਰਨੀ' ਫਿਲਮਾਂ ਦੀ ਅਭਿਨੇਤਰੀ ਵਿਦਿਆ ਬਾਲਨ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਕਦੇ ਫਿਲਮਾਂ ਦੇ ਜ਼ਰੀਏ ਸੰਦੇਸ਼ ਦੇਣ ਦੀ ਕੋਸ਼ਿਸ਼ ਨਹੀਂ ਕੀਤੀ। ਵਿਦਿਆ ਦੀ ਅਗਲੀ ਫਿਲਮ 'ਜਲਸਾ' ਦਾ ਟ੍ਰੇਲਰ ਰਿਲੀਜ਼ ਹੋ ਗਿਆ ਹੈ। ਇਸ ਮੌਕੇ ਉੱਤੇ ਵਿਦਿਆ ਨੇ ਕਿਹਾ, ''ਮੇਰੀ ਅਜਿਹੀ ਕੋਸ਼ਿਸ਼ ਨਹੀਂ ਰਹੀ ਕਿ ਫਿਲਮਾਂ ਦੇ ਜ਼ਰੀਏ ਕੋਈ ਸੰਦੇਸ਼ ਦਿੱਤਾ ਜਾਏ। ਫਿਲਮ ਦੇਖਣ ਦੇ ਬਾਅਦ ਜੇ ਤੁਹਾਨੂੰ ਅਜਿਹਾ ਕੁਝ ਲੱਗਾ ਜਿਸ ਨਾਲ ਤੁਸੀਂ ਖੁਦ ਨੂੰ ਜੋੜ ਸਕੋ, ਤਾਂ ਉਹ ਸਾਡੇ ਲਈ ਬੋਨਸ ਹੋਵੇਗਾ। ਅਸੀਂ ਬਸ ਕਹਾਣੀ ਦਰਸ਼ਕਾਂ ਦੇ ਸਾਹਮਣੇ ਲਿਆਉਂਦੇ ਹਾਂ। 'ਜਲਸਾ' ਵਿੱਚ ਨਾ ਸਿਰਫ ਰੁਖਸਾਨਾ (ਸ਼ੇਫਾਲੀ ਸ਼ਾਹ) ਅਤੇ ਮਾਇਆ (ਵਿਦਿਆ ਬਾਲਨ) ਵਰਗੀਆਂ ਔਰਤਾਂ ਦੇ ਲਈ, ਬਲਕਿ ਸਭ ਲਈ ਕੁਝ ਨਾ ਕੁਝ ਹੈ। ਮੇਰਾ ਮੰਨਣਾ ਹੈ ਕਿ ਇਸ ਕਹਾਣੀ ਨਾਲ ਹਰ ਕੋਈ ਖੁਦ ਨੂੰ ਜੋੜ ਸਕੇਗਾ। ਇਹ ਇੱਕ ਸੰਸਾਰਕ ਕਹਾਣੀ ਹੈ, ਜਿਸ ਵਿੱਚ ਦੁਨੀਆ ਭਰ ਦੀਆਂ ਔਰਤਾਂ ਦੇ ਨਾਲ-ਨਾਲ ਮਰਦਾਂ ਦੇ ਲਈ ਵੀ ਕਾਫੀ ਕੁਝ ਹੈ।''

## ਪਹਿਲੀ ਵੈੱਬ ਸੀਰੀਜ਼ ਦੀ ਸ਼ੂਟਿੰਗ ਲਈ ਤਿਆਰ ਸਿਧਾਰਥ




'ਸਿੰਘਮ', 'ਸਿੰਬਾ' ਅਤੇ 'ਸੂਰਿਆਵੰਸ਼ੀ' ਵਰਗੀਆਂ ਫਿਲਮਾਂ ਨਾਲ ਕਾਪ (ਪੁਲਸ) ਫਿਲਮਾਂ ਦਾ ਇੱਕ ਨਵਾਂ ਦੌਰ ਸਥਾਪਤ ਕਰ ਚੁੱਕੇ ਫਿਲਮਕਾਰ ਰੋਹਿਤ ਸ਼ੈੱਟੀ ਦੇ ਪਿਛਲੇ ਕਈ ਦਿਨਾਂ ਤੋਂ ਡਿਜੀਟਲ ਪਲੇਟਫਾਰਮ ਉੱਤੇ ਡੈਬਿਊ ਕਰਨ ਦੀਆਂ ਖਬਰਾਂ ਆ ਰਹੀਆਂ ਸਨ। ਹੁਣ ਰੋਹਿਤ ਆਪਣੀ ਇਸ ਵੈੱਬ ਸੀਰੀਜ਼ ਦੀ ਸ਼ੂਟਿੰਗ ਲਈ ਤਿਆਰ ਹਨ।

ਦੱਸਿਆ ਜਾ ਰਿਹਾ ਹੈ ਕਿ ਰੋਹਿਤ ਦੀ ਪਹਿਲੀ ਵੈੱਬ ਸੀਰੀਜ਼ ਨਾਲ ਸਿਧਾਰਥ ਮਲਹੋਤਰਾ ਵੀ ਡਿਜੀਟਲ ਪਲੇਟਫਾਲਮ ਉੱਤੇ ਆਪਣੀ ਪਾਰੀ ਦੀ ਸ਼ੁਰੂਆਤ ਕਰਨਗੇ। ਰੋਹਿਤ ਦੀ ਪਹਿਲੀ ਵੈੱਬ ਸੀਰੀਜ਼ ਵੀ ਪੁਲਸ ਅਧਿਕਾਰੀ ਦੀ ਕਹਾਣੀ ਉੱਤੇ ਆਧਾਰਤ ਹੋਵੇਗੀ। ਰੋਹਿਤ ਇਸ ਵੈੱਬ ਸੀਰੀਜ਼ ਦੇ ਸ਼ੋਅ ਰਨਰ ਹਨ, ਜਦ ਕਿ ਸ਼ੋਅ ਦਾ ਨਿਰਦੇਸ਼ਨ 'ਦਿਵਲਾਲੇ' ਅਤੇ 'ਸਿੰਬਾ' ਫਿਲਮਾਂ ਵਿੱਚ ਰੋਹਿਤ ਨੂੰ ਅਸਿਸਟ ਕਰ ਚੁੱਕੇ ਸੁਕਸ਼ਾਂਤ ਪ੍ਰਕਾਸ਼ ਕਰ ਰਹੇ ਹਨ।

ਸ਼ੋਅ ਨਾਲ ਜੁੜੇ ਸੂਤਰਾਂ ਮੁਤਾ-ਬਕ ਰੋਹਿਤ ਇਸ ਸ਼ੋਅ ਦੀ ਸ਼ੂਟਿੰਗ ਮੁੰਬਈ ਦੇ ਵਿਲੇ ਪਾਰਲੇ ਸਥਿਤ ਗੋਲਡਨ ਟੋਬੈਕੋ ਫੈਕਟਰੀ ਵਿੱਚ ਕਰਨਗੇ। ਉਹ ਇਹ ਸ਼ੋਅ ਭਾਰਤੀ ਦਰਸ਼ਕਾਂ ਦੇ ਨਾਲ ਵਿਸ਼ਵ ਪੱਧਰੀ ਦਰਸ਼ਕਾਂ ਨੂੰ ਵੀ ਧਿਆਨ ਵਿੱਚ ਰੱਖ ਕੇ ਬਣਾ ਰਹੇ ਹਨ। ਉਥੇ ਨਾਲ ਹੀ ਸਿਧਾਰਥ ਦੀ ਅਗਲੀ ਫਿਲਮ 'ਮਿਸ਼ਨ ਮਜਨੂ' ਦੀ ਵੀ ਰਿਲੀਜ਼ ਡੇਟ ਜਾਰੀ ਕੀਤੀ ਗਈ। ਸਿਧਾਰਥ ਅਤੇ ਰਸ਼ਮਿਕਾ ਮੰਦਾਨਾ ਦੀ ਇਹ ਫਿਲਮ 10 ਜੂਨ ਨੂੰ ਰਿਲੀਜ਼ ਹੋਵੇਗੀ।

## ਜਦ ਉਤਸੁਕਤਾ ਖਤਮ ਹੋ ਜਾਵੇਗੀ, ਤਦ ਕੰਮ ਛੱਡ ਦਿਆਂਗਾ : ਅਕਸ਼ੈ ਕੁਮਾਰ



ਅਭਿਨੇਤਾ ਅਕਸ਼ੈ ਕੁਮਾਰ ਉਨ੍ਹਾਂ ਕਲਾਕਾਰਾਂ ਵਿੱਚੋਂ ਹਨ, ਜੋ ਲਗਾਤਾਰ ਕੰਮ ਕਰ ਰਹੇ ਹਨ। ਉਨ੍ਹਾਂ ਦੀਆਂ ਪੰਜ ਫਿਲਮਾਂ ਤਿਆਰ ਹਨ। ਛੇਵੀਂ ਫਿਲਮ ਦੀ ਸ਼ੂਟਿੰਗ ਉਹ 'ਬੱਚਨ ਪਾਂਡੇ' ਦੀ ਰਿਲੀਜ਼ ਦੇ ਅਗਲੇ ਦਿਨ ਸ਼ੁਰੂ ਕਰ ਦੇਣਗੇ। ਮੁੰਬਈ ਵਿੱਚ 'ਬੱਚਨ ਪਾਂਡੇ' ਦਾ ਟ੍ਰੇਲਰ ਅਤੇ ਗਾਣਾ 'ਬੇਵਫਾ...' ਲਾਂਚ ਕੀਤਾ ਗਿਆ। ਇਸ ਦੌਰਾਨ ਅਕਸ਼ੈ ਕੁਮਾਰ, ਜੈਕਲਿਨ ਫਰਨਾਂਡੀਜ਼, ਕ੍ਰਿਤੀ ਸਨਨ ਅਤੇ ਅਰਸ਼ਦ ਵਾਰਸੀ ਮੌਜੂਦ ਰਹੇ। ਇਸ ਮੌਕੇ ਉੱਤੇ ਅਕਸ਼ੈ ਕੁਮਾਰ ਨੇ ਕਿਹਾ ''ਲੋਕ ਮੈਨੂੰ ਹੈਰਾਨੀ ਨਾਲ ਦੇਖਦੇ ਹਨ ਕਿ ਮੈਂ ਇੰਨੀਆਂ ਫਿਲਮਾਂ ਕਰਦਾ ਹਾਂ। ਮੈਨੂੰ ਵੀ ਹੈਰਾਨੀ ਹੁੰਦੀ ਹੈ ਕਿ ਕੰਮ ਨਾ ਕਰਾਂ ਤਾਂ ਹੋਰ ਕੀ ਕਰਾਂ। ਮੈਂ ਉਸ ਦਿਨ ਕੰਮ ਛੱਡ ਦਿਆਂਗਾ, ਜਿਸ ਰਾਤ ਸੌਣ ਤੋਂ ਪਹਿਲਾਂ ਲੱਗੇਗਾ ਕਿ ਸਵੇਰੇ ਕੰਮ ਉੱਤੇ ਨਹੀਂ ਜਾਣਾ। ਜਦ ਤੱਕ ਰਾਤ ਨੂੰ ਸੌਣ ਤੋਂ ਪਹਿਲਾਂ ਅਗਲੇ ਦਿਨ ਕੰਮ ਉੱਤੇ ਜਾਣ ਦੀ ਉਤਸੁਕਤਾ ਬਣੀ ਰਹੇਗੀ, ਤਦ ਤੱਕ

## ਮਰਹੂਮ ਰਿਸ਼ੀ ਕਪੂਰ ਦੀ ਆਖਰੀ ਫਿਲਮ 'ਸ਼ਰਮਾ ਜੀ ਨਮਕੀਨ' ਓ ਟੀ ਟੀ ਉੱਤੇ ਹੋਵੇਗੀ ਰਿਲੀਜ਼



ਮਰਹੂਮ ਬਾਲੀਵੁੱਡ ਅਭਿਨੇਤਾ ਰਿਸ਼ੀ ਕਪੂਰ ਦੀ ਆਖਰੀ ਫਿਲਮ 'ਸ਼ਰਮਾ ਜੀ ਨਮਕੀਨ' ਓ ਟੀ ਟੀ ਪਲੇਟਫਾਰਮ ਉੱਤੇ ਰਿਲੀਜ਼ ਹੋਣ ਜਾ ਰਹੀ ਹੈ ਜਿਸ ਦਾ ਪ੍ਰੀਮੀਅਰ 31 ਮਾਰਚ ਨੂੰ ਹੋਵੇਗਾ। ਇਹ ਫਿਲਮ ਇੱਕ ਤਾਜ਼ਾ ਤਾਜ਼ਾ ਸੇਵਾਮੁਕਤ ਹੋਏ ਵਿਅਕਤੀ ਦੀ ਕਹਾਣੀ ਹੈ, ਜੋ ਔਰਤਾਂ ਦੇ 'ਕਿੱਟੀ ਗਰੁੱਪ' ਵਿੱਚ ਸ਼ਾਮਲ ਹੋ ਕੇ ਆਪਣੇ ਖਾਣਾ ਬਣਾਉਣ ਦੇ ਹੁਨਰ ਨੂੰ ਤਰਾਸ਼ਦਾ ਹੈ। ਹਿਤੇਸ਼ ਭਾਟੀਆ ਦੇ ਨਿਰਦੇਸ਼ਨ ਹੇਠ ਬਮਣੀ ਇਸ ਫਿਲਮ ਵਿੱਚ ਪਰੇਸ਼ ਰਾਵਲ ਸਣੇ ਜੂਹੀ ਚਾਵਲਾ, ਸਤੀਸ਼ ਕੌਸ਼ਿਕ, ਸ਼ੀਬਾ ਚੱਢਾ ਅਤੇ ਈਸ਼ਾ ਤਲਵਾੜ ਨਜ਼ਰ ਆਉਣਗੇ। ਇਸ ਫਿਲਮ ਦਾ ਨਿਰਮਾਣ ਰਿਤੇਸ਼ ਸਿਧਵਾਨੀ ਤੇ ਫਰਹਾਨ ਅਖਤਰ ਵੱਲੋਂ ਮੈਕਗਫਿਨ ਪਿਕਚਰਜ਼ ਦੇ ਹਨੀ ਤ੍ਰੇਹਨ ਤੇ ਅਭਿਸ਼ੇਕ ਚੌਬੇ ਦੀ ਮਦਦ ਨਾਲ ਐਕਸਲ ਇੰਟਰਟੇਨਮੈਂਟ ਦੇ ਬੈਨਰ ਹੇਠ ਕੀਤਾ ਗਿਆ ਹੈ। ਐਕਸਲ ਇੰਟਰਟੇਨਮੈਂਟ ਦੇ ਸਹਿ-ਸੰਸਥਾਪਕ ਰਿਤੇਸ਼ ਸਿਧਵਾਨੀ ਨੇ ਕਿਹਾ, ''ਅਸੀਂ ਹਮੇਸ਼ਾ ਐਕਸਲ ਉੱਤੇ ਘੜਮੱਸ ਪਾਉਣ ਵਾਲੀ ਕਹਾਣੀ ਅਤੇ ਜੀਵਨ ਦੇ ਅਜਿਹੇ ਕਿਰਦਾਰਾਂ ਨੂੰ ਲਿਆਉਂਦੇ ਹਾਂ ਜਿਹੜੇ ਯਾਦਗਾਰੀ ਅਤੇ ਦਿਲ ਟੁੰਬਣ ਵਾਲੇ ਹੋਣ।'' 'ਸ਼ਰਮਾ ਜੀ ਨਮਕੀਨ' ਇੱਕ ਅਜਿਹੇ ਵਿਅਕਤੀ ਦੀ ਕਹਾਣੀ ਹੈ, ਜੋ ਜ਼ਿੰਦਗੀ ਦੇ ਨਵੇਂ ਅਰਥ ਲੱਭਣ ਦੀ ਕੋਸ਼ਿਸ਼ ਕਰਦਾ ਹੈ।

## ਖੁਦ ਨੂੰ ਖੁਸ਼ਕਿਸਮਤ ਸਮਝਦੀ ਹਾਂ : ਪ੍ਰੱਗਿਆ

ਇਸ ਸਾਲ 23 ਜਨਵਰੀ ਨੂੰ ਲਾਂਚ ਕੀਤੇ ਮਿਊਜ਼ਿਕ ਵੀਡੀਓ 'ਮੈਂ ਚਲਾ' ਨੂੰ ਲੈ ਕੇ ਇਨ੍ਹੀਂ ਦਿਨੀਂ ਸਲਮਾਨ ਖਾਨ ਤੇ ਪ੍ਰੱਗਿਆ ਜੈਸਵਾਲ ਕਾਫੀ ਸੁਰਖੀਆਂ ਵਿੱਚ ਹਨ। ਉਨ੍ਹਾਂ ਦਾ ਇਹ ਮਿਊਜ਼ਿਕ ਵੀਡੀਓ ਜਬਰਦਸਤ ਧੁੰਮ ਮਚਾ ਰਿਹਾ ਹੈ। ਖਾਸਕਰ ਕੇ ਇਸ ਵਿੱਚ ਪ੍ਰੱਗਿਆ ਦਾ ਰੋਮਾਂਟਿਕ ਅੰਦਾਜ ਦਰਸ਼ਕਾਂ ਨੂੰ ਖੂਬ ਪਸੰਦ ਆ ਰਿਹਾ ਹੈ। ਦਰਅਸਲ ਇਹ ਗਾਣਾ 'ਅੰਤਿਮ : ਦ ਫਾਈਨਲ ਟਰੁੱਥ' ਲਈ ਸ਼ੂਟ ਹੋਇਆ ਸੀ, ਪਰ ਉਹ ਇੰਨਾ ਸ਼ਾਨਦਾਰ ਬਣਿਆ ਕਿ ਸਲਮਾਨ ਨੇ ਉਸ ਨੂੰ ਮਿਊਜ਼ਿਕ ਵੀਡੀਓ ਦੇ ਰੂਪ ਵਿੱਚ ਲਾਂਚ ਕੀਤਾ। ਇਸ ਮਿਊਜ਼ਿਕ ਵੀਡੀਓ ਵਿੱਚ ਸਲਮਾਨ ਖਾਨ ਅਤੇ ਪ੍ਰੱਗਿਆ ਦੇ ਇਲਾਵਾ ਗੁਰੂ ਰੰਧਾਵਾ ਤੇ ਯੂਲੀਆ ਵੇਂਤੂਰ ਵੀ ਨਜ਼ਰ ਆਏ ਹਨ, ਜਿਨ੍ਹਾਂ ਨੇ ਇਸ ਦੇ ਲਈ ਆਪਣੀ ਆਵਾਜ਼ ਦਿੱਤੀ ਹੈ। ਪ੍ਰੱਗਿਆ ਨੂੰ ਇੱਕੋ ਸਮੇਂ ਤਮਿਲ ਫਿਲਮ 'ਵਿਰਾਟੂ', ਤੇਲਗੂ ਫਿਲਮ 'ਦੇਗਾ' ਤੇ ਬਾਲੀਵੁੱਡ ਦੀ ਫਿਲਮ 'ਟੀਟੂ ਐੱਮ ਬੀ ਏ' ਦੇ ਆਫਰ ਮਿਲ ਗਏ। ਉਸ ਦੇ ਬਾਅਦ ਉਸ ਨੇ ਅੱਠ ਤੇਲਗੂ ਫਿਲਮਾਂ 'ਮਿਰਚੀ ਲਾਂਟੀ ਕਰਾਡੂ', 'ਕੰਚੇ', 'ਓਮ ਨਮੋ ਵੈਂਕਟੇਸੈਯਾ', 'ਗੁੰਟਰੋਡੂ', 'ਨਕਸ਼ਤਰਮ', 'ਜੈ ਜਾਨਕੀ ਨਾਇਕਾ', 'ਅਚਾਰੀ ਅਮਰੀਕਾ ਯਾਤਰ'ਅਤੇ 'ਅਖੰਡ' ਕੀਤੀਆਂ। ਪੀਰੀਅਡ ਡਰਾਮਾ 'ਕੰਚੇ' ਨੂੰ ਕ੍ਰਿਸ਼ ਨੇ ਡਾਇਰੈਕਟ ਕੀਤਾ ਸੀ। ਇਸ ਲਈ ਪ੍ਰੱਗਿਆ ਨੂੰ ਬੈਸਟ ਫੀਮੇਲ ਡੈਬਿਊ ਫਿਲਮ ਫੇਅਰ ਦਾ ਐਵਾਰਡ ਸਾਊਥ ਮਿਲਿਆ ਸੀ। ਫਿਲਮ ਨੂੰ ਨੈਸ਼ਨਲ ਐਵਾਰਡ ਵੀ ਮਿਲਿਆ। ਅੱਜ ਪ੍ਰੱਗਿਆ ਸਾਊਥ ਵਿੱਚ ਸਿਨੇਮਾ ਦੀ ਮੰਨੀ-ਪ੍ਰਮੰਨੀ ਅਭਿਨੇਤਰੀ ਹੈ। 'ਟੀਟੂ ਐੱਮ ਬੀ ਏ' ਦੇ ਪਿੱਛੋਂ ਪ੍ਰੱਗਿਆ ਨੂੰ ਇੱਕ ਹੋਰ ਹਿੰਦੀ ਫਿਲਮ ਦਾ ਆਫਰ ਮਿਲ ਗਿਆ, ਪਰ ਉਸ ਨੇ ਸੈਕਿੰਡ ਲੀਡ ਹੋਣ ਦੇ ਕਾਰਨ ਉਸ ਆਫਰ ਨੂੰ ਠੁਕਰਾ ਦਿੱਤਾ ਕਿਉਂਕਿ ਸਾਊਥ ਵਿੱਚ ਬਤੌਰ ਲੀਡ ਅਭਿਨੇਤਰੀ ਉਹ ਲਾਂਚ ਹੋਈ ਸੀ। ਇਸ ਲਈ ਦਿਲੀ ਖਾਹਿਸ਼ ਸੀ ਕਿ ਬਾਲੀਵੁੱਡ ਵਿੱਚ ਵੀ ਮੇਨ ਲੀਡ ਵਾਲੇ ਕਰੈਕਟਰ ਹੀ ਨਿਭਾਏ। ਪਿਛਲੇ ਸਾਲ ਆਖਰੀ ਵਾਰ ਪ੍ਰੱਗਿਆ ਤੇਲਗੂ ਫਿਲਮ 'ਅਖੰਡ' ਵਿੱਚ ਨਜ਼ਰ ਆਈ। ਇਸ ਵਿੱਚ ਉਸ ਨੇ ਬੇਹੱਦ ਸ਼ਾਨਦਾਰ ਅੰਦਾਜ਼ ਵਿੱਚ ਇੱਕ ਲੇਡੀ ਪੁਲਸ ਅਫਸਰ ਦਾ ਕਿਰਦਾਰ ਨਿਭਾਇਆ। ਇਸ ਫਿਲਮ ਦੀ ਸਫਲਤਾ ਦੇ ਬਾਅਦ ਉਹ ਕਾਫੀ ਜ਼ਿਆਦਾ ਉਤਸ਼ਾਹਤ ਹੈ। ਪੇਸ਼ ਪ੍ਰੱਗਿਆ ਜੈਸਵਾਲ ਨਾਲ ਹੋਈ ਗੱਲਬਾਤ ਦੇ ਕੁਝ ਅੰਸ਼-



* ਪਹਿਲਾਂ ਆਪਣੇ ਬਾਰੇ ਕੁਝ ਦੱਸੋ?

- ਮੈਂ ਮੱਧ ਪ੍ਰਦੇਸ਼ ਦੇ ਜਬਲਪੁਰ ਦੀ ਰਹਿਣ ਵਾਲੀ ਹਾਂ ਤੇ ਸਿੰਬੋਸਿਸ ਲਾਅ ਯੂਨੀਵਰਸਿਟੀ ਪੁਣੇ ਤੋਂ ਲਾਅ ਵਿੱਚ ਬੈਚਲਰ ਡਿਗਰੀ ਕੀਤੀ ਹੈ। ਉਸ ਦੇ ਬਾਅਦ ਨੌਕਰੀ ਲਈ ਮੁੰਬਈ ਆ ਗਈ ਸੀ। ਨੌਕਰੀ ਲੱਭਣ ਦੇ ਨਾਲ ਮਾਡਲਿੰਗ ਕਰਦੀ ਰਹੀ। ਪਤਾ ਨਹੀਂ ਕਦੋਂ ਕਿਸ ਤਰ੍ਹਾਂ ਐਕਟਿੰਗ ਪ੍ਰਤੀ ਦਿਲਚਸਪੀ ਜਾਗੀ ਤਾਂ ਫਿਲਮਾਂ ਲਈ ਐਡੀਸ਼ਨ ਦੇਣੇ ਸ਼ੁਰੂ ਕਰ ਦਿੱਤੇ।

* ਤੁਹਾਡੀ ਤੇਲਗੂ ਫਿਲਮ 'ਅਖੰਡ' ਜਬਰਦਸਤ ਹਿੱਟ ਸਾਬਿਤ ਹੋਈ। ਤੁਸੀਂ ਕਿਹੋ ਜਿਹਾ ਮਹਿਸੂਸ ਕਰ ਰਹੇ ਹੋ?

- 'ਅਖੰਡ' ਵਿੱਚ ਮੇਰੇ ਕਿਰਦਾਰ ਵਿੱਚ ਕਾਫੀ ਵੈਰੀਏਸ਼ਨ ਸਨ। ਮੈਂ ਕਦੇ ਸੁਫਨੇ ਵਿੱਚ ਵੀ ਨਹੀਂ ਸੋਚਿਆ ਸੀ ਕਿ ਮੇਰਾ ਇਹ ਕਿਰਦਾਰ ਲੋਕਾਂ ਨੂੰ ਇਸ ਤਰ੍ਹਾਂ ਪਸੰਦ ਆਏਗਾ। ਮੈਨੂੰ ਦਰਸ਼ਕਾਂ ਦੇ ਨਾਲ ਫਿਲਮ ਇੰਡਸਟਰੀ ਦੇ ਲੋਕਾਂ ਤੋਂ ਵੀ ਇਸ ਦੀ ਕਾਫੀ ਪ੍ਰਸ਼ੰਸਾ ਮਿਲੀ ਹੈ। ਮੈਂ ਖੁਦ ਨੂੰ ਖੁਸ਼ਕਿਸਮਤ ਮੰਨਦੀ ਹਾਂ। ਮੈਂ ਕਦੇ ਨਹੀ ਸੋਚਿਆ ਸੀ ਕਿ ਦਰਸ਼ਕ ਮੈਨੂੰ ਇਸ ਤਰ੍ਹਾਂ ਸਿਰ ਅੱਖਾਂ ਉੱਤੇ ਬਿਠਾ ਲੈਣਗੇ। ਜਿਸ ਤਰ੍ਹਾਂ ਦਰਸ਼ਕਾਂ ਨੇ ਫਿਲਮ ਤੇ ਮੈਨੂੰ ਐਪਰੀਸ਼ੀਏਟ ਕੀਤਾ ਹੈ, ਉਸ ਨੂੰ ਲੈ ਕੇ ਮੈਂ ਕਾਫੀ ਰੋਮਾਂਚਿਤ ਹਾਂ। ਇਸ ਪ੍ਰਤੀਕਿਰਿਆ ਨੇ ਮੈਨੂੰ ਇੱਕ ਨਵੀਂ ਤਾਕਤ ਦਿੱਤੀ ਹੈ।

* ਸਲਮਾਨ ਖਾਨ ਦੇ ਨਾਲ ਵਾਲਾ ਤੁਹਾਡਾ ਮਿਊਜ਼ਿਕ ਵੀਡੀਓ 'ਮੈਂ ਚਲਾ' ਕਾਫੀ ਧੁੰਮ ਮਚਾ ਰਿਹਾ ਹੈ। ਤੁਹਾਨੂੰ ਇਹ ਮੌਕਾ ਕਿਸ ਤਰ੍ਹਾਂ ਮਿਲਿਆ?

- ਇਸ ਦੇ ਲਈ ਮੈਨੂੰ ਸਲਮਾਨ ਸਰ ਦੀ ਕ੍ਰਿਏਟਿਵ ਟੀਮ ਨੇ ਲੱਭਿਆ ਸੀ। ਉਸ ਟੀਮ ਦੇ ਕਾਰਨ ਹੀ ਮੈਨੂੰ ਐਡੀਸ਼ਨ ਦਾ ਮੌਕਾ ਮਿਲਿਆ। ਸਲਮਾਨ ਸਰ ਦੇ ਨਾਲ ਸਕਰੀਨ ਸਪੇਸ ਮਿਲਣਾ ਮੇਰੇ ਲਈ ਬਹੁਤ ਵੱਡੀ ਗੱਲ ਹੈ।

* ਕਿਹਾ ਜਾਂਦਾ ਹੈ ਕਿ ਇਹ ਗੀਤ ਸਲਮਾਨ ਨੇ ਆਪਣੀ ਫਿਲਮ 'ਅੰਤਿਮ : ਦ ਫਾਈਨਲ ਟਰੁੱਥ' ਲਈ ਫਿਲਮਾਇਆ ਸੀ, ਪਰ ਆਖਰ ਇਸ ਨੂੰ ਫਿਲਮ ਵਿੱਚ ਜਗ੍ਹਾ ਨਾ ਦੇ ਕੇ ਬੌਤਰ ਸਿੰਗਲ ਰਿਲੀਜ਼ ਕੀਤਾ?

- ਜੀ ਬਿਲਕੁਲ। ਦਰਅਸਲ ਸ਼ੂਟ ਦੇ ਦੌਰਾਨ ਸਲਮਾਨ ਸਰ ਨੂੰ ਲੱਗਾ ਕਿ ਇਸ ਨੂੰ ਮਿਊਜ਼ਿਕ ਵੀਡੀਓ ਦੇ ਰੂਪ ਵਿੱਚ ਲਾਂਚ ਕਰਨਾ ਜ਼ਿਆਦਾ ਬਿਹਤਰ ਹੋਵੇਗਾ। ਉਹ ਨਹੀਂ ਚਾਹੁੰਦੇ ਸਨ ਕਿ ਫਿਲਮ ਦੇ ਛੋਟੇ ਜਿਹੇ ਗੀਤ ਵਿੱਚ ਮੈਨੂੰ ਵੇਸਟ ਕੀਤਾ ਜਾਏ। ਉਨ੍ਹਾਂ ਨੇ ਮੈਨੂੰ ਆਪਣੇ ਪ੍ਰੋਡਕਸ਼ਨ ਦੀ ਅਗਲੀ ਫਿਲਮ ਦੇ ਲਈ ਫੁਲ ਫਲੈਜ਼ਡ ਰੋਲ ਦਾ ਵਾਅਦਾ ਕੀਤਾ ਹੈ।

* ਤਾਂ ਕੀ ਕੈਟਰੀਨਾ ਕੈਫ ਅਤੇ ਜੈਕਲਿਨ ਫਰਨਾਂਡੀਜ਼ ਦੀ ਤਰ੍ਹਾਂ ਸਲਮਾਨ ਖਾਨ ਤੁਹਾਡੇ ਤੋਂ ਵੀ ਕਾਫੀ ਪ੍ਰਭਾਵਤ ਹੋਏ ਹਨ?

- ਇਹ ਤਾਂ ਮੈਂ ਨਹੀਂ ਕਹਿ ਸਕਦੀ ਕਿ ਸਲਮਾਨ ਸਰ ਮੇਰੇ ਤੋਂ ਕਿੰਨੇ ਪ੍ਰਭਾਵਤ ਹੋਏ, ਪਰ ਮਹਾਬਲੇਸ਼ਵਰ ਵਿੱਚ ਇਸ ਗੀਤ ਦੇ ਪਹਿਲੇ ਸ਼ਾਟ ਨੂੰ ਪਿਕਚਰਾਈਜ਼ ਕਰਨ ਦੇ ਬਾਅਦ ਜਦ ਉਨ੍ਹਾਂ ਨੇ ਮਾਨਿਸਟਰ ਪ੍ਰੇਮ ਉੱਤੇ ਫਿਲਮਾਏ ਸੀਨ ਨੂੰ ਦੇਖਿਆ ਤਾਂਉਹ ਕਾਫੀ ਖੁਸ਼ ਹੋਏ ਅਤੇ ਉਨ੍ਹਾਂ ਨੇ ਮੇਰੀ ਤਾਰੀਫ ਕਰਦੇ ਹੋਏ ਕਿਹਾ ਸੀ ਕਿ ਇੰਝ ਹੀ ਹਾਰਡ ਵਰਕ ਕਰਦੇ ਰਹਿਣਾ। ਇਸ ਦਾ ਕੋਈ ਬਦਲ ਨਹੀਂ ਹੁੰਦਾ।




## Urgently Need New Listings in Brampton/Caledon

visit: www.teamjagaujla.com

Call **JAG AUJLA**
MCNE, REAL ESTATE BROKER
DIR: 416-371-7777
j.aujla@rogers.com www.jagaujla.com
Follow Us:

**CALL JAG FOR A QUICK & FREE HOME EVALUATION**
www.BramptonTopRealtor.com www.BramptonTopAgent.com

**RECENTLY LISTED/SOLD IN YOUR NEIGHBOURHOOD BY JAG AUJLA**

**JUST LISTED FOR SALE** — BRANTFORD, ONTARIO — Call Jag Aujla For Details
* Premium Lot
* Approx. 2 Years New
* Over 2500 Square Feet
* 4 Bedroom + 3 W.R.
* Family Room Open To Above
* Computer Loft
* Main Floor Laundry
* Loaded With Upgrades

**JUST LISTED FOR SALE** — BRAMPTON, ONTARIO — Call Jag Aujla For Details
* 70 Feet Wide Prem. Lot
* 4+2 Bedrooms + 6 Washroom + Upgraded
* 2 Bedroom Legal Basement Apt.
* Fully Renovated
* Approx 4000 S/F Living space
* Almost Everything New

* Spent over $200k on upgrades

SOLD $215,000 OVER ASKING IN 2 DAYS — 42 Lawnview Crt, Sandalwood / Hwy 10 / Braidwood
SOLD $101,000 OVER ASKING IN 2 DAYS — 11 Germain Circ, Miss.Rd/ William Pkwy/ Bovaird
SOLD $165,000 OVER ASKING IN 2 DAYS — 5 Mitchell Ave, Sandalwood/ Conestoga/ Dalzell
SOLD @101% OF ASKING PRICE — 12 Laurelcrest St, Queen / Laurelcrest / Hwy 410
SOLD $260,000 OVER ASKING IN 4 DAYS — 10 Lady Stewart Blvd, Howden / William Pkwy/ Hwy 410
SOLD @99% OF ASKING PRICE — 11 Van Hoof Crest, Castlemore/ Goreway / Latania
SOLD $121,000 OVER ASKING IN 6 DAYS Caledon — 42 Pinedale Ave, Kennedy / Dougall
SOLD $73,000 OVER ASKING IN 6 DAYS Shelbourne — 416 Olde Village Lane, Hwy 89 / Greenwood
SOLD $355,000 OVER ASKING IN 4 DAYS — 37 Esker Dr, Heart Lake Rd/Sandalwood Pkwy

**FREE**
✓ Full MLS Services
✓ Consistently Marketing Your Property Until SOLD
✓ Staging Consultation
✓ Billboard, Flyer, Newspaper
✓ Online Promotion
✓ Professional Pictures and Virtual Tour
✓ Social media & Radio Advertisement
✓ Open House Until Sold
✓ Competitive Rates, Exceptional Service & Award Winning Results

RE/MAX Realty Specialists Inc. Brokerage (Independently Owned and Operated)
Off: 905-456-3232
Call JAG AUJLA DIR: 416-371-7777
MCNE, REAL ESTATE BROKER — NOT INTENDED TO SOLICIT BUYERS OR SELLER CURRENTLY UNDER CONTRACT — March 2022



## ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ

ਅਵਤਾਰ ਸਿੰਘ ਟਿਵਾਣਾ

- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection

Avtar Singh Tiwana
Sales Representative
Tel: 905.793.5777
416.802.5866
31 Melanie Dr. Unit #4 Brampton, ON L6T 5H8

SOLD — $1,399,999 — CASTLEMORE/GOREWAY
ਬਰੈਂਪਟਨ ਵਿਚ ਬਹੁਤ ਹੀ ਸੋਹਣਾ ਅਤੇ ਸਾਫ਼ ਸੁਥਰਾ 3500-5000 ਵਰਗ ਦਾ 4 ਬੈਡਰੂਮ ਅਤੇ 5 ਵਾਸ਼ਰੂਮ ਦਾ ਘਰ, ਫਿਨਿਸ਼ਡ ਬੇਸਮੈਂਟ ਵਿਚ ਕਿਚਨ ਅਤੇ ਸੈਪਰੇਟ ਐਂਟਰੈਂਸ, ਮੇਨ ਫਲੋਰ 'ਤੇ 9 ਫੁੱਟ ਦੀ ਸੀਲਿੰਗ,ਫਾਰਮਲ ਲਿਵਿੰਗ, ਡਾਇਨਿੰਗ ਅਤੇ ਫੈਮਿਲੀ ਰੂਮ, ਮੇਨ ਫਲੋਰ ਤੇ ਡੇਨ, ਅਪਗ੍ਰੇਡ ਕਿਚਨ ਅਤੇ ਗਰੇਨਾਈਟ ਕਾਊਂਟਰ ਟਾਪ, 2 ਫਰਿਜ, 2 ਸਟੋਵ, 1 ਡਿਸ਼ਵਾਸ਼ਰ, ਕੱਪੜੇ ਧੋਣ ਲਈ ਮੇਨ ਫਲੋਰ 'ਤੇ ਵਾਸ਼ਰ ਅਤੇ ਡਰਾਈਅਰ, 4 ਕਾਰ ਪਾਰਕਿੰਗ ਨਾਲ ਡਬਲ ਡੋਰ ਗਰਾਜ। ਸਾਰੀਆਂ ਸਹੂਲਤਾਂ ਦੇ ਨੇੜੇ

FOR SALE — $1,749,900 — 8337 ਗਲਫ ਲਾਈਨ
401 & ਗਲਫ ਲਾਈਨ ਏਰੀਆ ਵਿਚ 2.61 ਏਕੜ ਲਾਟ ਵਿਚ ਬਣਿਆ ਬਹੁਤ ਹੀ ਸੁੰਦਰ ਘਰ। ਜਿਸ ਵਿਚ 2 ਬੈਡਰੂਮ, 1 ਵਾਸ਼ਰੂਮ ਹੈ। ਆਪਣਾ ਮਨਪਸੰਦ ਦਾ ਕਸਟਮ ਡਰੀਮ ਹਾਊਸ ਬਣਾਉਣ ਲਈ ਪਰਮਿਟ ਅਪਰੂਵਡ। ਹਾਈਵੇ 410 ਅਤੇ ਟਾਊਨ ਆਫ ਮਿਲਟਨ ਦੇ ਨਜ਼ਦੀਕ। ਏਅਰਪੋਰਟ ਤੋਂ ਕੁਝ ਹੀ ਮਿੰਟਾਂ ਦੀ ਦੂਰੀ ਉਤੇ। ਹੋਰ ਜਿਆਦਾ ਜਾਣਕਾਰੀ ਲਈ ਕਾਲ ਕਰੋ: 416-802-5866

FOR SALE — $1,950,000 — 26 Yellow RomeRd
ਕੈਸਲਮੋਰ/ਗੋਰਵੇ
ਕੈਸਲਮੋਰ/ਗੋਰਵੇ ਦੇ ਏਰੀਆ ਵਿਚ ਬਹੁਤ ਹੀ ਸੁੰਦਰ ਫੁਲੀ ਅਪਗ੍ਰੇਡਡ ਘਰ। 4 ਬੈਡਰੂਮ ਵਿਦ ਇਨਸੂਟ ਅਤੇ ਵਾਕਇਨ ਕਲਾਜਿਟ, ਮਾਡਰਨ ਕਿਚਨ ਗ੍ਰੇਨਾਈਟ ਕਊਂਟਰ ਟਾਪ ਦੇ ਨਾਲ। 2 ਬੈਡਰੂਮਜ਼ ਦੀ ਫਿਨਿਸ਼ਡ ਬੇਸਮੈਂਟ ਵਿਦ ਸੈਪਰੇਟ ਐਂਟਰੈਂਸ, 6 ਵਾਸ਼ਰੂਮ, 2 ਫਰਿਜ, 2 ਸਟੋਵ, ਦੂਸਰੀ ਮੰਜ਼ਲ ਉਤੇ ਲਾਊਂਡਰੀ ਅਤੇ ਹੋਰ ਬਹੁਤ ਸਾਰੀਆਂ ਸਹੂਲਤਾਂ ਦੇ ਨਾਲ



jobs! jobs! jobs! jobs! jobs!

DUNDAS-JAFINE

## HELP WANTED
### ਕਾਮਿਆਂ ਦੀ ਲੋੜ
### ਜਨਰਲ ਲੇਬਰ ਦਾ ਕੰਮ ਉਪਲੱਬਧ ਹੈ

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
Afternoon and Midnight Shifts Available.

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:
80 West Drive, Brampton

Apply In Person to complete application in the Shipping Department



ORDER ONLINE TODAY !!!
WWW.ASIANFOODCENTRE.COM
FREE PICK UP!!!
HOME DELIVERY ALSO AVAILABLE !!!

afc
ASIAN FOOD CENTRE

VEGETARIAN FOOD
HEALTHY EATING

FRESH & LARGE VARIETY
Bread, Dairy & Eggs
Branded Foods
Fruits & Vegetables
Beverages & Confectionery
Grocery & Staples
Sweet & Samosas

SERVING FROM ALL LOCATIONS IN GTA AREA:

10 Westmore Drive
Etobicoke ON M9V-3Z7
416-740-3262

21 Lacoste Blvd,
Brampton, ON L6P 2K2
905 794-8109

621 Wanless drive, # 122
Brampton ON L7A 0A9
905-495-3336

1075 Ceremonial Drive
Mississauga ON L5R 2Z4
905-502-1600

80 Pertosa Drive
Brampton ON L5X-5E9
905-460-0009

10510 Torbram Road,
Brampton
905-790-0030

2120 North park Drive
Brampton ON L6S 0C9
905-793-1338

10 Pannahill Dr,
Brampton
905 913-8017